ਮੰਗਲਵਾਰ, 16 ਦਸੰਬਰ, 2025
2 ਪੋਹ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 196

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 16 DECEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮਨਰੇਗਾ ਦੀ ਥਾਂ 'ਜੀ ਰਾਮ ਜੀ'

## ਕੇਂਦਰ ਵੱਲੋਂ ਪੇਂਡੂ ਰੁਜ਼ਗਾਰ ਗਰੰਟੀ ਸਕੀਮ ਦਾ ਭੋਗ ਪਾਉਣ ਦੀ ਤਿਆਰੀ : ਆਪੋਜ਼ੀਸ਼ਨ



**ਨਵੀਂ ਦਿੱਲੀ** : ਮਹਾਤਮਾ ਗਾਂਧੀ ਨੈਸ਼ਨਲ ਰੂਰਲ ਐਂਪਲਾਇਮੈਂਟ ਗਾਰੰਟੀ ਐਕਟ (ਮਨਰੇਗਾ) ਨੂੰ ਰੱਦ ਕਰਨ ਅਤੇ ਇਸ ਦੀ ਥਾਂ ਨਵਾਂ ਪੇਂਡੂ ਰੁਜ਼ਗਾਰ ਕਾਨੂੰਨ ਲਿਆਉਣ ਵਾਲੇ ਬਿੱਲ ਨੂੰ ਲੈ ਕੇ ਆਪੋਜ਼ੀਸ਼ਨ ਨੇ ਸਰਕਾਰ ਨੂੰ ਘੇਰਿਆ। ਆਪੋਜ਼ੀਸ਼ਨ ਸਾਂਸਦਾਂ ਨੇ ਸਵਾਲ ਕੀਤਾ ਕਿ ਨਵੇਂ ਬਿੱਲ ਰਾਹੀਂ ਰਾਸ਼ਟਰਪਿਤਾ ਦਾ ਨਾਂਅ ਕਿਉਂ ਹਟਾਇਆ ਜਾ ਰਿਹਾ ਹੈ।

'ਵਿਕਸਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਅਤੇ ਆਜੀਵਿਕਾ ਮਿਸ਼ਨ (ਗ੍ਰਾਮੀਣ) (ਵੀ ਬੀ-ਜੀ ਰਾਮ ਜੀ) ਬਿੱਲ, 2025' ਨੂੰ ਸੋਮਵਾਰ ਜਾਰੀ ਕੀਤੀ ਗਈ ਲੋਕ ਸਭਾ ਦੀ ਕਾਰੋਬਾਰ ਦੀ ਸਪਲੀਮੈਂਟਰੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਬਿੱਲ 2005 ਦੇ ਮਹਾਤਮਾ ਗਾਂਧੀ ਨੈਸ਼ਨਲ ਰੂਰਲ ਐਂਪਲਾਇਮੈਂਟ ਗਾਰੰਟੀ ਐਕਟ ਨੂੰ ਰੱਦ ਕਰਨ ਅਤੇ 'ਵਿਕਸਤ ਭਾਰਤ 2047 ਦੇ ਰਾਸ਼ਟਰੀ ਦ੍ਰਿਸ਼ਟੀਕੋਣ ਦੇ ਨਾਲ ਜੁੜੇ ਇੱਕ ਪੇਂਡੂ ਵਿਕਾਸ ਢਾਂਚੇ' ਦੀ ਸਥਾਪਨਾ ਕਰਨ ਦੀ ਮੰਗ ਕਰਦਾ ਹੈ, ਜਿਸ ਵਿੱਚ ਹਰ ਪੇਂਡੂ ਪਰਵਾਰ ਨੂੰ, ਜਿਸ ਦੇ ਬਾਲਗ ਮੈਂਬਰ ਅਕੁਸ਼ਲ ਮੈਨੂਅਲ ਕੰਮ ਕਰਨ ਲਈ ਸਵੈ-ਇੱਛਾ ਨਾਲ ਅੱਗੇ ਆਉਂਦੇ ਹਨ, ਨੂੰ ਹਰ ਵਿੱਤੀ ਸਾਲ ਵਿੱਚ 125 ਦਿਨਾਂ ਦੀ ਉਜਰਤ ਵਾਲੇ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਪ੍ਰਦਾਨ ਕੀਤੀ ਜਾਵੇਗੀ।

ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਬਾਰੇ ਸੰਸਦੀ ਸਥਾਈ ਕਮੇਟੀ ਦੇ ਚੇਅਰਮੈਨ ਕਾਂਗਰਸੀ ਸੰਸਦ ਮੈਂਬਰ ਸਪਤਗਿਰੀ ਉਲਾਕਾ ਨੇ ਕਿਹਾ ਕਿ ਕਮੇਟੀ ਨੇ ਕੰਮਕਾਜੀ ਦਿਨਾਂ ਦੀ ਗਿਣਤੀ ਅਤੇ ਮਨਰੇਗਾ ਤਹਿਤ ਉਜਰਤਾਂ ਵਧਾਉਣ ਸਮੇਤ ਕਈ ਸਿਫਾਰਸ਼ਾਂ ਕੀਤੀਆਂ ਸਨ। ਉਲਾਕਾ ਨੇ ਦੱਸਿਆ, 'ਜਦੋਂ ਉਹ (ਭਾਜਪਾ) ਸੱਤਾ ਵਿੱਚ ਆਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਟੋਏ ਪੁੱਟਣ ਦੀ ਸਕੀਮ ਕਿਹਾ ਸੀ... ਮਨਰੇਗਾ ਨੂੰ ਖਤਮ ਕਰਨਾ ਹਮੇਸ਼ਾ ਹੀ ਉਨ੍ਹਾ ਦਾ ਇਰਾਦਾ ਰਿਹਾ ਹੈ।' ਉਨ੍ਹਾ ਸਵਾਲ ਕੀਤਾ, 'ਮੈਨੂੰ ਨਹੀਂ ਪਤਾ ਕਿ ਉਨ੍ਹਾ ਨੂੰ ਬਾਪੂ ਦੇ ਨਾਂਅ ਨਾਲ ਕੀ ਸਮੱਸਿਆ ਹੈ, ਪਰ ਉਹ ਇਸ ਨੂੰ ਖਤਮ ਕਰਨਾ ਚਾਹੁੰਦੇ ਸਨ, ਕਿਉਂਕਿ ਇਹ ਕਾਂਗਰਸ ਦੀ ਸਕੀਮ ਸੀ। ਮੈਂ ਸੰਸਦੀ ਪੈਨਲ ਦਾ ਮੁਖੀ ਹਾਂ ਅਤੇ ਅਸੀਂ ਬਹੁਤ ਸਾਰੀਆਂ ਸਿਫਾਰਸ਼ਾਂ ਕੀਤੀਆਂ ਸਨ, ਦਿਨਾਂ ਦੀ ਗਿਣਤੀ 150 ਤੱਕ ਵਧਾਉਣ ਲਈ, ਉਜਰਤਾਂ ਵਧਾਉਣ ਲਈ, ਸੂਬਿਆਂ ਦੇ ਬਕਾਏ ਪੈਂਡਿੰਗ ਹਨ, ਪੱਛਮੀ ਬੰਗਾਲ ਨੂੰ ਫੰਡ ਨਹੀਂ ਮਿਲ ਰਹੇ। ਉਹ ਇੱਕ ਬਿੱਲ

• ਬਾਕੀ ਸਫਾ 2 'ਤੇ

# ਸਿਡਨੀ ਬੀਚ 'ਤੇ ਕਹਿਰ ਪਿਓ-ਪੁੱਤ ਨੇ ਵਰਤਾਇਆ



**ਸਿਡਨੀ** : ਇੱਥੇ ਬੌਂਡੀ ਬੀਚ 'ਤੇ ਯਹੂਦੀਆਂ ਦੇ ਇੱਕ ਸਮਾਗਮ ਦੌਰਾਨ ਬੰਦੂਕਧਾਰੀ ਪਿਓ-ਪੁੱਤ ਵੱਲੋਂ ਚਲਾਈਆਂ ਗੋਲੀਆਂ ਵਿੱਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 16 ਹੋ ਗਈ ਹੈ, ਜਿਨ੍ਹਾਂ ਵਿਚ ਦਸ ਸਾਲਾ ਬੱਚੀ ਤੇ ਇਕ ਸ਼ੂਟਰ ਵੀ ਸ਼ਾਮਲ ਹੈ। ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਇਸ ਘਟਨਾ ਨੂੰ ਯਹੂਦੀ ਭਾਈਚਾਰੇ ਵਿਰੁੱਧ ਦਹਿਸ਼ਤੀ ਕਾਰਵਾਈ ਕਰਾਰ ਦਿੱਤਾ ਹੈ। ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਗੋਲੀਬਾਰੀ ਕਰਨ ਵਾਲੇ ਪਾਕਿਸਤਾਨੀ ਮੂਲ ਦੇ ਪਿਓ-ਪੁੱਤ ਸਨ। ਬੌਂਡੀ ਬੀਚ ਤੋਂ ਦੂਰ ਇੱਕ ਛੋਟੇ ਜਿਹੇ ਪਾਰਕ ਵਿੱਚ ਆਯੋਜਿਤ ਯਹੂਦੀ ਸਮਾਗਮ ਵਿੱਚ 1000 ਦੇ ਕਰੀਬ ਲੋਕ ਮੌਜੂਦ ਸਨ।

ਪਿਓ-ਪੁੱਤ ਦੀ ਪਛਾਣ ਸਾਜਿਦ ਅਕਰਮ (50) ਤੇ ਉਸ ਦੇ 24 ਸਾਲਾ ਪੁੱਤਰ ਨਾਵੀਦ ਅਕਰਮ ਵਜੋਂ ਹੋਈ ਹੈ। ਸਾਜਿਦ ਅਕਰਮ ਦੀ ਪੁਲਸ ਦੀ ਜਵਾਬੀ ਕਾਰਵਾਈ ਵਿੱਚ ਮੌਤ ਹੋ ਗਈ, ਜਦੋਂਕਿ ਨਾਵੀਦ ਅਕਰਮ ਜ਼ਖਮੀ ਹੋ ਗਿਆ ਤੇ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਅਕਰਮ ਦੇ ਨਿਊ ਸਾਊਥ ਵੇਲਜ਼ ਡਰਾਈਵਿੰਗ ਲਾਇਸੈਂਸ ਦੀ ਇੱਕ ਤਸਵੀਰ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਦੇਸ਼ ਦੇ ਗ੍ਰਹਿ ਮੰਤਰੀ ਨੇ ਦਾਅਵਾ ਕੀਤਾ ਕਿ ਹਮਲੇ ਵਿੱਚ ਸ਼ਾਮਲ ਸਾਜਿਦ ਅਕਰਮ ਵਿਦਿਆਰਥੀ ਵੀਜ਼ੇ 'ਤੇ ਆਸਟਰੇਲੀਆ ਆਇਆ ਸੀ, ਜਦੋਂਕਿ ਉਸ ਦਾ ਪੁੱਤਰ ਆਸਟਰੇਲੀਆ ਵਿੱਚ ਜਨਮਿਆ ਨਾਗਰਿਕ ਹੈ।

ਆਸਟਰੇਲੀਆ ਦੀ ਸਭ ਤੋਂ ਮਸ਼ਹੂਰ ਬੀਚ 'ਤੇ ਇਹ ਕਤਲੇਆਮ ਪਿਛਲੇ ਸਾਲ ਯਹੂਦੀ ਵਿਰੋਧੀ ਹਮਲਿਆਂ ਦੀ ਇੱਕ ਲਹਿਰ ਤੋਂ ਬਾਅਦ ਹੋਇਆ ਹੈ, ਹਾਲਾਂਕਿ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਕੀ ਉਨ੍ਹਾਂ ਹਮਲਿਆਂ ਅਤੇ ਐਤਵਾਰ ਦੀ ਗੋਲੀਬਾਰੀ ਦਾ ਕੋਈ ਸੰਬੰਧ ਸੀ। ਇਹ ਸਖਤ ਬੰਦੂਕ ਕੰਟਰੋਲ ਕਾਨੂੰਨਾਂ ਵਾਲੇ ਮੁਲਕ ਵਿੱਚ ਲਗਭਗ ਤਿੰਨ ਦਹਾਕਿਆਂ ਵਿੱਚ ਸਭ ਤੋਂ ਘਾਤਕ ਸਮੂਹਕ ਗੋਲੀਬਾਰੀ ਸੀ। ਨਿਊ ਸਾਊਥ ਵੇਲਜ਼ ਦੀ ਪੁਲਸ ਨੇ ਕਿਹਾ ਕਿ ਸੁਰੱਖਿਆ ਸੇਵਾਵਾਂ ਵਾਲੇ ਇਕ ਬੰਦੂਕਧਾਰੀ ਨੂੰ ਜਾਣਦੇ ਸਨ, ਪਰ ਅਧਿਕਾਰੀਆਂ ਕੋਲ ਯੋਜਨਾਬੱਧ ਹਮਲੇ ਦਾ ਕੋਈ ਸੰਕੇਤ ਨਹੀਂ ਸੀ। ਨਿਊ ਸਾਊਥ ਵੇਲਜ਼ ਦੇ ਪ੍ਰੀਮੀਅਰ ਕ੍ਰਿਸ ਮਿੰਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮਾਰੇ ਗਏ ਲੋਕਾਂ ਦੀ ਉਮਰ 10 ਤੋਂ 87 ਸਾਲ ਦੇ ਵਿਚਕਾਰ ਸੀ। ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਸੋਮਵਾਰ ਨੂੰ ਕਿਹਾ, 'ਅਸੀਂ ਜੋ ਕੁਝ ਦੇਖਿਆ, ਉਹ ਬਹੁਤ ਬੁਰਾਈ ਦਾ ਕੰਮ ਸੀ, ਯਹੂਦੀ ਵਿਰੋਧੀ ਕਾਰਵਾਈ ਸੀ। ਇਹ ਸਾਡੇ ਦੇਸ਼ ਵਿੱਚ ਮਸ਼ਹੂਰ ਆਸਟਰੇਲੀਆਈ ਥਾਂ... ਬੌਂਡੀ ਬੀਚ 'ਤੇ ਅੱਤਵਾਦ ਦਾ ਕੰਮ ਸੀ। ਜੋ ਕੁਝ ਹੋਇਆ ਹੈ, ਉਸ ਨੇ ਇਸ ਥਾਂ ਨੂੰ ਹਮੇਸ਼ਾ ਲਈ ਦਾਗ਼ਦਾਰ ਕਰ ਦਿੱਤਾ ਹੈ।'

# ਜਲੰਧਰ ਦੇ 11 ਸਕੂਲਾਂ ਨੂੰ ਧਮਕੀਆਂ



**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਸ਼ਹਿਰ ਦੇ ਕਰੀਬ 11 ਸਕੂਲਾਂ ਨੂੰ ਸੋਮਵਾਰ ਸਵੇਰੇ ਬੰਬ ਧਮਾਕਿਆਂ ਨਾਲ ਨਿਸ਼ਾਨਾ ਬਣਾਉਣ ਦੀ ਧਮਕੀ ਮਿਲਣ ਤੋਂ ਬਾਅਦ ਬਹੁਤ ਜ਼ਿਆਦਾ ਘਬਰਾਹਟ ਫੈਲ ਗਈ ਤੇ ਮਾਪੇ ਆਪਣੇ ਬੱਚਿਆਂ ਨੂੰ ਲੈਣ ਲਈ ਸਕੂਲਾਂ ਦੇ ਬਾਹਰ ਇਕੱਠੇ ਹੋਣੇ ਸ਼ੁਰੂ ਹੋ ਗਏ। ਜਿਨ੍ਹਾਂ ਚਾਰ ਸਕੂਲਾਂ ਨੂੰ ਸ਼ੁਰੂਆਤ ਵਿੱਚ ਈਮੇਲ ਧਮਕੀਆਂ ਮਿਲੀਆਂ ਸਨ, ਉਨ੍ਹਾਂ ਵਿਚ ਸੇਂਟ ਜੋਸਫ਼ ਕਾਨਵੈਂਟ ਸਕੂਲ, ਆਈ ਵੀ ਵਾਈ ਵਰਲਡ ਸਕੂਲ ਅਤੇ ਸੰਸਕ੍ਰਿਤੀ ਕੇ ਐੱਮ ਵੀ ਸਕੂਲ ਅਤੇ ਸ਼ਿਵ ਜਯੋਤੀ ਸਕੂਲ ਸ਼ਾਮਲ ਹਨ। ਹਾਲਾਂਕਿ ਮਗਰੋਂ ਹੋਰ ਸਕੂਲਾਂ ਨੂੰ ਅਜਿਹੀਆਂ ਧਮਕੀ ਭਰੀਆਂ ਈਮੇਲਾਂ ਮਿਲਣ ਦਾ ਦਾਅਵਾ ਕੀਤਾ ਗਿਆ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ, 'ਘਬਰਾਉਣ ਦੀ ਕੋਈ ਲੋੜ ਨਹੀਂ, ਹੁਣ ਤੱਕ 11 ਸਕੂਲਾਂ ਨੂੰ ਧਮਕੀ ਵਾਲੇ ਈਮੇਲ ਮਿਲੇ ਹਨ। ਸਾਡੀਆਂ ਸਾਈਬਰ ਕ੍ਰਾਈਮ ਟੀਮਾਂ ਨੇ ਕੇਸ ਦਰਜ ਕਰ ਲਿਆ ਹੈ। ਟੀਮਾਂ ਵੱਲੋਂ ਈਮੇਲ ਦੇ ਮੂਲ ਸਰੋਤ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।' ਸਕੂਲ ਅਧਿਕਾਰੀਆਂ ਵੱਲੋਂ ਈਮੇਲ ਦੇ ਵੇਰਵੇ ਸਾਂਝੇ ਕਰਨ ਮਗਰੋਂ ਪੁਲਸ ਵੀ ਹਰਕਤ ਵਿੱਚ ਆ ਗਈ ਤੇ ਸੰਬੰਧਤ ਸਕੂਲਾਂ 'ਚ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ। ਸਕੂਲ ਦੁਪਹਿਰ 12 ਵਜੇ ਦੇ ਕਰੀਬ ਬੰਦ ਕਰ ਦਿੱਤੇ ਗਏ ਸਨ। ਸਕੂਲਾਂ ਨੇ ਮਾਪਿਆਂ ਨੂੰ ਐਪ ਅਤੇ ਵਟਸਐਪ ਗਰੁੱਪਾਂ 'ਤੇ ਸੁਨੇਹੇ ਭੇਜ ਕੇ ਸਕੂਲ ਦੇ ਜਲਦੀ ਬੰਦ ਹੋਣ ਬਾਰੇ ਜਾਣੂ ਕਰਵਾਇਆ।

# ਦੋ ਖਤਰਨਾਕ ਅਪਰਾਧੀ ਮੁੰਬਈ ਤੋਂ ਫੜੇ : ਡੀ ਜੀ ਪੀ

**ਚੰਡੀਗੜ੍ਹ** : ਦੋ ਗੈਂਗਸਟਰ ਬਣੇ ਦਹਿਸ਼ਤਗਰਦਾਂ, ਜੋ ਵਿਦੇਸ਼ੀ ਟਿਕਾਣਿਆਂ ਤੋਂ ਕੰਮ ਕਰ ਰਹੇ ਸਨ ਅਤੇ ਪੰਜਾਬ ਵਿੱਚ ਦਹਿਸ਼ਤੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰ ਰਹੇ ਸਨ, ਨੂੰ ਕੇਂਦਰੀ ਏਜੰਸੀਆਂ ਦੀ ਮਦਦ ਨਾਲ ਇੱਕ ਅੰਤਰ-ਰਾਜੀ ਅਪ੍ਰੇਸ਼ਨ ਵਿੱਚ ਮੁੰਬਈ ਤੋਂ ਗ੍ਰਿਫਤਾਰ ਕੀਤਾ ਗਿਆ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਦੋਵੇਂ ਸਾਜਨ ਮਸੀਹ ਅਤੇ ਮਨੀਸ਼ ਬੇਦੀ ਪਾਕਿਸਤਾਨ-ਅਧਾਰਤ ਅਤੇ ਆਈ ਐੱਸ ਆਈ-ਸਮਰਥਤ ਦਹਿਸ਼ਤਗਰਦ ਹਰਵਿੰਦਰ ਸਿੰਘ ਰਿੰਦਾ ਅਤੇ ਅਮਰੀਕਾ-ਅਧਾਰਤ (ਹਿਰਾਸਤ ਵਿੱਚ ਲਏ ਗਏ ਗੈਂਗਸਟਰ) ਹੈਪੀ ਪਾਸੀਆਂ ਦੇ ਅਹਿਮ ਹਿੱਸੇ ਸਨ। ਦੋਨੋਂ ਦੁਬਈ ਅਤੇ ਆਰਮੇਨੀਆ ਤੋਂ ਕੰਮ ਕਰ ਰਹੇ ਸਨ ਅਤੇ ਪੰਜਾਬ ਵਿੱਚ ਅਪਰਾਧਕ ਅਤੇ ਦਹਿਸ਼ਤੀ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰ ਰਹੇ ਸਨ। ਮਸੀਹ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਦਾ ਰਹਿਣ ਵਾਲਾ ਹੈ, ਜਦੋਂ ਕਿ ਬੇਦੀ ਅੰਮ੍ਰਿਤਸਰ ਨਾਲ ਸੰਬੰਧਤ ਹੈ। ਡੀ ਜੀ ਪੀ ਨੇ ਦੱਸਿਆ ਕਿ ਦੋਵੇਂ ਦੁਬਈ ਤੋਂ ਆਰਮੇਨੀਆ ਚਲੇ ਗਏ ਸਨ ਅਤੇ ਕੁਝ ਹੋਰ ਦੇਸ਼ਾਂ ਵਿੱਚ ਵੀ ਆਪਣਾ ਟਿਕਾਣਾ ਬਦਲ ਚੁੱਕੇ ਸਨ। ਉਹ ਕਈ ਅਪਰਾਧਾਂ ਵਿੱਚ ਸ਼ਾਮਲ ਹਨ, ਜਿਨ੍ਹਾਂ ਵਿੱਚ ਕਤਲ, ਫਿਰੌਤੀਆਂ, ਡੇਰਾ ਬਾਬਾ ਨਾਨਕ ਤੇ ਬਟਾਲਾ ਵਿੱਚ ਗ੍ਰਨੇਡ ਹਮਲੇ ਸ਼ਾਮਲ ਹਨ। ਡੀ ਜੀ ਪੀ ਨੇ ਕਿਹਾ ਕਿ ਪੰਜਾਬ ਪੁਲਸ ਬੇਦੀ ਅਤੇ ਮਸੀਹ ਦੇ ਸਾਥੀ ਸ਼ਮਸ਼ੇਰ ਉਰਫ ਸ਼ੇਰਾ, ਜੋ ਆਰਮੇਨੀਆ ਤੋਂ ਦਹਿਸ਼ਤੀ ਗਤੀਵਿਧੀਆਂ ਦਾ ਤਾਲਮੇਲ ਕਰ ਰਿਹਾ ਹੈ, ਵਿਰੁੱਧ ਵੀ ਸ਼ਿਕੰਜਾ ਕੱਸ ਰਹੀ ਹੈ।

# ਮਾਨ ਵੱਲੋਂ ਸ਼ਰਧਾਲੂਆਂ ਲਈ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੋਮਵਾਰ ਅਧਿਕਾਰੀਆਂ ਨੂੰ ਫਤਹਿਗੜ੍ਹ ਸਾਹਿਬ ਵਿਖੇ 25 ਤੋਂ 27 ਦਸੰਬਰ ਨੂੰ ਸ਼ਹੀਦੀ ਸਭਾ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ।

ਸ਼ਹੀਦੀ ਸਭਾ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਨਤਮਸਤਕ ਹੋਣ ਲਈ ਲਗਭਗ 50 ਲੱਖ ਸ਼ਰਧਾਲੂਆਂ ਦੇ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾ ਕਿਹਾ ਕਿ ਇਸ ਮਹਾਨ ਧਰਤੀ 'ਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਹਿ ਸਿੰਘ ਨੇ ਮਾਤਾ ਗੁਜਰੀ ਜੀ ਨਾਲ ਲਾਸਾਨੀ ਸ਼ਹਾਦਤ ਦਿੱਤੀ ਸੀ। ਉਨ੍ਹਾ ਕਿਹਾ ਕਿ ਸੰਗਤ ਲਈ ਕੀਤੇ ਜਾ ਰਹੇ ਪ੍ਰਬੰਧਾਂ ਵਿੱਚ ਸੁਰੱਖਿਆ ਵਿਵਸਥਾ ਅਤੇ ਪਵਿੱਤਰ ਸ਼ਹਿਰ ਦੀ ਸਫਾਈ ਲਈ ਵੱਧ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸੂਬਾ ਸਰਕਾਰ ਨੇ ਸੜਕਾਂ ਦੀ ਮੁਰੰਮਤ ਲਈ ਪਹਿਲਾਂ ਹੀ ਫੰਡ ਅਲਾਟ ਕਰ ਦਿੱਤੇ ਹਨ ਅਤੇ ਨਿਰਧਾਰਤ ਸਮੇਂ ਵਿੱਚ ਕੰਮ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾ ਕਿਹਾ ਕਿ ਜ਼ਿਲ੍ਹੇ ਵਿੱਚ 300 ਮੋਬਾਇਲ ਪਖਾਨੇ ਸਥਾਪਤ ਕੀਤੇ ਜਾਣ ਅਤੇ ਪ੍ਰਮੁੱਖ ਥਾਵਾਂ 'ਤੇ ਐਂਬੂਲੈਂਸਾਂ ਅਤੇ ਅੱਗ ਬੁਝਾਊ ਗੱਡੀਆਂ ਤਾਇਨਾਤ ਕੀਤੀਆਂ ਜਾਣ, ਤਾਂ ਕਿ ਲੋੜ ਪੈਣ 'ਤੇ ਤੁਰੰਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਮਾਨ ਨੇ ਕਿਹਾ ਕਿ ਸ਼ਹਿਰ ਵਿੱਚ ਆ ਰਹੇ ਸ਼ਰਧਾਲੂਆਂ ਲਈ 200

• ਬਾਕੀ ਸਫਾ 2 'ਤੇ

## ਰਾਜ ਕੁਮਾਰ ਗੋਇਲ ਨੇ ਮੁੱਖ ਸੂਚਨਾ ਕਮਿਸ਼ਨਰ ਵਜੋਂ ਹਲਫ ਲਿਆ



**ਨਵੀਂ ਦਿੱਲੀ** : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਾਬਕਾ ਕਾਨੂੰਨੀ ਸਕੱਤਰ ਰਾਜ ਕੁਮਾਰ ਗੋਇਲ ਨੂੰ ਸੋਮਵਾਰ ਮੁੱਖ ਸੂਚਨਾ ਕਮਿਸ਼ਨਰ ਵਜੋਂ ਸਹੁੰ ਚੁਕਾਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕਮੇਟੀ ਨੇ ਪਿਛਲੇ ਹਫਤੇ ਗੋਇਲ ਤੇ ਅੱਠ ਸੂਚਨਾ ਕਮਿਸ਼ਨਰਾਂ ਦੀ ਨਿਯੁਕਤੀ ਬਾਰੇ ਸਿਫਾਰਸ਼ ਕੀਤੀ ਸੀ। ਇਨ੍ਹਾਂ ਨਿਯੁਕਤੀਆਂ ਨਾਲ ਕੇਂਦਰੀ ਸੂਚਨਾ ਕਮਿਸ਼ਨ ਵਿਚ ਮੁੱਖ ਸੂਚਨਾ ਕਮਿਸ਼ਨਰ ਤੇ ਦਸ ਸੂਚਨਾ ਕਮਿਸ਼ਨਰਾਂ ਦੀ ਨਫਰੀ ਪੂਰੀ ਹੋ ਗਈ ਹੈ।

## ਵਾਂਗਚੁਕ ਦੀ ਸੁਣਵਾਈ ਮੁਲਤਵੀ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਜੇਲ੍ਹ ਵਿੱਚ ਬੰਦ ਵਾਤਾਵਰਨ ਪੱਖੀ ਕਾਰਕਨ ਸੋਨਮ ਵਾਂਗਚੁਕ ਦੀ ਹਿਰਾਸਤ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਸੋਮਵਾਰ 7 ਜਨਵਰੀ ਤੱਕ ਮੁਲਤਵੀ ਕਰ ਦਿੱਤੀ। ਜਸਟਿਸ ਅਰਵਿੰਦ ਕੁਮਾਰ ਅਤੇ ਜਸਟਿਸ ਐੱਨ ਵੀ ਅੰਜਾਰੀਆ ਦੀ ਬੈਂਚ ਨੇ ਸਮੇਂ ਦੀ ਘਾਟ ਕਾਰਨ ਇਸ ਮਾਮਲੇ ਸੰਬੰਧੀ ਸੁਣਵਾਈ ਨੂੰ ਮੁਲਤਵੀ ਕਰ ਦਿੱਤਾ।

## ਕਾਊਂਟਿੰਗ ਦੀ ਵੀਡੀਓਗ੍ਰਾਫੀ ਲਈ ਪਟੀਸ਼ਨ

**ਚੰਡੀਗੜ੍ਹ** : ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਮਵਾਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਜਨਹਿਤ ਪਟੀਸ਼ਨ ਦਾਖਲ ਕਰਕੇ 17 ਦਸੰਬਰ ਨੂੰ ਪੰਜਾਬ ਭਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਲਈ ਹੋਣ ਵਾਲੀਆਂ ਵੋਟਾਂ ਦੀ ਗਿਣਤੀ ਦੇ ਪੂਰੇ ਅਮਲ ਦੀ ਲਾਜ਼ਮੀ ਵੀਡੀਓਗ੍ਰਾਫੀ ਕਰਵਾਉਣ ਦੀ ਮੰਗ ਕੀਤੀ ਹੈ। ਪਟੀਸ਼ਨ 'ਤੇ ਸੁਣਵਾਈ ਮੰਗਲਵਾਰ ਨੂੰ ਹੋਵੇਗੀ।

## ਮੋਦੀ ਤਿੰਨ ਦੇਸ਼ਾਂ ਦੇ ਦੌਰੇ 'ਤੇ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੋਮਵਾਰ ਜਾਰਡਨ, ਇਥੋਪੀਆ ਤੇ ਓਮਾਨ ਦੇ ਤਿੰਨ ਮੁਲਕੀ ਦੌਰੇ ਲਈ ਰਵਾਨਾ ਹੋ ਗਏ। ਦੌਰੇ ਦਾ ਪਹਿਲਾ ਪੜਾਅ ਜਾਰਡਨ ਦਾ ਹਾਸ਼ਮਾਈਟ ਕਿੰਗਡਮ ਹੋਵੇਗਾ। ਇਹ ਦੌਰਾ ਭਾਰਤ ਤੇ ਜਾਰਡਨ ਵਿਚਕਾਰ ਕੂਟਨੀਤਕ ਸੰਬੰਧਾਂ ਦੀ 75ਵੀਂ ਵਰ੍ਹੇਗੰਢ ਨਾਲ ਮੇਲ ਖਾਂਦਾ ਹੈ। ਇਸ ਤੋਂ ਬਾਅਦ ਮੋਦੀ ਪੂਰਬੀ ਏਸ਼ੀਆਈ ਦੇਸ਼ ਇਥੋਪੀਆ ਦੀ ਪਹਿਲੀ ਯਾਤਰਾ ਕਰਨਗੇ। ਆਖਰੀ ਪੜਾਅ ਤਹਿਤ ਮੋਦੀ 70 ਸਾਲਾਂ ਦੇ ਕੂਟਨੀਤਕ ਸੰਬੰਧਾਂ ਦੀ ਯਾਦ ਵਿੱਚ ਓਮਾਨ ਦਾ ਦੌਰਾ ਕਰਨਗੇ।

# ਬਰਸਟ ਦਾ ਕੈਪਟਨ ਨੂੰ ਸਿਆਸਤ ਤੋਂ ਸੰਨਿਆਸ ਲੈਣ ਦਾ ਮਸ਼ਵਰਾ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਸ. ਹਰਚੰਦ ਸਿੰਘ ਬਰਸਟ ਨੇ ਇੱਕ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਜੂਨ 1984 ਤੋਂ ਬਾਅਦ ਕਾਂਗਰਸ ਪਾਰਟੀ ਵਿੱਚ ਬਲੂ ਸਟਾਰ ਅਪਰੇਸ਼ਨ ਤੋਂ ਬਾਅਦ ਅਸਤੀਫਾ ਦੇ ਕੇ ਜੋ ਪੰਜਾਬੀਆਂ ਦਾ ਵਿਸ਼ਵਾਸ ਜਿੱਤਿਆ ਸੀ, ਹੁਣ ਦੋ ਵਾਰੀ ਪੰਜਾਬ ਦੇ ਮੁੱਖ ਮੰਤਰੀ ਰਹਿਣ ਤੋਂ ਬਾਅਦ ਉਹ ਵਿਸ਼ਵਾਸ ਗਵਾ ਲਿਆ ਹੈ, ਕਿਉਂਕਿ 2002 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਪੰਜਾਬੀਆਂ ਦੇ ਮਸਲੇ ਹੱਲ ਕਰਵਾਉਣ ਲਈ ਉਨ੍ਹਾ ਕੋਈ ਕਾਰਵਾਈ ਨਹੀਂ ਕੀਤੀ।

2017 ਤੋਂ ਬਾਅਦ ਪੰਜਾਬ ਦੇ ਦੁਬਾਰਾ ਮੁੱਖ ਮੰਤਰੀ ਬਣਨ ਤੋਂ ਬਾਅਦ 4 ਸਾਲ ਸੀਸਵਾਂ ਫਾਰਮ ਵਿੱਚ ਐਸ਼ਪ੍ਰਸਤੀ ਤੋਂ ਇਲਾਵਾ ਕੁਝ ਨਹੀਂ ਕੀਤਾ। ਪੰਜਾਬ ਦੇ ਲੋਕ ਪੰਜਾਬ ਵਿੱਚ ਨਸ਼ਾ ਤਸਕਰਾਂ ਵਿਰੁੱਧ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਇਨਸਾਫ ਦੀ ਆਸ ਰੱਖਦੇ ਸਨ, ਪਰੰਤੂ ਉਨ੍ਹਾ ਸੀਸਵਾਂ ਫਾਰਮ ਵਿੱਚ ਬਹਿ ਕੇ ਹੀ ਪੰਜਾਬੀਆਂ ਦੇ ਹਿੱਤਾਂ ਨੂੰ ਭੁੱਲ ਕੇ ਨਿੱਜੀ ਹਿੱਤਾਂ ਵੱਲ ਜ਼ਿਆਦਾ ਧਿਆਨ ਦਿੱਤਾ। ਅੰਤ ਉਨ੍ਹਾ ਦੇ ਆਪਣੇ ਚਹੇਤੇ ਹੀ ਸਾਥ ਛੱਡ ਗਏ। ਕਾਂਗਰਸ ਪਾਰਟੀ ਵੱਲੋਂ ਦਿੱਤੇ ਮਾਣ-ਸਨਮਾਨ ਅਤੇ ਪਿਆਰ ਨੂੰ ਭੁੱਲ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਉਥੇ ਨਾਮੋਸ਼ੀ ਝੱਲਣੀ ਪੈ ਰਹੀ ਹੈ, ਕਿਉਂਕਿ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਪਤਾ ਹੈ ਕਿ ਕੈਪਟਨ

• ਬਾਕੀ ਸਫਾ 2 'ਤੇ

# ਤਾਰੀ ਅਟਵਾਲ ਵੱਲੋਂ ਲਿਫਟ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਸਹਾਇਤਾ ਭੇਟ



**ਜਲੰਧਰ** : ਆਈ ਡਬਲਯੂ ਏ (ਗ੍ਰੇਟ ਬ੍ਰਿਟੇਨ), ਸ਼ਹੀਦ ਊਧਮ ਸਿੰਘ ਸੈਂਟਰ ਬਰਮਿੰਘਮ ਅਤੇ ਹੋਰ ਲੋਕ-ਪੱਖੀ ਸੰਸਥਾਵਾਂ ਨਾਲ ਲੰਮੇ ਅਰਸੇ ਤੋਂ ਜੁੜੇ ਅਤੇ ਸਮੇਂ-ਸਮੇਂ ਦੇਸ਼ ਭਗਤ ਯਾਦਗਾਰ ਹਾਲ ਦੀਆਂ ਸਰਗਰਮੀਆਂ, ਮੇਲਾ ਗ਼ਦਰੀ ਬਾਬਿਆਂ ਦਾ ਨਾਲ਼ ਜੁੜ ਕੇ ਰਹਿਣ ਅਤੇ ਆਰਥਕ ਸਹਾਇਤਾ ਕਰਨ ਵਾਲੇ ਸਾਥੀ ਅਵਤਾਰ ਸਿੰਘ ਤਾਰੀ (ਤਾਰੀ ਅਟਵਾਲ ਕਰਕੇ ਜਾਣੇ ਜਾਂਦੇ) ਵੱਲੋਂ ਸੋਮਵਾਰ ਜਾਤੀ ਤੌਰ 'ਤੇ 5 ਲੱਖ ਰੁਪਏ ਦਾ ਚੈੱਕ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਹਾਲ ਅੰਦਰ ਲਿਫ਼ਟ ਲਾਉਣ ਲਈ ਬਰਮਿੰਘਮ (ਯੂ

• ਬਾਕੀ ਸਫਾ 2 'ਤੇ

# ਆਈ ਆਈ ਟੀ ਰੋਪੜ ਦੇ ਸਹਿਯੋਗ ਨਾਲ ਜਲ ਅਧਿਐਨ ਲਈ 1.61 ਕਰੋੜ ਦੀ ਪ੍ਰਵਾਨਗੀ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਪਾਣੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਇਥੇ ਜਲ ਸਰੋਤਾਂ ਅਤੇ ਸੀਪੇਜ ਦੇ ਪੈਟਰਨਾਂ ਬਾਰੇ 1.61 ਕਰੋੜ ਰੁਪਏ ਦੇ ਸੂਖਮ-ਪੱਧਰੀ ਅਧਿਐਨ ਲਈ ਸਿਧਾਂਤਕ ਪ੍ਰਵਾਨਗੀ ਦਾ ਐਲਾਨ ਕੀਤਾ। ਇਹ ਅਧਿਐਨ, ਜੋ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਦੁਆਰਾ ਆਈ ਆਈ ਟੀ ਰੋਪੜ ਦੇ ਸਹਿਯੋਗ ਨਾਲ ਕੀਤਾ ਜਾਵੇਗਾ, ਸੂਬੇ ਦੇ ਭੂਮੀਗਤ ਪਾਣੀ ਦੇ ਪੱਧਰਾਂ ਦੇ ਪ੍ਰਬੰਧਨ ਲਈ ਪ੍ਰਭਾਵਸ਼ਾਲੀ ਹੱਲ ਵਿਕਸਤ ਕਰਨ ਵਿੱਚ ਸਹਾਇਤਾ ਕਰੇਗਾ।

ਉਨ੍ਹਾਂ ਕਿਹਾ ਕਿ ਕਮਿਸ਼ਨ ਦੁਆਰਾ ਨੈਸ਼ਨਲ ਇੰਸਟੀਚਿਊਟ ਆਫ਼ ਹਾਈਡਰੋਲੋਜੀ (ਐੱਨ ਆਈ ਐੱਚ) ਰੁੜਕੀ ਦੇ ਸਹਿਯੋਗ ਨਾਲ ਕੀਤੇ ਗਏ ਸ਼ੁਰੂਆਤੀ ਮੈਕਰੋ-ਪੱਧਰੀ ਅਧਿਐਨ ਨੂੰ ਖੇਤੀਬਾੜੀ ਸੁਧਾਰਾਂ ਬਾਰੇ ਪੰਜਾਬ ਵਿਧਾਨ ਸਭਾ ਕਮੇਟੀ ਦੁਆਰਾ ਰਸਮੀ ਤੌਰ 'ਤੇ ਸਵੀਕਾਰ ਕਰਦਿਆਂ ਇੱਕ ਹੋਰ ਵਿਸਤ੍ਰਿਤ ਸੂਖਮ-ਪੱਧਰੀ ਅਧਿਐਨ ਦਾ ਫੈਸਲਾ ਲਿਆ ਗਿਆ।

ਇਸ ਅਧਿਐਨ ਦੀ ਵਿਗਿਆਨਕ ਡੂੰਘਾਈ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਖਮ-ਪੱਧਰੀ ਅਧਿਐਨ ਵਿੱਚ ਕਾਰਬਨ ਡੇਟਿੰਗ ਅਤੇ ਜ਼ਮੀਨਦੋਜ਼ ਅਤੇ ਪਾਣੀ ਦੇ ਭੰਡਾਰਾਂ ਆਈਸੋਟੋਪ ਵਿਸ਼ਲੇਸ਼ਣ ਦੇ ਨਾਲ-ਨਾਲ ਸੂਬੇ ਭਰ ਵਿੱਚ ਸੀਪੇਜ ਦੇ ਨਮੂਨਿਆਂ ਦੀ ਵਿਆਪਕ ਜਾਂਚ ਸਮੇਤ ਉਨਤ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਪਹਿਲਾਂ ਪੜ੍ਹਿਆ ਬਿਆਨ ਸੀ ਭਾਜਪਾ ਦਾ,
ਜਾਂਦਾ ਰਹਿੰਦਾ ਈ ਰਾਹੁਲ ਵਿਦੇਸ਼ ਮੀਆਂ।
ਜਾਂਦਾ ਭਾਰਤ ਦੀ ਗੱਲ ਉਹ ਛੇੜ ਬਹਿੰਦਾ,
ਕਰਦਾ ਰਹਿੰਦਾ ਉਹ ਇਹੋ ਹਮੇਸ਼ ਮੀਆਂ।
ਮੌਕਾ ਲੱਭ ਗਿਆ ਪਿੱਛੋਂ ਬੱਸ ਕਾਂਗਰਸ ਨੂੰ,
ਏਹੋ ਜਿਹਾ ਮੋਦੀ ਦਾ ਕੇਸ ਵੀ ਪੇਸ਼ ਮੀਆਂ।
ਕੀਹਨੇ ਦੌਰਾ ਵਿਦੇਸ਼ਾਂ ਵੱਲ ਵੱਧ ਕਰਿਆ,
ਏਹੋ ਈ ਚੱਲ ਪਿਆ ਨਵਾਂ ਕਲੇਸ਼ ਮੀਆਂ।
ਕਿਹੜੇ ਪੱਧਰ ਥੀਂ ਪਹੁੰਚੀ ਆ ਰਾਜਨੀਤੀ,
ਪੜ੍ਹ-ਪੜ੍ਹ ਹੱਸਦੇ ਭਾਰਤ ਦੇ ਲੋਕ ਮੀਆਂ।
ਦੋਵੇਂ ਪਾਸੇ ਨਹੀਂ ਨਿੰਦਣ-ਸਲਾਹੁਣ ਵਾਲੇ,
ਕਿਹੜਾ ਆਣ ਕੇ ਦੇਊ ਫਿਰ ਟੋਕ ਮੀਆਂ।

-ਤੀਸ ਮਾਰ ਖਾਂ


ਨਿਰਵਿਘਨ ਬੈਂਕਿੰਗ ਸੇਵਾਵਾਂ ਲਈ
ਆਪਣੇ KYC ਨੂੰ ਅੱਪ ਟੂ ਡੇਟ ਰੱਖੋ



ਜੇਕਰ ਤੁਹਾਡੇ KYC ਵੇਰਵੇ ਨਹੀਂ ਬਦਲੇ ਹਨ, ਤਾਂ
ਮੁੜ KYC ਲਈ ਇੱਕ ਸਵੈ-ਘੋਸ਼ਣਾ, ਪੱਤਰ/ਔਨਲਾਈਨ ਬੈਂਕਿੰਗ/ਮੋਬਾਈਲ ਬੈਂਕਿੰਗ/ਏ.ਟੀ.ਐਮ/ਬੈਂਕ ਨਾਲ ਰਜਿਸਟਰਡ ਆਪਣੇ ਮੋਬਾਈਲ ਨੰਬਰ/ਈਮੇਲ ਜਾਂ ਬਿਜ਼ਨਸ ਕੋਰਸਪੌਂਡੈਂਟ (BCs) ਰਾਹੀਂ ਜਮ੍ਹਾਂ ਕਰੋ।

ਜੇਕਰ ਤੁਹਾਡੇ KYC ਵੇਰਵੇ ਬਦਲ ਗਏ ਹਨ, ਤਾਂ
ਅੱਪਡੇਟ ਕੀਤੇ ਵੇਰਵਿਆਂ ਵਾਲੇ ਕਿਸੇ ਵੀ ਇੱਕ ਦਸਤਾਵੇਜ਼ ਦੀ ਕਾਪੀ ਪ੍ਰਦਾਨ ਕਰੋ: ਆਧਾਰ/ਵੋਟਰ ਆਈਡੀ ਕਾਰਡ/NREGA ਜੌਬ ਕਾਰਡ/ਡਰਾਈਵਿੰਗ ਲਾਇਸੈਂਸ/ਪਾਸਪੋਰਟ/ਰਾਸ਼ਟਰੀ ਆਬਾਦੀ ਰਜਿਸਟਰ ਦੁਆਰਾ ਜਾਰੀ ਕੀਤਾ ਗਿਆ ਪੱਤਰ।

ਤੁਸੀਂ ਆਪਣੀ ਨਜ਼ਦੀਕੀ ਬੈਂਕ ਸ਼ਾਖਾ ਵਿੱਚ ਜਾ ਕੇ ਵੀ ਆਪਣਾ KYC ਅਪਡੇਟ ਕਰ ਸਕਦੇ ਹੋ।




ਵਧੇਰੇ ਜਾਣਕਾਰੀ ਲਈ,
https://rbikehtahai.rbi.org.in/KYC ਤੇ ਜਾਓ
ਅਧਿਕਾਰਤ ਵਟਸਐਪ ਨੰਬਰ
99990 41935 / 99309 91935

ਜਨ-ਹਿਤ ਵਿੱਚ ਜਾਰੀਕਰਤਾ
ਭਾਰਤੀ ਰਿਜ਼ਰਵ ਬੈਂਕ
RESERVE BANK OF INDIA
www.rbi.org.in

16-DEC-PAGE-1.qxd 12/15/2025 10:55 PM Page 2



## ਲਾਲਾ ਕਸਤੂਰੀ ਲਾਲ ਵਿੱਦਿਆ ਮੰਦਰ ਵਿਖੇ ਅਧਿਆਪਕਾਂ ਦੀ ਸੰਸਕ੍ਰਿਤੀ ਗਿਆਨ ਪ੍ਰੀਖਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਰਵਹਿੱਤਕਾਰੀ ਸਿੱਖਿਆ ਸਮਿਤੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿਖੇ ਸਾਰੇ ਅਧਿਆਪਕਾਂ ਦੀ ਸੰਸਕ੍ਰਿਤੀ ਗਿਆਨ ਪ੍ਰੀਖਿਆ ਸਫਲਤਾਪੂਰਵਕ ਕਰਵਾਈ ਗਈ। ਇਸ ਪ੍ਰੀਖਿਆ ਦਾ ਉਦੇਸ਼ ਅਧਿਆਪਕਾਂ ਵਿੱਚ ਭਾਰਤੀ ਸੰਸਕ੍ਰਿਤੀ, ਪਰੰਪਰਾਵਾਂ, ਸੰਸਕਾਰਾਂ ਤੇ ਰਾਸ਼ਟਰੀ ਮੁੱਲਾਂ ਪ੍ਰਤੀ ਜਾਗਰੂਕਤਾ ਨੂੰ ਹੋਰ ਮਜ਼ਬੂਤ ਕਰਨਾ ਸੀ। ਪ੍ਰਸ਼ਨ ਪੱਤਰ ਵਿੱਚ ਭਾਰਤੀ ਸੰਸਕ੍ਰਿਤੀ, ਮਹਾਂਪੁਰਖਾਂ ਦੇ ਜੀਵਨ ਆਦਰਸ਼, ਨੈਤਿਕ ਮੁੱਲਾਂ ਤੇ ਸਮਾਜਿਕ ਜ਼ਿੰਮੇਵਾਰੀਆਂ ਨਾਲ ਸੰਬੰਧਤ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ। ਪ੍ਰੀਖਿਆ ਰਾਹੀਂ ਅਧਿਆਪਕਾਂ ਦੇ ਗਿਆਨ ਦੇ ਨਾਲ-ਨਾਲ ਉਨ੍ਹਾਂ ਦੇ ਸੰਸਕ੍ਰਿਤਕ ਦ੍ਰਿਸ਼ਟੀਕੋਣ ਦੀ ਵੀ ਪਰਖ ਕੀਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਜਿੰਦਰ ਪਟਿਆਲ ਨੇ ਕਿਹਾ ਕਿ ਅਜਿਹੀਆਂ ਪ੍ਰੀਖਿਆਵਾਂ ਅਧਿਆਪਕਾਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਦੀਆਂ ਹਨ ਤੇ ਵਿਦਿਆਰਥੀਆਂ ਤੱਕ ਸਹੀ ਸੰਸਕਾਰ ਪਹੁੰਚਾਉਣ ਵਿੱਚ ਸਹਾਇਕ ਸਾਬਿਤ ਹੁੰਦੀਆਂ ਹਨ। ਉਨ੍ਹਾਂ ਸਾਰੇ ਅਧਿਆਪਕਾਂ ਦੇ ਸਹਿਯੋਗ ਤੇ ਭਾਗੀਦਾਰੀ ਦੀ ਸਰਾਹਨਾ ਕੀਤੀ। ਇਸ ਮੌਕੇ ਵਾਈਸ ਪ੍ਰਿੰਸੀਪਲ ਵਿਕਰਮਜੀਤ ਸਿੰਘ ਤੇ ਪ੍ਰੀਖਿਆ ਇੰਚਾਰਜ ਬੀਨਾ ਜਿੰਦਲ ਹਾਜ਼ਰ ਰਹੇ। ਅੰਤ ਵਿੱਚ ਸਫਲ ਆਯੋਜਨ ਲਈ ਪ੍ਰਬੰਧਕ ਸਮਿਤੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਤੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਆਯੋਜਕਾਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸੰਸਕਾਰਵਰਧਕ ਕਾਰਜਕ੍ਰਮ ਨਿਰੰਤਰ ਕਰਨ ਦਾ ਸੰਕਲਪ ਪ੍ਰਗਟ ਕੀਤਾ।

# ਪੁਲਸ ਜੁਗਾੜੂ ਰੇਹੜਿਆਂ ਦੇ ਚਲਾਨ ਕਰਕੇ ਮਜ਼ਦੂਰਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਕਰੇ : ਲਖਵੀਰ ਸਿੰਘ

### ਜੁਗਾੜੂ ਰੇਹੜਾ ਮਜ਼ਦੂਰਾਂ ਨੇ ਰੋਸ ਪ੍ਰਦਰਸ਼ਨ ਕਰ ਡੀ ਸੀ ਨੂੰ ਸੌਂਪਿਆ ਮੰਗ ਪੱਤਰ



**ਮੋਗਾ (ਇਕਬਾਲ ਸਿੰਘ ਖਹਿਰਾ)**-ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸਿਵਰ ਸਿੰਘ ਸਾਰੂਵਾਲਾ ਨੇ ਦੱਸਿਆ ਕਿ ਕਿ ਅੱਜ ਜੁਗਾੜੂ ਰੇਹੜੀਆਂ 'ਤੇ ਕੰਮ ਕਰਦੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਲਈ ਦਾਣਾ ਮੰਡੀ ਮੋਗਾ ਵਿੱਚ ਭਾਰੀ ਰੈਲੀ ਕੀਤੀ ਗਈ ਅਤੇ ਬਾਅਦ ਵਿੱਚ ਡੀ ਸੀ ਦਫ਼ਤਰ ਮੋਗਾ ਤੱਕ ਰੋਹ ਭਰਪੂਰ ਮਾਰਚ ਕੀਤਾ ਗਿਆ।ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਮਜ਼ਦੂਰਾਂ ਦੇ ਬੁਨਿਆਦੀ ਮਸਲਿਆਂ ਬਾਰੇ ਲਗਾਤਾਰ ਸੰਘਰਸ਼ ਕਰਦੀ ਰਹਿੰਦੀ ਹੈ।ਮਜ਼ਦੂਰਾਂ ਦੀ ਦਿਹਾੜੀ ਵਧਾਉਣ, ਪੰਚਾਇਤੀ ਜ਼ਮੀਨ 'ਚੋਂ ਹਿੱਸਾ ਲੈਣ, ਬੇਘਰਿਆਂ ਨੂੰ ਪਲਾਟ ਦਿਵਾਉਣ, ਮਜ਼ਦੂਰਾਂ ਨੂੰ ਸਰਕਾਰੀ ਸਹੂਲਤਾਂ ਦਿਵਾਉਣ ਮਜ਼ਦੂਰਾਂ ਨੂੰ ਨਰੇਗਾ ਕੰਮ ਦਵਾਉਣ, ਮਜ਼ਦੂਰਾਂ ਦੇ ਕਰਜ਼ੇ ਮਾਫ ਕਰਾਉਣ ਆਦਿ ਲਈ ਲੜਦੀ ਰਹਿੰਦੀ ਹੈ।ਮਜ਼ਦੂਰਾਂ ਦੇ ਰੁਜ਼ਗਾਰ ਬਹੁਤ ਸੁੰਗੜੇ ਹੋਏ ਹਨ।ਜੇਕਰ ਕੋਈ ਮਜ਼ਦੂਰ ਲੋਨ ਲੈ ਕੇ ਆਪਣਾ ਕੋਈ ਸੰਦ ਸਾਧਨ ਬਣਾ ਕੇ ਕਿਰਤ ਕਰਦਾ ਹੈ ਤਾਂ ਉਸ ਦੇ ਕੰਮ ਵਿੱਚ ਵੀ ਅੜਿੱਕੇ ਪੈਂਦੇ ਹਨ।ਅੱਜ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਜੁਗਾੜੂ ਰੇਹੜਿਆਂ ਵਾਲੇ ਕਿਰਤੀਆਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਿਆ, ਕਿਉਂਕਿ ਸਵੇਰੇ ਜਲਦੀ ਉੱਠ ਕੇ ਜਦੋਂ ਉਹ ਸਬਜ਼ੀ ਮੰਡੀ ਵਿੱਚੋਂ ਸਾਮਾਨ ਲਿਜਾਣ ਲਈ ਆਉਂਦੇ ਹਨ ਤਾਂ ਉਨ੍ਹਾਂ ਨੂੰ ਟ੍ਰੈਫਿਕ ਪੁਲਸ ਤੰਗ ਪ੍ਰੇਸ਼ਾਨ ਕਰਦੀ ਹੈ।ਚਲਾਨ ਕੱਟਣ ਦੇ ਦਾਬੇ ਮਾਰੇ ਜਾਂਦੇ ਹਨ।ਇਸ ਆਵਾਜ਼ ਨੂੰ ਡਿਪਟੀ ਕਮਿਸ਼ਨਰ ਮੋਗਾ ਤੱਕ ਪਹੁੰਚਾਉਣ ਲਈ ਅੱਜ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਮੋਗਾ ਦਾਣਾ ਮੰਡੀ ਵਿੱਚ ਵੱਡੀ ਰੈਲੀ ਕੀਤੀ ਗਈ।ਇਸ ਰੈਲੀ ਵਿੱਚ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਤੇ ਧਰਮ ਕੋਟ, ਬੱਧਨੀ ਤੇ ਮੋਗਾ ਦੇ ਜੁਗਾੜੂ ਰੇਹੜੀ ਵਾਲੇ ਕਿਰਤੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।

ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਲਖਵੀਰ ਸਿੰਘ ਲੌਂਗੋਵਾਲ ਨੇ ਮਜ਼ਦੂਰਾਂ ਦੀਆਂ ਸਮੱਸਿਆਵਾਂ 'ਤੇ ਬੋਲਦੇ ਹੋਏ ਸਰਕਾਰ ਤੋਂ ਮੰਗ ਕੀਤੀ ਕਿ ਗਰੀਬ ਕਿਰਤੀ, ਜਿਹੜੇ ਜੁਗਾੜੂ ਰੇਹੜਿਆਂ ਦੇ ਨਾਲ ਆਪਣੇ ਪਰਵਾਰ ਪਾਲ ਰਹੇ ਹਨ, ਸਰਕਾਰ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਨਾ ਕਰੇ।ਜੇਕਰ ਉਨ੍ਹਾਂ ਦੇ ਰੁਜ਼ਗਾਰ ਵਿੱਚ ਪੁਲਸ ਪ੍ਰਸ਼ਾਸਨ ਵੱਲੋਂ ਦਿੱਕਤਾਂ ਪਾਈਆਂ ਜਾਂਦੀਆਂ ਹਨ ਤਾਂ ਇਹ ਗਰੀਬ ਭੁੱਖੇ ਮਰ ਜਾਣਗੇ।ਰੈਲੀ ਤੋਂ ਬਾਅਦ ਦਾਣਾ ਮੰਡੀ ਤੋਂ ਡਿਪਟੀ ਕਮਿਸ਼ਨਰ ਮੋਗਾ ਦੇ ਦਫ਼ਤਰ ਤੱਕ ਰੋਹ ਭਰਪੂਰ ਨਾਹਰੇ ਲਾਉਂਦਿਆਂ ਮਾਰਚ ਕੀਤਾ ਗਿਆ।ਇੱਕ ਵਫ਼ਦ ਨੇ ਜਾ ਕੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ।ਬਾਅਦ ਵਿੱਚ ਜੁਗਾੜੂ ਰੇਹੜੀ ਵਾਲਿਆਂ ਨੇ ਕ੍ਰਾਂਤੀਕਾਰੀ ਪੇਂਡੂ ਜ਼ੋਨ ਕਮੇਟੀ ਦਾ ਗਠਨ ਕੀਤਾ, ਜਿਸ 'ਚ ਸੁੱਖਾ ਦੁਨੇਕੇ, ਗੁਰਪ੍ਰੀਤ ਸਿੰਘ ਲੰਢੂ, ਅਮਨ ਸਿੰਘ ਐਮੀ, ਨੇਕੂ ਪ੍ਰਤਾਪ ਰੋਡ ਸੀਪਾ, ਗੁਰਦੀਪ ਸਿੰਘ, ਅੰਬਰਪਾਲ ਸਿੰਘ, ਸੋਨੂ ਸਿੰਘ, ਲਾਲ ਸਿੰਘ, ਦਲੀਪ ਸਿੰਘ, ਜਸਬੀਰ ਸਿੰਘ ਭੀਮਾ ਕਮੇਟੀ ਮੈਂਬਰ ਚੁਣੇ ਗਏ।

## ਪੈਨਸ਼ਨਰਜ਼ ਦਿਵਸ ਨੂੰ ਸਮਰਪਤ ਚੇਤਨਾ ਕਨਵੈਨਸ਼ਨ 20 ਨੂੰ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੈਨਸ਼ਨਰਜ਼ ਦਿਵਸ ਨੂੰ ਸਮਰਪਤ 20 ਦਸੰਬਰ ਨੂੰ ਹੋ ਰਹੀ ਚੇਤਨਾ ਕਨਵੈਨਸ਼ਨ ਦੀ ਤਿਆਰੀ ਸੰਬੰਧੀ ਮੀਟਿੰਗ ਕਾਮਰੇਡ ਜਗਦੀਸ਼ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਕੀਤੀ ਗਈ।ਇਸ ਮੀਟਿੰਗ ਵਿੱਚ ਅਜਮੇਰ ਸਿੰਘ ਅਖਾੜਾ, ਚਮਕੌਰ ਸਿੰਘ ਡਗਰੂ, ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਬ੍ਰਾਂਚ ਮੋਗਾ ਦੇ ਜਨ. ਸਕੱਤਰ ਬੂਟਾ ਸਿੰਘ ਬੱਟੀ, ਭੁਪਿੰਦਰ ਸਿੰਘ ਭਿੰਡਾ, ਪੱਪਲਾ ਸਿੰਘ ਬਰਾੜ, ਸਤਪਾਲ ਸਹਿਗਲ, ਭੁਪਿੰਦਰ ਸਿੰਘ ਸੇਖੋਂ ਸ਼ਾਮਲ ਹੋਏ।ਮੀਟਿੰਗ ਵਿੱਚ ਚੋਣ ਡਿਊਟੀ 'ਤੇ ਜਾ ਰਹੇ ਦੋ ਅਧਿਆਪਕਾਂ, ਜਸਕਰਨ ਸਿੰਘ ਤੇ ਉਨ੍ਹਾਂ ਦੀ ਪਤਨੀ ਕਮਲਜੀਤ ਕੌਰ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕਰਦੇ ਹੋਏ ਸਰਕਾਰੀ ਤਾਣੇ-ਬਾਣੇ ਦੀ ਨਿਖੇਧੀ ਕੀਤੀ ਗਈ, ਜਿਨ੍ਹਾਂ ਨੇ ਚੋਣਾਂ ਵਿੱਚ ਅਧਿਆਪਕਾਂ ਤੇ ਹੋਰ ਮੁਲਾਜ਼ਮਾਂ ਦੀਆਂ ਦੂਰ ਦੂਰ ਡਿਊਟੀਆਂ ਲਗਾਈਆਂ ਅਤੇ ਸਰਦੀ ਦੇ ਮੌਸਮ ਵਿੱਚ ਧੁੰਦ ਵਿੱਚ ਮੁਲਾਜ਼ਮਾਂ ਨੂੰ ਸਟੇਸ਼ਨਾਂ 'ਤੇ ਪਹੁੰਚਣ ਲਈ ਆਪਣੀਆਂ ਜਾਨਾਂ ਤੋਂ ਹੱਥ ਧੋਣੇ ਪਏ।ਮੀਟਿੰਗ ਬਾਰੇ ਦੱਸਦੇ ਹੋਏ ਪ੍ਰਧਾਨ ਚਾਹਲ ਨੇ ਸੂਬਾ ਕਮੇਟੀ ਦੀ ਮੀਟਿੰਗ ਦੀ ਰਿਪੋਰਟਿੰਗ ਕੀਤੀ ਤੇ ਹੋਰ ਸਾਥੀਆਂ ਨੂੰ ਇਸ ਸੰਬੰਧੀ ਤਿਆਰੀ ਸੰਬੰਧੀ ਰਾਇ ਦੇਣ ਲਈ ਕਿਹਾ।ਇਸ ਉਪਰੰਤ ਸਰਬ ਸੰਮਤੀ ਨਾਲ ਤਿਆਰੀ ਸੰਬੰਧੀ ਬੈਨਰ ਬਣਾਉਣ, ਝੰਡੇ ਤਿਆਰ ਕਰਨ, ਚਾਹ-ਪਾਣੀ ਆਦਿ ਦਾ ਪ੍ਰਬੰਧ ਕਰਨ ਲਈ ਕਮੇਟੀਆਂ ਬਣਾਈਆਂ ਗਈਆਂ।ਉਨ੍ਹਾਂ ਸਾਰੇ ਪੈਨਸ਼ਨਰ, ਮੁਲਾਜ਼ਮ ਤੇ ਏਟਕ ਨਾਲ ਸੰਬੰਧਤ ਹੋਰ ਜਥੇਬੰਦੀਆਂ ਦੇ ਆਗੂਆਂ/ਵਰਕਰਾਂ ਨੂੰ ਅਪੀਲ ਕੀਤੀ ਕਿ 20 ਦਸੰਬਰ ਤੋਂ ਠੀਕ 10-30 ਵਜੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿੱਚ ਪਹੁੰਚ ਜਾਣ ਤਾਂ ਜੋ ਕਨਵੈਨਸ਼ਨ ਸਮੇਂ ਸਿਰ ਸ਼ੁਰੂ ਕੀਤੀ ਜਾ ਸਕੇ।ਉਨ੍ਹਾਂ ਇਹ ਅਪੀਲ ਵੀ ਕੀਤੀ ਸਾਰੇ ਸਾਥੀ ਆਪ ਵੀ ਆਉਣ ਤੇ ਹੋਰ ਸਾਥੀਆਂ ਨੂੰ ਵੀ ਨਾਲ ਲੈ ਕੇ ਆਉਣ।

## ਵੋਟਾਂ ਦੀ ਗਿਣਤੀ ਲਈ ਤਾਇਨਾਤ 25 ਮਾਈਕ੍ਰੋ ਅਬਜ਼ਰਵਰਾਂ ਨਾਲ ਬੈਠਕ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਜ਼ਿਲ੍ਹੇ 'ਚ ਬਲਾਕ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ 14 ਦਸੰਬਰ ਨੂੰ ਹੋਈਆਂ ਆਮ ਚੋਣਾਂ ਲਈ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਨਿਯੁਕਤ ਚੋਣ ਅਬਜ਼ਰਵਰ ਤੇ ਪਟਿਆਲਾ ਦੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਇਨ੍ਹਾਂ ਵੋਟਾਂ ਦੀ 17 ਦਸੰਬਰ ਨੂੰ ਹੋਣ ਵਾਲੀ ਗਿਣਤੀ ਲਈ ਤਾਇਨਾਤ ਮਾਈਕ੍ਰੋ ਆਬਜ਼ਰਵਰਾਂ ਨਾਲ ਬੈਠਕ ਕਰਕੇ ਅਹਿਮ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਨਾਲ ਏ.ਡੀ.ਸੀ. (ਦਿਹਾਤੀ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦਮਨਜੀਤ ਸਿੰਘ ਮਾਨ ਵੀ ਮੌਜੂਦ ਸਨ।ਵਿਨੈ ਬੁਬਲਾਨੀ ਨੇ ਕਿਹਾ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਨਿਰਪੱਖ ਤੇ ਆਜ਼ਾਦਾਨਾ ਚੋਣ ਪ੍ਰਕ੍ਰਿਆ ਮੁਕੰਮਲ ਕਰਨ ਲਈ ਇਨ੍ਹਾਂ ਵੋਟਾਂ ਦੀ ਗਿਣਤੀ ਉਪਰ ਨਿਗਰਾਨੀ ਲਈ ਤਾਇਨਾਤ ਸਾਰੇ 25 ਮਾਈਕ੍ਰੋ ਅਬਜ਼ਰਵਰ ਚੋਣ ਆਬਜ਼ਰਵਰ ਦੀਆਂ ਅੱਖਾਂ ਤੇ ਕੰਨ ਵਜੋਂ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਗਿਣਤੀ ਦੌਰਾਨ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਤੇ ਗਿਣਤੀ ਦਾ ਸਾਰਾ ਕੰਮ ਨਿਰਵਿਘਨ, ਨਿਰਪੱਖ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਨਿਗਰਾਨੀ ਰੱਖੀ ਜਾਵੇ।ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਇਸ ਦੌਰਾਨ ਮਾਸਟਰ ਟ੍ਰੇਨਰ ਨਰਿੰਦਰ ਸਿੰਘ ਢੀਂਡਸਾ ਵੱਲੋਂ ਇਨ੍ਹਾਂ ਮਾਈਕਰੋ ਆਬਜ਼ਰਵਰਾਂ ਨੂੰ ਦਿੱਤੀ ਗਈ ਸਿਖਲਾਈ ਦਾ ਵੀ ਜਾਇਜ਼ਾ ਲਿਆ।ਏ.ਡੀ.ਸੀ. ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਵੋਟਾਂ ਦੀ ਗਿਣਤੀ ਲਈ ਸਾਰੇ 10 ਗਿਣਤੀ ਕੇਂਦਰਾਂ ਵਿਖੇ ਦੋ-ਦੋ ਮਾਈਕਰੋ ਅਬਜ਼ਰਵਰਾਂ ਦੀ ਤਾਇਨਾਤੀ ਕੀਤੀ ਗਈ ਹੈ।

# ਲੋਕ ਸਭਾ 'ਚ ਬਿਜਲੀ ਐਕਟ ਪੇਸ਼ ਕਰਨ 'ਤੇ ਕਰਾਂਗੇ ਰੇਲਾਂ ਜਾਮ-ਸੰਯੁਕਤ ਮੋਰਚਾ ਤੇ ਸਹਿਯੋਗੀ ਜਥੇਬੰਦੀਆਂ

### 16 ਜਨਵਰੀ ਨੂੰ ਐੱਸ ਈ ਦਫ਼ਤਰਾਂ ਅੱਗੇ ਕੀਤੇ ਜਾਣਗੇ ਵਿਰੋਧ ਪ੍ਰਦਰਸ਼ਨ



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਦੌਰਾਨ ਹੋਏ ਫੈਸਲਿਆਂ ਮੁਤਾਬਿਕ ਸੰਸਦ ਅੰਦਰ ਜੇਕਰ ਕੇਂਦਰ ਦੀ ਭਾਜਪਾ ਸਰਕਾਰ ਹੈਂਕੜਬਾਜ਼ੀ ਕਰਕੇ ਬਿਜਲੀ ਐਕਟ 2025 ਪੇਸ ਕਰਕੇ ਲੋਕਾਂ ਦੇ ਹੱਕਾਂ ਦਾ ਘਾਣ ਕਰੇਗੀ ਤਾਂ ਸੰਯੁਕਤ ਕਿਸਾਨ ਮੋਰਚਾ ਤੋਂ ਇਲਾਵਾ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚੇ ਨੂੰ, ਬਿਜਲੀ ਮਹਿਕਮੇ ਦੀਆਂ ਜਥੇਬੰਦੀਆਂ, ਪੈਨਸ਼ਨਰ ਜਥੇਬੰਦੀਆਂ, ਏਟਕ, ਸੀਟੂ, ਏਕਟੂ, ਇਫਟੂ ਸਮੇਤ ਟ੍ਰੇਡ ਯੂਨੀਅਨਾਂ, ਠੇਕਾ ਮੁਲਾਜ਼ਮਾਂ ਦੀਆਂ ਜਥੇਬੰਦੀਆਂ, ਵਿਦਿਆਰਥੀ, ਨੌਜਵਾਨ ਤੇ ਔਰਤਾਂ ਦੀਆਂ ਜਥੇਬੰਦੀਆਂ ਅਗਲੇ ਦਿਨ ਸਵੇਰੇ 12 ਤੋਂ 3 ਵਜੇ ਤੱਕ ਰੇਲਾਂ ਦੇ ਚੱਕੇ ਜਾਮ ਕਰਕੇ ਟੋਲ ਪਲਾਜ਼ੇ ਫਰੀ ਕੀਤੇ ਜਾਣਗੇ।ਬਿਜਲੀ ਸੋਧ ਬਿੱਲ 2025 ਸੰਸਦ ਵਿੱਚ ਜਿਸ ਦਿਨ ਪੇਸ਼ ਕੀਤਾ ਜਾਂਦਾ ਹੈ ਉਸ ਤੋਂ ਅਗਲੇ ਦਿਨ ਕਾਲਾ ਦਿਨ ਮਨਾਇਆ ਜਾਵੇਗਾ। ਇਸ ਦਿਨ ਮੁਲਾਜ਼ਮ ਜਥੇਬੰਦੀਆਂ ਕਾਲੇ ਬਿੱਲੇ ਤੇ ਕਾਲੇ ਚੋਗੇ-ਕੱਪੜੇ ਪਾ ਕੇ ਗੇਟ ਰੈਲੀਆਂ ਕਰਕੇ ਤਿੱਖੇ ਪ੍ਰਦਰਸ਼ਨ ਕਰਨਗੀਆਂ।ਪੈਨਸ਼ਨਰਜ਼ ਜਥੇਬੰਦੀਆਂ ਜਾਮ ਲਾ ਕੇ ਟੋਲ ਪਲਾਜ਼ਿਆਂ ਉੱਪਰ ਸ਼ਾਮਲ ਹੋਣਗੀਆਂ।ਇਸ ਜਨਤਕ ਮੁਹਿੰਮ ਰਾਹੀਂ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਹਰ ਬਾਸ਼ਿੰਦੇ ਤੱਕ ਬਿਜਲੀ ਬਿੱਲ 2025, ਬੀਜ ਬਿੱਲ 2025, ਫਰੀ ਟਰੇਡ ਸਮਝੌਤਾ ਦੇ ਖੇਤੀ, ਡੇਅਰੀ ਖੇਤਰ ਤੇ ਅਨਾਜ ਸੁਰੱਖਿਆ ਨੂੰ ਹੋਣ ਵਾਲੇ ਨੁਕਸਾਨਾਂ ਅਤੇ ਸਰਕਾਰੀ ਤੇ ਜਨਤਕ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਦੇ ਨੁਕਸਾਨ ਪ੍ਰਤੀ, ਚਾਰ ਲੇਬਰ ਕੋਡ ਤੇ ਨਿੱਜੀਕਰਨ ਵਿਰੁੱਧ ਜਾਗਰੂਕ ਕਰਕੇ ਸੰਘਰਸ਼ ਵਿੱਚ ਸ਼ਾਮਲ ਹੋਣ ਤੇ ਸਹਿਯੋਗ ਕਰਨ ਦਾ ਹੋਕਾ ਦਿੱਤਾ ਜਾਵੇਗਾ।ਜਨਤਕ ਮੁਹਿੰਮ ਨੂੰ ਭਖਾ ਕੇ ਤਿੱਖਾ ਕਰਨ ਲਈ 28 ਦਸੰਬਰ ਤੋਂ 4 ਜਨਵਰੀ ਤੱਕ ਸਮੂਹ ਜਥੇਬੰਦੀਆਂ ਟਰੈਕਟਰ, ਮੋਟਰਸਾਈਕਲ, ਢੋਲ, ਜੱਥਾ ਮਾਰਚ, ਰੈਲੀਆਂ, ਨੁੱਕੜ ਮੀਟਿੰਗਾਂ ਤੇ ਜਾਗੋ ਕੱਢ ਕੇ ਸੰਘਰਸ਼ ਦਾ ਮਾਹੌਲ ਸਰਕਾਰਾਂ ਵੱਲ ਕਰਨ ਲਈ ਮਹੌਲ ਤਿਆਰ ਕਰਨਗੀਆਂ।16 ਜਨਵਰੀ ਨੂੰ ਬਿਜਲੀ ਮਹਿਕਮੇ ਦੇ ਐੱਸ. ਈ. ਦਫਤਰਾਂ ਸਾਹਮਣੇ ਹਜ਼ਾਰਾਂ ਦੀ ਗਿਣਤੀ ਵਿੱਚ ਲਾਮਬੰਦੀ ਕਰਦਿਆਂ ਵਿਸ਼ਾਲ ਧਰਨੇ ਦਿੱਤੇ ਜਾਣਗੇ।ਇਨ੍ਹਾਂ ਸਾਰੇ ਐਕਸ਼ਨ ਪ੍ਰੋਗਰਾਮਾਂ ਨੂੰ ਲਾਗੂ ਕਰਨ ਸਮੇਂ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਸਾਹਿਬਾਨ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਦੂਸਰੀਆਂ ਜਥੇਬੰਦੀਆਂ ਨੂੰ ਬਣਦਾ ਸਤਿਕਾਰ ਤੇ ਯੋਗ ਸਥਾਨ ਜ਼ਰੂਰ ਦਿੱਤਾ ਜਾਵੇਗਾ ਤਾਂ ਜੋ ਸੰਘਰਸ਼ ਨੂੰ ਮਜ਼ਬੂਤੀ ਵੱਲ ਲਿਜਾ ਕੇ ਜਿੱਤ ਯਕੀਨੀ ਬਣਾਈ ਜਾ ਸਕੇ।ਮੀਟਿੰਗ ਦੌਰਾਨ ਸੁਦਾਗਰ ਸਿੰਘ ਘੁੰਡਾਣੀ, ਚਮਕੌਰ ਸਿੰਘ ਬਰਮੀਂ, ਰਘਬੀਰ ਸਿੰਘ ਬੈਨੀਪਾਲ, ਬਲਦੇਵ ਸਿੰਘ, ਰਘਬੀਰ ਸਿੰਘ, ਸਾਧੂ ਸਿੰਘ, ਪਵਨਦੀਪ ਸਿੰਘ ਮੇਹਲੋਂ, ਸ਼ਮਸ਼ੇਰ ਆਸੀ, ਹਰਦੇਵ ਸੰਧੂ ਆਦਿ ਕਿਸਾਨ ਜਥੇਬੰਦੀਆਂ ਵੱਲੋਂ ਹਾਜ਼ਰ ਹੋਏ, ਜਦੋਂਕਿ ਮੁਲਾਜ਼ਮ, ਮਜ਼ਦੂਰ ਤੇ ਪੈਨਸ਼ਨਰਜ਼ ਯੂਨੀਅਨਾਂ ਸੀਟੂ, ਏਟਕ, ਕਾਰਖ਼ਾਨਾ ਮਜ਼ਦੂਰ ਯੂਨੀਅਨ, ਸਟੀਲ ਵਰਕਰ ਯੂਨੀਅਨ, ਵੇਰਕਾ ਮਿਲਕ ਪਲਾਂਟ ਯੂਨੀਅਨ, ਠੇਕਾ ਵਰਕਰ ਯੂਨੀਅਨ, ਮੈਡੀਕਲ ਵਰਕਰ ਯੂਨੀਅਨ, ਰੇਹੜੀ ਫ਼ੜੀ ਯੂਨੀਅਨ, ਟੀ ਐੱਸ ਯੂ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਤੇ ਕਿਸਾਨ ਯੂਨੀਅਨ, ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਆਦਿ ਵੱਲੋਂ ਸੁੱਖਵਿੰਦਰ ਸਿੰਘ ਲੋਟੇ, ਲਖਵਿੰਦਰ ਸਿੰਘ, ਕੇਵਲ ਸਿੰਘ ਬਨਵੈਤ, ਬਲਰਾਮ ਸਿੰਘ, ਹਰਜਿੰਦਰ ਸਿੰਘ, ਸੁਰਿੰਦਰ ਸਿੰਘ, ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ, ਡਾ. ਸੁਰਜੀਤ ਸਿੰਘ, ਸੁਖਦੇਵ ਸਿੰਘ ਮਾਣੂੰਕੇ, ਨਾਰਦਨ ਵਿਨੋਦ ਤਿਵਾੜੀ, ਬਲਬੀਰ ਸਿੰਘ, ਹਰਪਾਲ ਸਿੰਘ ਰਛਪਾਲ ਸਿੰਘ ਆਦਿ ਨੇ ਗਰਮ ਜੋਸ਼ੀ ਨਾਲ ਇਸ ਸੰਘਰਸ਼ ਵਿੱਚ ਸ਼ਾਮਲ ਹੋ ਕੇ ਵਿਰੋਧ ਕਰਨ ਦਾ ਐਲਾਨ ਕੀਤਾ।

## ਪਟਿਆਲਾ ਨੂੰ ਗਰੀਨ ਸਿਟੀ ਬਣਾਉਣ ਵੱਲ ਵੱਡਾ ਕਦਮ : ਸਿਹਤ ਮੰਤਰੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਨਗਰ ਨਿਗਮ ਕਾਰਪੋਰੇਸ਼ਨ ਵਿਖੇ ਨਿਗਮ ਦੇ ਮੇਅਰ ਕੁੰਦਨ ਗੋਗੀਆ ਤੇ ਐਸ.ਈ. ਤੇ ਹੋਰ ਉੱਚ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ 'ਚ ਸ਼ਹਿਰ ਦੇ ਵਿਕਾਸ, ਸਫ਼ਾਈ ਪ੍ਰਬੰਧ, ਗਰੀਨ ਸਿਟੀ ਪ੍ਰੋਜੈਕਟ ਤੇ ਟ੍ਰੈਫ਼ਿਕ ਪ੍ਰਬੰਧਨ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਵਿਸ਼ੇਸ਼ ਗੱਲਬਾਤ ਕੀਤੀ ਗਈ ।ਮੀਟਿੰਗ ਦੌਰਾਨ ਸ਼ਹਿਰ ਨੂੰ ਗਰੀਨ ਸਿਟੀ ਵਜੋਂ ਵਿਕਸਤ ਕਰਨ ਲਈ ਵੱਧ ਤੋਂ ਵੱਧ ਰੁੱਖ ਲਾਉਣ, ਪਾਰਕਾਂ ਦੀ ਸੰਭਾਲ, ਸੜਕਾਂ ਦੇ ਕਿਨਾਰੇ ਹਰੇ-ਭਰੇ ਖੇਤਰ ਤਿਆਰ ਕਰਨ ਤੇ ਪ੍ਰਦੂਸ਼ਣ ਘਟਾਉਣ ਲਈ ਢੁੱਕਵੇਂ ਕਦਮ ਚੁੱਕਣ ਬਾਰੇ ਚਰਚਾ ਕੀਤੀ ਗਈ।ਇਸ ਤੋਂ ਇਲਾਵਾ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ, ਨਵੀਆਂ ਸੜਕਾਂ, ਨਾਲੀਆਂ ਤੇ ਸਟ੍ਰੀਟ ਲਾਈਟਾਂ ਦੇ ਸੁਧਾਰ ਬਾਰੇ ਵੀ ਯੋਜਨਾਵਾਂ ਤਿਆਰ ਕਰਨ 'ਤੇ ਜ਼ੋਰ ਦਿੱਤਾ ਗਿਆ।ਦੱਸਣਯੋਗ ਹੈ ਕਿ ਮੀਟਿੰਗ 'ਚ ਵਿਸ਼ੇਸ਼ ਤੌਰ 'ਤੇ ਰੇਹੜੀ-ਫੜ੍ਹੀ ਲਾਉਣ ਵਾਲਿਆਂ ਲਈ ਨਵੀਆਂ ਤੇ ਨਿਯਮਤ ਥਾਵਾਂ ਬਣਾਉਣ ਬਾਰੇ ਵੀ ਖਾਸ ਤੌਰ 'ਤੇ ਵਿਚਾਰ ਕੀਤਾ ਗਿਆ ਤਾਂ ਜੁ ਰੁਜ਼ਗਾਰ ਵੀ ਬਣਿਆ ਰਹੇ ਤੇ ਟ੍ਰੈਫ਼ਿਕ ਜਾਂ ਸਫਾਈ ਦੀ ਸਮੱਸਿਆ ਵੀ ਪੈਦਾ ਨਾ ਹੋਵੇ।ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਯੋਜਨਾਵਾਂ ਨੂੰ ਜਲਦੀ ਲਾਗੂ ਕੀਤਾ ਜਾਵੇ।

## ਸਿਟੀਜ਼ਨ ਵੈੱਲਫੇਅਰ ਕੌਂਸਲ ਨੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ



**ਜਲਾਲਾਬਾਦ (ਬਲਵਿੰਦਰ ਸਿੰਘ)**-ਸਿਟੀਜਨ ਵੈਲਫੇਅਰ ਕੌਂਸਲ ਵੱਲੋਂ ਪ੍ਰਧਾਨ ਸਤੀਸ਼ ਕੁਮਾਰ ਚਰਾਇਆ ਦੀ ਅਗਵਾਈ ਹੇਠ ਨੋਬਲ ਫਾਊਂਡੇਸ਼ਨ ਦੁਆਰਾ ਚਲਾਏ ਜਾ ਰਹੇ ਮਾ ਸਾਰਦਾ ਵਿਦਿਆ ਪੀਠ ਵਿੱਚ ਪੜ੍ਹ ਰਹੇ 64 ਲੋੜਵੰਦ ਬੱਚਿਆਂ ਲਈ ਸਹਾਇਤਾ ਸਮੱਗਰੀ ਵੰਡ ਸਮਾਗਮ ਦਾ ਆਯੋਜਨ ਕੀਤਾ ਗਿਆ। ਬੱਚਿਆਂ ਨੂੰ ਪੜ੍ਹਾਈ ਲਈ ਲੋੜੀਂਦੀ ਸਟੇਸ਼ਨਰੀ ਕਾਪੀਆਂ, ਕਲਮਾਂ, ਪੈਨਸਲਾਂ ਤੇ ਹੋਰ ਸਿੱਖਿਆ ਸਮੱਗਰੀ ਵੰਡੀ ਗਈ, ਜਿਸ ਨਾਲ ਬੱਚਿਆਂ ਵਿੱਚ ਪੜ੍ਹਾਈ ਪ੍ਰਤੀ ਉਤਸ਼ਾਹ ਤੇ ਆਤਮਵਿਸ਼ਵਾਸ ਵਿੱਚ ਵਾਧਾ ਦੇਖਣ ਨੂੰ ਮਿਲਿਆ। ਇਸ ਦੇ ਨਾਲ ਹੀ ਪ੍ਰਸਿੱਧ ਸਮਾਜ ਸੇਵੀ ਸਗਨ ਲਾਲ ਗਾਬਾ ਵੱਲੋਂ ਸਕੂਲ ਦੇ ਸਾਰੇ ਬੱਚਿਆਂ ਲਈ ਪੌਸ਼ਟਿਕ ਦੁਪਹਿਰ ਦੇ ਭੋਜਨ (ਮਿਡ ਡੇਅ ਮੀਲ) ਦਾ ਵੀ ਵਿਸੇਸ ਪ੍ਰਬੰਧ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਸਤੀਸ਼ ਕੁਮਾਰ ਚਰਾਇਆ ਨੇ ਕਿਹਾ ਕਿ ਸਿੱਖਿਆ ਤੇ ਪੋਸ਼ਣ ਮਿਲ ਕੇ ਹੀ ਬੱਚਿਆਂ ਦੇ ਭਵਿੱਖ ਦੀ ਮਜਬੂਤ ਨੀਂਹ ਰੱਖਦੇ ਹਨ। ਸਾਡਾ ਉਦੇਸ਼ ਹੈ ਕਿ ਕੋਈ ਵੀ ਬੱਚਾ ਸਾਧਨਾਂ ਦੀ ਕਮੀ ਕਾਰਨ ਪੜ੍ਹਾਈ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਸੰਸਥਾ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤੈਸੀ ਕਾਰਜ ਲਗਾਤਾਰ ਜਾਰੀ ਰੱਖੇਗੀ। ਸੰਸਥਾ ਦੇ ਜਨਰਲ ਸਕੱਤਰ ਪ੍ਰਕਾਸ਼ ਦੋਸੀ ਨੇ ਵੀ ਸਮਾਜ ਦੇ ਸਮਰਥ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆ ਕੇ ਸਿੱਖਿਆ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਯੋਗਦਾਨ ਪਾਉਣ, ਤਾਂ ਜੁ ਸਮਾਜ ਦਾ ਹਰ ਵਰਗ ਅੱਗੇ ਵਧ ਸਕੇ। ਸਮਾਗਮ ਦੇ ਅੰਤ 'ਚ ਸਕੂਲ ਪ੍ਰਬੰਧਕਾਂ ਵੱਲੋਂ ਸਿਟੀਜਨ ਵੈਲਫ਼ੇਅਰ ਕੌਂਸਲ ਅਤੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਇਸ ਤਰ੍ਹਾਂ ਦੇ ਉਪਰਾਲੇ ਲੋੜਵੰਦ ਬੱਚਿਆਂ ਦੇ ਜੀਵਨ ਵਿੱਚ ਨਵੀਂ ਆਸ ਤੇ ਰੌਸ਼ਨੀ ਲਿਆਉਂਦੇ ਹਨ।

## ਤਿੰਨ ਜ਼ਿਲ੍ਹਿਆਂ ਦੀ ਪੁਲਸ ਤੋਂ ਨਹੀਂ ਫੜਿਆ ਜਾ ਰਿਹਾ ਨੀਲੀ ਬੱਤੀ ਵਾਲਾ ਰਾਮ ਮੇਹਰ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਨਕਲੀ ਸਮਾਧਾਨ ਪੇਂਡੂ ਭਲਾਈ ਤੇ ਰੁਜ਼ਗਾਰ ਸੇਵਾ ਲਿਮਟਿਡ (ਭਾਰਤ ਸਰਕਾਰ) ਦਫ਼ਤਰ ਦਾ ਮੁਖੀ ਕਹਾਉਣ ਵਾਲਾ ਰਾਜਪੁਰਾ ਪਿੰਡ ਦਾ ਰਾਮ ਮੇਹਰ ਇਸ ਸਮੇਂ ਫਰਾਰ ਹੈ। ਸਿਰਸਾ ਪੁਲਸ ਦੀ ਹੁਣ ਤੱਕ ਕੀਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਰਾਮ ਮੇਹਰ ਨੇ ਪਹਿਲਾਂ ਵੀ 2015 ਵਿੱਚ ਚੰਡੀਗੜ੍ਹ ਵਿੱਚ ਅਜਿਹਾ ਨਕਲੀ ਸਰਕਾਰੀ ਦਫ਼ਤਰ ਖੋਲ੍ਹਿਆ ਸੀ। ਜਿਥੇ ਉਸਨੇ ਦਫ਼ਤਰ ਖੋਲ੍ਹ ਕੇ 1.5 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ। ਚੰਡੀਗੜ੍ਹ ਪੁਲਿਸ ਨੇ ਮਾਮਲਾ ਦਰਜ ਕੀਤਾ ਤਾਂ ਰਾਮ ਮੇਹਰ ਨੇ ਅਦਾਲਤ ਤੋਂ ਜ਼ਮਾਨਤ ਲਈ ਤੇ ਉਹ ਇਸ ਸਮੇਂ ਜ਼ਮਾਨਤ 'ਤੇ ਆ ਕੇ ਫਰਾਰ ਹੈ। ਇਸ ਤੋਂ ਬਾਅਦ ਰਾਮ ਮੇਹਰ ਨੇ ਹਿਸਾਰ 'ਚ ਵੀ ਸਰਕਾਰੀ ਦਫ਼ਤਰ ਖੋਲ੍ਹ ਕੇ ਲੋਕਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰੀ। ਸਿਰਸਾ ਦਾ ਧੋਖਾਧੜੀ ਵਾਲਾ ਦਫ਼ਤਰ ਇੱਕ ਮਹੀਨਾ ਪਹਿਲਾਂ ਬੇਨਕਾਬ ਹੋਇਆ ਸੀ। ਪੁਲਿਸ ਨੂੰ ਭਿਵਾਨੀ ਵਿੱਚ ਵੀ ਇੱਕ ਜਾਅਲੀ ਦਫ਼ਤਰ ਖੋਲ੍ਹਣ ਦੀ ਜਾਣਕਾਰੀ ਮਿਲੀ ਹੈ। ਛਾਤਰ ਠੱਗ ਰਾਮਮੇਹਰ ਬਾਜ਼ਾਰ ਵਿਚ ਭੀੜ-ਭੜੱਕੇ ਵਾਲੇ ਖੇਤਰਾਂ ਵਿੱਚ ਜਾਅਲੀ ਦਫਤਰ ਖੋਲ੍ਹਦਾ ਸੀ, ਜਿੱਥੇ ਉਹ ਦਫਤਰ ਆਉਣ-ਜਾਣ ਲਈ ਨੀਲੀ ਬੱਤੀ ਵਾਲੀ ਗੱਡੀ ਰੱਖਦਾ ਸੀ। ਉਹ ਲੋਕਾਂ ਨੂੰ ਆਪਣੇ ਦਫਤਰ 'ਚ ਨੌਕਰੀਆਂ ਦੀ ਪੇਸ਼ਕਸ਼ ਕਰਦਾ ਸੀ ਤੇ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਦੀ ਆੜ ਵਿੱਚ 250,000 ਤੋਂ 300,000 ਰੁਪਏ ਪਹਿਲਾਂ ਵਸੂਲਦਾ ਸੀ। ਰਾਮ ਮੇਹਰ ਨਕਲੀ ਸਰਕਾਰੀ ਨਿਯਮ ਵੀ ਬਣਾਉਂਦਾ ਸੀ ਤਾਂ ਜੁ ਕੋਈ ਉਸ 'ਤੇ ਸ਼ੱਕ ਨਾ ਕਰੇ। ਉਹ ਬੀਪੀਐਲ ਕਾਰਡਾਂ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਸੀ। ਉਹ ਉਨ੍ਹਾਂ ਤੋਂ ਸਰਕਾਰੀ ਯੋਜਨਾਵਾਂ ਦਾ ਲਾਭ ਉਠਾਉਣ ਲਈ ਫਾਰਮ ਭਰਵਾਉਂਦਾ ਸੀ ਤੇ ਲੋਕਾਂ ਤੋਂ ਸਰਕਾਰੀ ਯੋਜਨਾਵਾਂ ਲਈ ਅਰਜ਼ੀਆਂ ਭਰਨ ਲਈ ਮੋਟੇ ਪੈਸੇ ਲੈਣ ਲਈ ਸਟਾਫ਼ ਨੂੰ ਨਿਯੁਕਤ ਕਰਦਾ ਸੀ। ਸਿਰਸਾ ਪੁਲਸ ਨੇ ਵੱਖ ਵੱਖ ਧਰਾਵਾਂ ਹੇਠ ਕੇਸ ਦਰਜ ਕਰਕੇ ਨੀਲੀ ਬੱਤੀ ਵਾਲੀ ਬੋਲੈਰੋ ਗੱਡੀ ਨੂੰ ਤਾਂ ਜ਼ਬਤ ਕਰ ਲਿਆ ਸੀ, ਪਰ ਜ਼ਮਾਨਤ 'ਤੇ ਆਏ ਮਹਾਂ ਛਾਤਰ ਠੱਗ ਰਾਮ ਮੇਹਰ ਨੂੰ ਹਾਲੇ ਤੱਕ ਚੰਡੀਗੜ੍ਹ, ਹਿਸਾਰ ਤੇ ਸਿਰਸਾ ਪੁਲਸ ਵੀ ਨਹੀਂ ਲੱਭ ਸਕੀ?

## ਸਫਾ 1 ਦੇ ਬਾਕੀ...

### ਤਾਰੀ ਅਟਵਾਲ ਵੱਲੋਂ ...

ਕੇ) ਤੋਂ ਆਏ ਕੁਲਵੰਤ ਸਿੰਘ ਕਮਲ (ਵਾਸੀ ਮੌ ਸਾਹਿਬ) ਰਾਹੀਂ ਭੇਟ ਕੀਤਾ। ਇਸ ਮੌਕੇ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਮੇਟੀ ਦੀ ਤਰਫ਼ੋਂ ਅਵਤਾਰ ਤਾਰੀ ਦਾ ਦਿਲੋਂ ਧੰਨਵਾਦ ਕੀਤਾ। ਚੈੱਕ ਪ੍ਰਾਪਤ ਕਰਦੇ ਸਮੇਂ ਹਾਜ਼ਰ ਸਮੂਹ ਕਮੇਟੀ ਮੈਂਬਰਾਂ ਨੇ ਤਾਰੀ ਅਟਵਾਲ ਨੂੰ ਨਿੱਘੀ ਮੁਹੱਬਤ ਭਰਿਆ ਸੁਨੇਹਾ ਕੁਲਵੰਤ ਕਮਲ ਦੇ ਹੱਥ ਭੇਜਦੇ ਹੋਏ ਮਾਣ ਮਹਿਸੂਸ ਕੀਤਾ ਕਿ ਉਹਨਾ ਦੀ ਇਹ ਅਮੁੱਲੀ ਦੇਣ ਦੇਸ਼ ਭਗਤ ਯਾਦਗਾਰ ਹਾਲ ਅੰਦਰ ਹੋਣ ਵਾਲੀਆਂ ਸਰਗਰਮੀਆਂ ਲਈ ਸਹਾਈ ਹੋਏਗੀ। ਕਮੇਟੀ ਨੇ ਕਿਹਾ ਕਿ ਆਪਣੀ ਮਹਾਨ ਇਤਿਹਾਸਕ ਵਿਰਾਸਤ ਨੂੰ ਸੰਭਾਲਣ ਅਤੇ ਇਸ ਦੀਆਂ ਸਰਗਰਮੀਆਂ ਨੂੰ ਸਹਾਈ ਹੋਣ ਲਈ ਅਜਿਹੇ ਉੱਦਮ ਕਰਨ 'ਤੇ ਕਮੇਟੀ ਨੂੰ ਅਥਾਹ ਮਾਣ ਹੈ। ਕੁਲਵੰਤ ਕਮਲ ਨੇ ਦੱਸਿਆ ਕਿ ਤਾਰੀ ਅਟਵਾਲ ਨੇ ਇਹ ਸੁਨੇਹਾ ਵੀ ਭੇਜਿਆ ਹੈ ਕਿ ਉਹ ਭਵਿੱਖ਼ ਵਿੱਚ ਹੋਰ ਸਹਾਇਤਾ ਵੀ ਕਰਨਗੇ। ਇਸ ਮੌਕੇ ਕਮੇਟੀ ਦੇ ਸਹਾਇਕ ਸਕੱਤਰ ਡਾ. ਗੋਪਾਲ ਸਿੰਘ ਬੁੱਟਰ, ਕਮੇਟੀ ਮੈਂਬਰ ਅਮੋਲਕ ਸਿੰਘ, ਚਰੰਜੀ ਲਾਲ ਕੰਗਣੀਵਾਲ, ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਜਮੇਰ ਸਿੰਘ ਅਤੇ ਸੁਰਿੰਦਰ ਕੁਮਾਰੀ ਕੋਛੜ ਵੀ ਹਾਜ਼ਰ ਸਨ।

### ਮਾਨ ਵੱਲੋਂ ਸ਼ਰਧਾਲੂਆਂ ...

ਈ-ਰਿਕਸ਼ੇ ਅਤੇ 200 ਸ਼ਟਲ ਬੱਸਾਂ ਤਾਇਨਾਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜੋ ਮੁਫਤ ਸਫ਼ਰ ਦੀ ਸਹੂਲਤ ਮੁਹੱਈਆ ਕਰਵਾਉਣਗੀਆਂ।

ਮਾਨ ਨੇ ਕਿਹਾ ਕਿ ਪਵਿੱਤਰ ਨਗਰੀ ਵਿੱਚ 20 ਆਮ ਆਦਮੀ ਕਲੀਨਿਕ (ਏ ਏ ਸੀ) ਸਥਾਪਤ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਲੋਕਾਂ ਲਈ ਲੋੜ ਪੈਣ 'ਤੇ ਮਿਆਰੀ ਇਲਾਜ ਯਕੀਨੀ ਬਣਾਇਆ ਜਾ ਸਕੇ।

### ਮਨਰੇਗਾ ਦੀ ਥਾਂ...

ਲਿਆਏ ਹਨ, ਪਰ ਉਨ੍ਹਾਂ ਮਹਾਤਮਾ ਗਾਂਧੀ ਦਾ ਨਾਂਅ ਕਿਉਂ ਹਟਾ ਦਿੱਤਾ ਹੈ?'

ਸਰਕਾਰ ਦੇ ਇਸ ਕਦਮ ਬਾਰੇ ਪੁੱਛੇ ਜਾਣ 'ਤੇ ਕਾਂਗਰਸ ਆਗੂ ਪ੍ਰਿਅੰਕਾ ਗਾਂਧੀ ਨੇ ਕਿਹਾ, 'ਜਦੋਂ ਵੀ ਕਿਸੇ ਸਕੀਮ ਦਾ ਨਾਂਅ ਬਦਲਿਆ ਜਾਂਦਾ ਹੈ, ਤਾਂ ਦਫਤਰਾਂ, ਸਟੇਸ਼ਨਰੀ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕਰਨੀਆਂ ਪੈਂਦੀਆਂ ਹਨ, ਜਿਸ 'ਤੇ ਪੈਸਾ ਖਰਚ ਹੁੰਦਾ ਹੈ। ਇਸ ਲਈ, ਕੀ ਫਾਇਦਾ ਹੈ? ਇਹ ਕਿਉਂ ਕੀਤਾ ਜਾ ਰਿਹਾ ਹੈ?'

ਉਨ੍ਹਾ ਕਿਹਾ, 'ਮਹਾਤਮਾ ਗਾਂਧੀ ਦਾ ਨਾਂਅ ਕਿਉਂ ਹਟਾਇਆ ਜਾ ਰਿਹਾ ਹੈ। ਮਹਾਤਮਾ ਗਾਂਧੀ ਨੂੰ ਨਾ ਸਿਰਫ ਦੇਸ਼ ਵਿੱਚ, ਸਗੋਂ ਦੁਨੀਆ ਵਿੱਚ ਸਭ ਤੋਂ ਵੱਡਾ ਆਗੂ ਮੰਨਿਆ ਜਾਂਦਾ ਹੈ, ਇਸ ਲਈ ਉਨ੍ਹਾ ਦਾ ਨਾਂਅ ਹਟਾਉਣਾ ਮੈਨੂੰ ਸੱਚਮੁੱਚ ਸਮਝ ਨਹੀਂ ਆਉਂਦਾ ਕਿ ਇਸ ਦਾ ਉਦੇਸ਼ ਕੀ ਹੈ। ਉਨ੍ਹਾਂ ਦਾ ਇਰਾਦਾ ਕੀ ਹੈ?'

ਤ੍ਰਿਣਮੂਲ ਕਾਂਗਰਸ ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਸੰਸਦ ਮੈਂਬਰ ਡੈਰੇਕ ਓ'ਬ੍ਰਾਇਨ ਨੇ ਸਰਕਾਰ ਦੇ ਇਸ ਕਦਮ ਨੂੰ 'ਮਹਾਤਮਾ ਗਾਂਧੀ ਦਾ ਅਪਮਾਨ' ਕਰਾਰ ਦਿੱਤਾ ਹੈ। ਉਨ੍ਹਾ ਕਿਹਾ, 'ਪਰ ਫਿਰ, ਕੀ ਤੁਸੀਂ ਹੈਰਾਨ ਹੋ! ਇਹ ਉਹੀ ਲੋਕ ਹਨ, ਜਿਨ੍ਹਾਂ ਨੇ ਮਹਾਤਮਾ ਗਾਂਧੀ ਨੂੰ ਮਾਰਨ ਵਾਲੇ ਵਿਅਕਤੀ ਦੀ ਪੂਜਾ ਕੀਤੀ। ਉਹ ਮਹਾਤਮਾ ਗਾਂਧੀ ਦਾ ਅਪਮਾਨ ਕਰਨਾ ਅਤੇ ਉਨ੍ਹਾਂ ਨੂੰ ਇਤਿਹਾਸ ਵਿੱਚੋਂ ਹਟਾਉਣਾ ਚਾਹੁੰਦੇ ਹਨ।'

ਸੀ ਪੀ ਆਈ (ਐੱਮ) ਦੇ ਜਨਰਲ ਸਕੱਤਰ ਐੱਮ ਏ ਬੇਬੀ ਨੇ ਇਸ ਨੂੰ ਇਸ ਤੱਥ ਨੂੰ ਛੁਪਾਉਣ ਦੀ ਕੋਸ਼ਿਸ਼ ਦੱਸਦਿਆਂ ਕਿਹਾ ਕਿ ਇਸ ਸਕੀਮ ਨੂੰ ਖਤਮ ਕੀਤਾ ਜਾ ਰਿਹਾ ਹੈ। ਸੀ ਪੀ ਆਈ (ਐੱਮ) ਦੇ ਰਾਜ ਸਭਾ ਮੈਂਬਰ ਜੌਹਨ ਬ੍ਰਿਟਸ ਨੇ ਕਿਹਾ ਕਿ ਮਨਰੇਗਾ ਨੂੰ 'ਜੀ ਰਾਮ ਜੀ' ਨਾਲ ਬਦਲਿਆ ਜਾ ਰਿਹਾ ਹੈ। ਇਹ ਟਰੇਲਰ ਹੈ। ਖਤਰਾ ਇਸ ਤੋਂ ਵੀ ਡੂੰਘਾ ਹੈ। ਕਿਹਾ ਜਾ ਰਿਹਾ ਹੈ ਕਿ ਹੁਣ 125 ਦਿਨ ਕੰਮ ਦਿੱਤਾ ਜਾਵੇਗਾ। ਅਸਲ ਵਿੱਚ ਹੁਣ ਇਸ ਲਈ ਕੇਂਦਰ 60 ਫੀਸਦੀ ਤੇ ਰਾਜ 40 ਫੀਸਦੀ ਹਿੱਸਾ ਪਾਉਣਗੇ। ਮਨਰੇਗਾ ਦੇ ਸਾਰੇ ਪੈਸੇ ਕੇਂਦਰ ਦਿੰਦਾ ਸੀ। ਇਸ ਤਰ੍ਹਾਂ ਰਾਜਾਂ 'ਤੇ ਕਰੀਬ 50 ਹਜ਼ਾਰ ਕਰੋੜ ਰੁਪਏ ਦਾ ਭਾਰ ਪਵੇਗਾ।

ਉੱਧਰ ਇਸ ਬਿੱਲ ਦੇ ਉਦੇਸ਼ ਬਾਰੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਮਨਰੇਗਾ ਨੇ ਪਿਛਲੇ 20 ਸਾਲਾਂ ਤੋਂ ਪੇਂਡੂ ਪਰਵਾਰਾਂ ਨੂੰ ਗਾਰੰਟੀਸ਼ੁਦਾ ਤਨਖਾਹ ਵਾਲਾ ਰੁਜ਼ਗਾਰ ਪ੍ਰਦਾਨ ਕੀਤਾ ਹੈ। ਹਾਲਾਂਕਿ, ਉਨ੍ਹਾ ਕਿਹਾ ਕਿ 'ਸਮਾਜਕ ਸੁਰੱਖਿਆ ਦਖਲਅੰਦਾਜ਼ੀਆਂ ਦੀ ਵਿਆਪਕ ਕਵਰੇਜ ਅਤੇ ਪ੍ਰਮੁੱਖ ਸਰਕਾਰੀ ਸਕੀਮਾਂ ਦੇ ਸੰਤ੍ਰਿਪਤੀ-ਮੁਖੀ ਲਾਗੂ ਕਰਨ ਦੁਆਰਾ ਪੇਂਡੂ ਖੇਤਰ ਵਿੱਚ ਦੇਖੇ ਗਏ ਮਹੱਤਵਪੂਰਨ ਸਮਾਜਕ-ਆਰਥਕ ਪਰਿਵਰਤਨ ਦੇ ਮੱਦੇਨਜ਼ਰ ਹੋਰ ਮਜ਼ਬੂਤੀ ਜ਼ਰੂਰੀ ਹੋ ਗਈ ਹੈ।

### ਆਈ ਆਈ ਟੀ ਰੋਪੜ ਦੇ ...

ਤਕਨੀਕਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਅਧਿਐਨ ਦੇ ਉਦੇਸ਼ਾਂ ਵਿੱਚ ਕਈ ਅਹਿਮ ਪਹਿਲੂ ਸ਼ਾਮਲ ਹਨ, ਜਿਨ੍ਹਾਂ ਵਿੱਚ ਹਰ ਤਰ੍ਹਾਂ ਦੇ ਉਪਲੱਬਧ ਜਲ ਸਰੋਤਾਂ ਦਾ ਬਿਊਰਾ, ਨੀਤੀਗਤ ਫੈਸਲਿਆਂ ਲਈ ਐਕੁਈਫਰਾਂ ਦੀ ਵਿਸ਼ੇਸ਼ਤਾ ਦੱਸਣਾ, ਹੈਲੀਕਾਪਟਰਾਂ ਰਾਹੀਂ ਆਧੁਨਿਕ ਤਕਨੀਕਾਂ ਦੀ ਵਰਤੋਂ ਨਾਲ ਜਲ ਸਰੋਤਾਂ ਦਾ ਸਰਵੇਖਣ, ਬਦਲਵੇਂ ਜਲ ਸਰੋਤਾਂ ਦੀ ਖੋਜ ਕਰਨਾ, ਅਤੇ ਸੀਪੇਜ ਦਰਾਂ ਨਿਰਧਾਰਤ ਕਰਨ ਲਈ ਸੂਖਮ-ਪੱਧਰੀ ਅਧਿਐਨ ਕਰਨਾ ਸ਼ਾਮਲ ਹੈ।

ਅਧਿਐਨ ਲਈ ਮਨਜ਼ੂਰ ਕੀਤੇ ਗਏ ਵਿੱਤੀ ਵੰਡ ਬਾਰੇ ਵੇਰਵੇ ਪ੍ਰਦਾਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਪ੍ਰੋਜੈਕਟ ਨੂੰ 221.65 ਲੱਖ ਰੁਪਏ ਦੇ ਕੁੱਲ ਖਰਚ ਨਾਲ ਫੰਡ ਕੀਤਾ ਜਾਵੇਗਾ। ਇਸ ਰਕਮ ਵਿੱਚੋਂ ਆਈ ਆਈ ਟੀ ਰੋਪੜ ਆਪਣੇ ਸਰੋਤਾਂ ਤੋਂ 60.00 ਲੱਖ ਰੁਪਏ ਦਾ ਯੋਗਦਾਨ ਪਾਵੇਗਾ, ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਕਿਸਾਨ ਅਤੇ ਖੇਤ ਮਜ਼ਦੂਰ ਕਮਿਸ਼ਨ ਨੂੰ 161.00 ਲੱਖ ਰੁਪਏ ਦਾ ਫੰਡ ਮੁਹੱਈਆ ਕਰਵਾਇਆ ਜਾਵੇਗਾ। ਫੰਡਿੰਗ ਦੇ ਬਦਲੇ ਆਈ ਆਈ ਟੀ ਰੋਪੜ ਵਿਆਪਕ ਤਕਨੀਕੀ ਸਹਾਇਤਾ ਪ੍ਰਦਾਨ ਕਰੇਗਾ, ਜਿਸ ਵਿੱਚ ਡਿਜ਼ਾਈਨ ਅਤੇ ਕਾਰਜਕਾਰੀ ਮੁਹਾਰਤ, ਖੇਤਰੀ ਜਾਂਚ, ਨਮੂਨੇ ਇਕੱਠੇ ਕਰਨਾ, ਪੋਰਟੇਬਲ ਯੰਤਰ ਲਗਾਉਣਾ, ਬੁਨਿਆਦੀ ਢਾਂਚਾ ਅਤੇ ਪ੍ਰਯੋਗਸ਼ਾਲਾ ਦੀਆਂ ਸਹੂਲਤਾਂ ਅਤੇ ਤਕਨੀਕੀ ਸਿਖਲਾਈ ਤੇ ਸਮਰੱਥਾ-ਨਿਰਮਾਣ ਪਹਿਲਕਦਮੀਆਂ ਸ਼ਾਮਲ ਹਨ।

ਇਸ ਅਧਿਐਨ ਵਿੱਚ ਪੰਜ ਵਿਸਤ੍ਰਿਤ ਪੜਾਅ ਸ਼ਾਮਲ ਹਨ, ਜੋ ਲੋੜੀਂਦੇ ਫੰਡ ਪ੍ਰਾਪਤ ਹੋਣ ਦੇ 12 ਮਹੀਨਿਆਂ ਦੇ ਅੰਦਰ ਪੂਰਾ ਹੋਣ ਲਈ ਤਹਿ ਕੀਤੇ ਗਏ ਹਨ। ਪਹਿਲੇ ਪੜਾਅ ਵਿੱਚ ਸੈਂਪਲਿੰਗ ਸਾਈਟਾਂ ਦਾ ਪਤਾ ਲਗਾਉਣ ਲਈ ਇੱਕ ਫੀਲਡ ਸਰਵੇਖਣ ਕੀਤਾ ਜਾਵੇਗਾ, ਦੂਸਰੇ ਪੜਾਅ ਦੌਰਾਨ ਸੂਬੇ ਦੇ ਐਕੁਇਫਰ ਸਿਸਟਮਾਂ ਦਾ ਇੱਕ ਹਾਈਡਰੋਜੀਓਲੋਜੀਕਲ ਢਾਂਚਾ ਵਿਕਸਤ ਕੀਤਾ ਜਾਵੇਗਾ, ਤੀਸਰੇ ਪੜਾਅ ਵਿੱਚ ਪ੍ਰਦੂਸ਼ਣ ਦੇ ਪੱਧਰਾਂ ਦਾ ਮੁਲਾਂਕਣ ਕਰਨ ਅਤੇ ਸਰੋਤ ਖੇਤਰਾਂ ਦੀ ਪਛਾਣ ਕਰਨ ਲਈ ਹਾਈਡਰੋ-ਰਸਾਇਣਕ ਵਿਸ਼ੇਸ਼ਤਾ ਅਤੇ ਆਈਸੋਟੋਪਿਕ ਵਿਸ਼ਲੇਸ਼ਣ ਸ਼ਾਮਲ ਹੋਵੇਗਾ, ਚੌਥੇ ਪੜਾਅ ਵਿੱਚ ਨਹਿਰੀ ਨੈੱਟਵਰਕ ਦੇ ਵਿਸਥਾਰ ਲਈ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ, ਅਤੇ ਪੰਜਵਾਂ ਪੜਾਅ ਵਿੱਚ ਪ੍ਰਬੰਧਨ ਉਪਾਵਾਂ ਲਈ ਸਿਫਾਰਸ਼ਾਂ ਪ੍ਰਦਾਨ ਕੀਤੀਆਂ ਜਾਣਗੀਆਂ।

ਚੀਮਾ ਨੇ ਕਿਹਾ ਕਿ ਆਈ ਆਈ ਟੀ ਰੋਪੜ ਨਾਲ ਸਹਿਯੋਗ ਸੂਬਾ ਸਰਕਾਰ ਦੀ ਵਿਗਿਆਨ-ਆਧਾਰਿਤ ਨੀਤੀ ਨਿਰਮਾਣ ਪ੍ਰਤੀ ਵਚਨਬੱਧਤਾ ਦਾ ਪ੍ਰਮਾਣ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਟਿਕਾਊ ਅਤੇ ਸਥਾਈ ਹੱਲ ਲੱਭਣ 'ਤੇ ਧਿਆਨ ਕੇਂਦਰਤ ਕਰ ਰਹੀ ਹੈ।

### ਬਰਸਟ ਦਾ ਕੈਪਟਨ ਨੂੰ ...

ਸਿਰਫ ਨਿੱਜੀ ਹਿੱਤਾਂ ਨੂੰ ਹੀ ਪਹਿਲ ਦਿੰਦੇ ਹਨ। ਆਪਣੇ ਸਾਥੀਆਂ ਅਤੇ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਨਹੀਂ ਕਰਦੇ। ਇਸ ਲਈ ਬਿਹਤਰ ਇਹੀ ਹੈ ਕਿ ਸਿਆਸਤ ਤੋਂ ਸੰਨਿਆਸ ਲੈ ਕੇ ਆਪਣੀ ਜ਼ਿੰਦਗੀ ਮੌਜ-ਮਸਤੀ ਨਾਲ ਲੰਮੀ ਉਮਰ ਜੀਉਣ। ਜਿੱਥੇ ਮਾਣ-ਸਤਿਕਾਰ ਨਾ ਹੋਵੇ, ਉਥੇ ਰਹਿਣਾ ਨਹੀਂ ਚਾਹੀਦਾ। ਇਸ ਲਈ ਬੀ ਜੇ ਪੀ ਤੋਂ ਅਸਤੀਫਾ ਦੇ ਦੇਣ। ਹਰ ਰੋਜ਼ ਨਿਰਾਸ਼ਾ ਅਤੇ ਮਾਯੂਸੀ ਭਰੀ ਬਿਆਨਬਾਜ਼ੀ ਕਰਕੇ ਮਜ਼ਾਕ ਦੇ ਪਾਤਰ ਨਾ ਬਣਨ।

# ਲਿਬਰਲਜ਼ ਹਾਕੀ ਟੂਰਨਾਮੈਂਟ ਦਾ ਹੋਇਆ ਆਗਾਜ਼




**ਨਾਭਾ (ਵਰਿੰਦਰ ਵਰਮਾ)**

48ਵੇਂ ਜੀਐਸ ਬੈਂਸ ਲਿਬਰਲਜ਼ ਸਰਬ ਭਾਰਤੀ ਹਾਕੀ ਟੂਰਨਾਮੈਂਟ ਦਾ ਪੰਜਾਬ ਪਬਲਿਕ ਸਕੂਲ ਗਰਾਊਂਡ ਵਿਖੇ ਸ਼ਾਨਦਾਰ ਆਗਾਜ਼ ਹੋਇਆ।ਟੂਰਨਾਮੈਂਟ ਦੇ ਪਹਿਲੇ ਦਿਨ ਦੋ ਮੈਚ ਖੇਡੇ ਗਏ।ਪਹਿਲਾ ਮੈਚ ਸਾਈ ਇੰਫਾਲ ਤੇ ਐਮਆਰਐਸ ਹਾਕੀ ਅਕੈਡਮੀ ਅੰਮ੍ਰਿਤਸਰ ਦਰਮਿਆਨ ਤੇ ਦੂਜਾ ਮੈਚ ਐਮਐਸ ਕੇ ਹਾਕੀ ਅਕੈਡਮੀ ਜਰਖੜ ਤੇ ਐਸਐਫ ਬੀ ਐਨਸੀਆਰ ਅਕੈਡਮੀ ਸੋਨੀਪਤ ਦਰਮਿਆਨ ਖੇਡਿਆ ਗਿਆ।

ਮੁੱਖ ਮਹਿਮਾਨ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਪੰਜਾਬ ਪਬਲਿਕ ਸਕੂਲ ਦੇ ਹੈਡ ਮਾਸਟਰ ਡਾਕਟਰ ਡੀਸੀ ਸ਼ਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਤੋਂ ਪਹਿਲਾਂ ਟੂਰਨਾਮੈਂਟ ਦਾ ਉਦਘਾਟਨ ਐਮਐਲਏ ਗੁਰਦੇਵ ਸਿੰਘ ਦੇ ਮਾਨ ਨੇ ਲਿਬਰਲ ਸੁਸਾਇਟੀ ਦਾ ਝੰਡਾ ਲਹਿਰਾ ਕੇ ਕੀਤਾ।ਇਸ ਮੌਕੇ ਆਤਿਸ਼ਬਾਜੀ ਦਾ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।ਲਿਬਰਲਜ਼ ਸੁਸਾਇਟੀ ਦੇ ਪ੍ਰਧਾਨ ਗੁਰਕਰਨ ਸਿੰਘ ਬੈਂਸ ਨੇ ਵਿਧਾਇਕ ਦੇਵ ਮਾਨ ਦਾ ਸਵਾਗਤ ਕਰਦੇ ਹੋਏ ਲਿਬਰਲਜ਼ ਸੁਸਾਇਟੀ ਬਾਰੇ ਜਾਣਕਾਰੀ ਵੀ ਦਿੱਤੀ। ਕਲੱਬ ਦੇ ਪ੍ਰਧਾਨ ਅਤੇ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਦਾ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਉਹਨਾਂ ਨਾਲ ਸੁਸਾਇਟੀ ਦੇ ਮੀਤ ਪ੍ਰਧਾਨ ਗੁਰਜੀਤ ਸਿੰਘ ਬੈਂਸ, ਰੁਪਿੰਦਰ ਸਿੰਘ ਗਰੇਵਾਲ, ਸੂਰਜ ਭਾਨ ਸਿੰਗਲਾ, ਅਸ਼ੋਕ ਬਾਂਸਲ, ਜਤਿੰਦਰ ਸਿੰਘ ਦਾਖੀ, ਦਲਵੀਰ ਸਿੰਘ ਬਸੰਤ, ਐਡਵੋਕੇਟ ਗੁਰਜਿੰਦਰ ਸਿੰਘ ਧਾਲੀਵਾਲ, ਪ੍ਰਿੰਸੀਪਲ ਕੁਲਬੀਰ ਸਿੰਘ, ਕੋਚ ਅਜੇ ਸਿੰਘ ਭੂਰੀਆ, ਹਰਦੀਪ ਸਿੰਘ ਵੀ ਮੌਜੂਦ ਸਨ।ਟੂਰਨਾਮੈਂਟ ਦੇ ਸ਼ੁਰੂਆਤੀ ਪਹਿਲੇ ਮੈਚ 'ਚ ਸਾਈ ਇੰਫਾਲ ਨੇ ਆਪਣੇ ਵਿਰੋਧੀ ਐਮਆਰ ਐਸ ਹਾਕੀ ਅਕੈਡਮੀ ਅੰਮ੍ਰਿਤਸਰ ਨੂੰ 5-1 ਨਾਲ ਹਰਾ ਕੇ ਅਗਲੇ ਦੌਰ 'ਚ ਪਰਵੇਸ਼ ਕੀਤਾ।

ਦੂਜਾ ਮੈਚ ਐਮਐਸ ਕੇ ਹਾਕੀ ਅਕੈਡਮੀ ਜਰਖੜ ਤੇ ਇਹ ਮੈਚ ਐਸ ਐਫ ਬੀ ਐਨਸੀ ਆਰ ਅਕੈਡਮੀ ਸੋਨੀਪਤ ਦਰਮਿਆਨ ਖੇਡਿਆ ਗਿਆ।ਇਹ ਮੈਚ ਐਮ ਐਸ ਕੇ ਹਾਕੀ ਅਕੈਡਮੀ ਜਰਖੜ ਨੇ 6-0ਨਾਲ ਜਿੱਤਿਆ।ਇਸ ਮੌਕੇ ਜਤਿੰਦਰ ਸਿੰਘ ਬਹਿਰੀ, ਥਾਣਾ ਕੋਤਵਾਲੀ ਇੰਸਪੈਕਟਰ ਸਰਬਜੀਤ ਸਿੰਘ ਚੀਮਾ, ਨਰਿੰਦਰ ਬਾਂਸਲ, ਮੋਹਨ ਸਿੰਘ ਸਿੱਧੂ, ਦੀਪਕ ਨਾਗਪਲ ਹਾਜ਼ਰ ਸਨ। ਟੂਰਨਾਮੈਂਟ ਦੇ ਮੀਡੀਆ ਇੰਚਾਰਜ ਗੁਰਿੰਦਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਮੰਗਲਵਾਰ ਨੂੰ ਚਾਰ ਮੈਚ ਖੇਡੇ ਜਾਣਗੇ।

# ਜੈਮਸ ਪਬਲਿਕ ਸਕੂਲ ਦੇ ਕਾਰਨੀਵਲ 'ਚ 6,000 ਦਰਸ਼ਕਾਂ ਦੀ ਭਾਰੀ ਆਮਦ



**ਪਟਿਆਲਾ/ਸਨੌਰ (ਰਾਜਿੰਦਰ ਸਿੰਘ ਥਿੰਦ)**

ਜੈਮਸ ਪਬਲਿਕ ਸਕੂਲ ਵੱਲੋਂ ਇੱਕ ਦਿਨਾ ਕਾਰਨੀਵਲ ਨੇ ਸ਼ਹਿਰ 'ਚ ਨਵਾਂ ਰਿਕਾਰਡ ਕਾਇਮ ਕਰ ਦਿੱਤਾ, ਜਿੱਥੇ ਲਗਭਗ 6,000 ਦਰਸ਼ਕਾਂ ਦੀ ਭਾਰੀ ਭੀੜ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ।ਕਾਰਨੀਵਲ ਨੇ ਨਾ ਸਿਰਫ਼ ਬੱਚਿਆਂ, ਬਲਕਿ ਮਾਪਿਆਂ ਤੇ ਸ਼ਹਿਰ ਵਾਸੀਆਂ ਵਿੱਚ ਵੀ ਖ਼ਾਸ ਉਤਸ਼ਾਹ ਪੈਦਾ ਕੀਤਾ।ਸਕੂਲ ਦੇ ਵਿਹੜੇ ਲੱਗੇ ਇਸ ਕਾਰਨੀਵਲ 'ਚ ਦਿਨ ਭਰ ਰੌਣਕਾਂ ਰਹੀਆਂ ਤੇ ਹਰ ਉਮਰ ਵਰਗ ਦੇ ਲੋਕਾਂ ਨੇ ਮਨੋਰੰਜਨ ਨਾਲ ਭਰਪੂਰ ਸਮਾਂ ਬਿਤਾਇਆ।ਦੱਸਣਯੋਗ ਹੈ ਕਿ ਇਸ ਮੌਕੇ ਕਾਰਨੀਵਲ ਦੌਰਾਨ ਦਿਲਚਸਪ ਸਟਾਲਾਂ, ਨਿੱਕੇ ਬੱਚਿਆਂ ਵੱਲੋਂ ਸਟੇਜ ਸੰਗੀਤ ਤੇ ਨਾਚ ਦੇ ਪ੍ਰਦਰਸ਼ਨ, ਮਜ਼ੇਦਾਰ ਖੇਡਾਂ, ਰੈਂਪ ਵਾਕ ਤੇ ਬੱਚਿਆਂ ਲਈ ਤਿਆਰ ਕੀਤੇ ਵਿਭਿੰਨ ਮਨੋਰੰਜਕ ਸਟਾਲ ਦਰਸ਼ਕਾਂ ਲਈ ਖ਼ਾਸ ਆਕਰਸ਼ਣ ਦਾ ਕੇਂਦਰ ਬਣੇ ਰਹੇ।ਨੰਨ੍ਹੇ-ਮੁੰਨ੍ਹੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਹਰ ਕਿਸੇ ਨੇ ਇਸ ਮੇਲੇ ਦਾ ਖੂਬ ਆਨੰਦ ਲਿਆ।

ਕਾਰਨੀਵਲ ਵਿੱਚ ਸ਼ਹਿਰ ਦੀਆਂ ਕਈ ਉੱਘੀਆਂ ਸ਼ਖਸ਼ੀਅਤਾਂ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਜਿਨ੍ਹਾਂ ਵਿੱਚ ਮੁੱਖ ਮਹਿਮਾਨ ਵਜੋਂ ਮੇਅਰ ਪਟਿਆਲਾ ਕੁੰਦਨ ਗੋਗੀਆ, ਸ਼੍ਰੀ ਤੇਜਿੰਦਰ ਮਹਿਤਾ ਚੇਅਰਮੈਨ ਪਲਾਨਿੰਗ ਬੋਰਡ, ਸ਼੍ਰੀ ਰਾਕੇਸ਼ ਕੁਮਾਰ ਬੱਗਾ, ਸੌਰਵ ਬਾਂਸਲ (ਐਲ.ਜੀ), ਗਰਗ (ਹੈਮਲੇਟ), ਅਰਵਿੰਦਰ ਸਿੰਘ ਪ੍ਰਧਾਨ ਉਮੰਗ ਫਾਊਂਡੇਸ਼ਨ, ਸ਼੍ਰੀਮਤੀ ਮਿੰਨੀ ਸੋਢੀ (ਨੂਰਾਨੀ), ਸ਼੍ਰੀਮਤੀ ਮੇਘਨਾ ਚੋਪੜਾ, ਡਾ. ਪਰਮਿੰਦਰ ਪਾਲ ਸਿੰਘ, ਸ਼੍ਰੀਮਤੀ ਪਰਮਜੀਤ, ਸ਼੍ਰੀਮਤੀ ਸ਼ਮਿੰਦਰ ਸੰਧੂ, ਸ਼੍ਰੀ ਗੁਰਵਿੰਦਰ ਕਾਂਸਲ, ਸ਼੍ਰੀ ਲਖਵਿੰਦਰ, ਸ਼੍ਰੀ ਮਨਮੋਹਨ ਸਿੰਘ ਅਤੇ ਹੋਰ ਬਹੁਤ ਪਤਵੰਤੇ ਲੋਕ ਸ਼ਾਮਲ ਸਨ.

ਸਕੂਲ ਦੀ ਪ੍ਰਿੰਸੀਪਲ ਡਾ. ਮੰਜਰੀ ਤੇਜਪਾਲ ਨੇ ਦੱਸਿਆ ਕਿ ਕਾਰਨੀਵਲ ਬੱਚਿਆਂ ਨੂੰ ਆਪਣੀ ਰਚਨਾਤਮਕਤਾ ਦਿਖਾਉਣ ਤੇ ਉਨ੍ਹਾਂ ਦੇ ਆਤਮ ਵਿਸ਼ਵਾਸ ਵਧਾਉਣ ਲਈ ਸਭ ਤੋਂ ਵੱਡਾ ਮੰਚ ਸਾਬਤ ਹੁੰਦਾ ਹੈ.

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਅਜਿਹੇ ਉਪਰਾਲੇ ਹੋਰ ਸਕੂਲਾਂ ਲਈ ਵੀ ਪ੍ਰੇਰਨਾ ਬਣਦੇ ਹਨ। ਕਾਰਨੀਵਲ 'ਚ ਸ਼ਾਮਲ ਹੋਏ ਮਾਪਿਆਂ ਨੇ ਸਕੂਲ ਪ੍ਰਬੰਧਨ ਦੀ ਖੁੱਲ ਕੇ ਪ੍ਰਸੰਸਾ ਕੀਤੀ।ਮਾਪਿਆਂ ਦਾ ਕਹਿਣਾ ਸੀ ਕਿ ਅਜਿਹੇ ਉਪਰਾਲੇ ਬੱਚਿਆਂ ਦੇ ਮੁੱਢਲੇ ਵਿਕਾਸ ਲਈ ਬਹੁਤ ਲਾਭਕਾਰੀ ਹੁੰਦੇ ਹਨ ਤੇ ਹੋਰਨਾਂ ਸਕੂਲਾਂ ਨੂੰ ਵੀ ਇਸ ਤਰ੍ਹਾਂ ਦੇ ਸਮਾਗਮ ਆਯੋਜਤ ਕਰਨੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਅਜਿਹੇ ਕਾਰਜਕ੍ਰਮਾਂ ਨਾਲ ਬੱਚਿਆਂ ਵਿੱਚ ਸਹਿਯੋਗ, ਸਮਾਜਿਕਤਾ ਤੇ ਆਤਮ-ਵਿਸ਼ਵਾਸ ਵਧਦਾ ਹੈ।

ਡਾ. ਮੰਜਰੀ ਤੇਜਪਾਲ ਨੇ ਸਕੂਲ ਪ੍ਰਬੰਧਕੀ ਅਤੇ ਦਰਸ਼ਕਾਂ ਦੀ ਵੱਡੀ ਗਿਣਤੀ ਲਈ ਪਟਿਆਲਾ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੈਮਸ ਪਬਲਿਕ ਸਕੂਲ ਮੁੜ ਮਾਪਿਆਂ, ਸਪਾਂਸਰ ਅਤੇ ਹੋਰਨਾਂ ਦੇ ਸਾਂਝੇ ਸਹਿਯੋਗ ਨਾਲ ਅੱਗੇ ਵੀ ਬੱਚਿਆਂ ਲਈ ਅਜਿਹੇ ਸਿੱਖਣ ਤੇ ਮਨੋਰੰਜਨ ਨਾਲ ਭਰਪੂਰ ਮੌਕੇ ਪ੍ਰਦਾਨ ਕਰਦਾ ਰਹੇਗਾ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

16-DEC-PAGE-6.qxd 12/15/2025 11:32 PM Page 1



## ਗਊਸ਼ਾਲਾ 'ਚ ਲਾਇਆ ਪਸ਼ੂ ਭਲਾਈ ਕੈਂਪ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਗਊ ਸੇਵਾ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਸ਼ੂ ਪਾਲਣ ਵਿਭਾਗ ਵੱਲੋਂ ਗੁਰੂਹਰਸਹਾਏ ਰੋਡ ਸਥਿਤ ਨੰਦੀ ਨਸਲ ਸੁਧਾਰ ਗਊਸ਼ਾਲਾ ਵਿਖੇ ਪਸ਼ੂ ਭਲਾਈ ਕੈਂਪ ਲਾਇਆ ਗਿਆ।ਇਸ ਦੌਰਾਨ ਵਿਭਾਗ ਵੱਲੋਂ ਆਏ ਅਧਿਕਾਰੀਆਂ ਨੇ ਪਸ਼ੂਆਂ ਦਾ ਲੋੜੀਂਦਾ ਇਲਾਜ ਕੀਤਾ।ਨਾਲ ਹੀ ਪਸ਼ੂਆਂ ਲਈ ਨੰਦੀਸ਼ਾਲਾ ਕਮੇਟੀ ਨੂੰ 25 ਹਜ਼ਾਰ ਰੁਪਏ ਕੀਮਤ ਦੀਆਂ ਦਵਾਈਆਂ ਵੀ ਮੁਫ਼ਤ ਦਿੱਤੀਆਂ।ਕੈਂਪ ਮੌਕੇ ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਗੁਰਦਿੱਤ ਸਿੰਘ ਔਲਖ ਨੇ ਕਿਹਾ ਕਿ ਪਸ਼ੂਆਂ ਨੂੰ ਨਿਰੋਗ ਰੱਖਣ ਲਈ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਕੈਂਪ ਲਗਾ ਕੇ ਪਸ਼ੂਆਂ ਦਾ ਇਲਾਜ ਕੀਤਾ ਜਾਂਦਾ ਹੈ।ਉਨ੍ਹਾਂ ਨੰਦੀਸ਼ਾਲਾ ਤੇ ਗਊਸ਼ਾਲਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਸਾਰੇ ਪਸ਼ੂਆਂ ਦੀ ਸਮੇਂ ਸਿਰ ਡੀਵਰਮਿੰਗ ਤੇ ਵੈਕਸੀਨੇਸ਼ਨ ਕਰਵਾਈ ਜਾਵੇ।ਸੀਨੀਅਰ ਵੈਟਰਨਰੀ ਅਫ਼ਸਰ ਡਾ. ਕੇਵਲ ਸਿੰਘ ਨੇ ਸਰਦੀ ਦੀ ਰੁੱਤ ਵਿੱਚ ਪਸ਼ੂਆਂ ਨੂੰ ਲੱਗਣ ਵਾਲੀਆਂ ਬਿਮਾਰੀਆਂ ਤੇ ਉਨ੍ਹਾਂ ਦੀ ਰੋਕਥਾਮ ਤੋਂ ਜਾਣੂ ਕਰਵਾਇਆ।ਡਾ. ਅਮਰਿੰਦਰਜੀਤ ਸਿੰਘ ਬਰਾੜ ਤੇ ਡਾ. ਅਮਨਦੀਪ ਸੇਠੀ ਤੇ ਆਧਾਰਤ ਵੈਟਰਨਰੀ ਟੀਮ ਵੱਲੋਂ 26 ਪਸ਼ੂਆਂ ਦੀ ਜਾਂਚ ਕੀਤੀ ਗਈ ਤੇ ਲੋੜੀਂਦਾ ਇਲਾਜ ਕੀਤਾ ਗਿਆ।ਇਸ ਮੌਕੇ ਵੈਟਰਨਰੀ ਇੰਸਪੈਕਟਰ ਜਸਵਿੰਦਰ ਸਿੰਘ, ਚੈਨਦੀਪ ਸਿੰਘ, ਦੀਪਜੋਤ ਸਿੰਘ, ਨਗਰ ਕੌਂਸਲ ਪ੍ਰਧਾਨ ਕ੍ਰਿਸ਼ਨ ਕੁਮਾਰ ਸ਼ੰਮੀ ਤੇਰੀਆ, ਟਿੱਬੀ ਸਾਹਿਬ ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅਮ੍ਰਿਤ ਲਾਲ ਖੁਰਾਣਾ, ਸੁਰਿੰਦਰ ਕੁਮਾਰ, ਚਰਨਜੀਤ ਸ਼ਰਮਾ, ਪ੍ਰਧਾਨ ਸੁਰਿੰਦਰ ਬਾਂਸਲ, ਗੌਰਵ ਬਾਂਸ਼ਲ, ਵਿਨੋਦ ਕੁਮਾਰ, ਸੁਸ਼ੀਲ ਹਾਂਡਾ, ਡਾ. ਵਿਪਨ, ਰਾਜਕੁਮਾਰ ਦੋਦਾ, ਅਜੈ ਕੁਮਾਰ, ਰਾਜੇਸ਼ ਕੁਮਾਰ ਆਦਿ ਵੀ ਹਾਜ਼ਰ ਸਨ।

# ਆਕਸਫੋਰਡ ਸਕੂਲ ਪਾਇਲ ਦਾ ਸਾਲਾਨਾ ਸਮਾਰੋਹ ਸ਼ਾਨੋ-ਸ਼ੌਕਤ ਨਾਲ ਮਨਾਇਆ



ਦੋਰਾਹਾ (ਹਰਮਿੰਦਰ ਸੇਠ)-ਆਕਸਫੋਰਡ ਸੀਨੀਅਰ ਸਕੂਲ ਪਾਇਲ ਦਾ ਸਾਲਾਨਾ ਸਮਾਗਮ 'ਅਹਿਸਾਸ-ਏ-ਉਲਾਸ' ਬਹੁਤ ਵੀ ਸੁਚੱਜੇ ਢੰਗ ਨਾਲ ਕਰਵਾਇਆ ਗਿਆ।ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਵੱਖ ਵੱਖ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਵੀ ਯਾਦਗਾਰੀ ਤੇ ਸ਼ਾਨਦਾਰ ਬਣਾ ਦਿੱਤਾ।ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ੍ਰੀ ਸਵਪਨ ਸ਼ਰਮਾ ਆਈ ਪੀ ਐੱਸ ਪੁਲਿਸ ਕਮਿਸ਼ਨਰ ਲੁਧਿਆਣਾ ਨੇ ਸ਼ਿਰਕਤ ਕੀਤੀ।ਇਸ ਸਮਾਗਮ ਵਿੱਚ ਰਮਨਦੀਪ ਸਿੰਘ ਭੁੱਲਰ ਪੀ.ਪੀ.ਐੱਸ. ਏ.ਡੀ.ਸੀ.ਪੀ. ਲੁਧਿਆਣਾ, ਪ੍ਰਦੀਪ ਸਿੰਘ ਬੈਂਸ ਐੱਸ.ਡੀ.ਐੱਮ. ਪਾਇਲ, ਉਲੰਪੀਅਨ ਗਗਨਅਜੀਤ ਸਿੰਘ ਐੱਸ.ਐੱਸ.ਪੀ. ਮਲੇਰਕੋਟਲਾ, ਪ੍ਰਨੀਕ ਸਿੰਘ ਪਿੰਕਾ ਜਰਗ, ਹਰਮਿੰਦਰ ਸਿੰਘ ਢਿੱਲੋਂ (ਜ਼ਿਲ੍ਹਾ ਐਸੋਸੀਏਸ਼ਨ ਕ੍ਰਿਕਟ ਮੁੱਖੀ ਤਰਨਤਾਰਨ), ਸੰਜੀਵ ਪੁਰੀ ਮਲੌਦ, ਮਲਕੀਤ ਸਿੰਘ ਧਾਲੀਵਾਲ (ਪ੍ਰਧਾਨ ਮਿਊਂਸਪਲ ਕਮੇਟੀ ਪਾਇਲ), ਸੁਖਵਿੰਦਰ ਸਿੰਘ ਸੋਹੀ (ਐੱਸ.ਐੱਚ.ਓ. ਪਾਇਲ), ਮੈਂਬਰ ਜਸਪਾਲ ਸਿੰਘ ਘੁੰਮਣ, ਸਿਮਰਨਜੀਤ ਸਿੰਘ ਘੁੰਮਣ, ਸਤਿੰਦਰਜੀਤ ਸਿੰਘ ਘੁੰਮਣ ਤੇ ਪ੍ਰਿਤਪਾਲ ਸਿੰਘ ਚੀਮਾ, ਹਰਜਿੰਦਰ ਸਿੰਘ ਚਾਪੜਾ, ਪਵਨ ਧਰਨੀ ਪਾਇਲ, ਬਲਵਿੰਦਰ ਸਿੰਘ ਮਦਨੀਪੁਰ ਸਮੇਤ ਸਮੂਹ ਪੱਤਰਕਾਰ ਭਾਈਚਾਰੇ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ।

ਸਕੂਲ ਦੇ ਚੇਅਰਮੈਨ ਨਿਰਮਲ ਸਿੰਘ ਧਾਲੀਵਾਲ, ਪ੍ਰਧਾਨ ਲਖਵਿੰਦਰ ਸਿੰਘ ਵਿਜੋਲਾ, ਸੈਕਟਰੀ ਰਾਣਾ ਰਣਜੀਤ ਸਿੰਘ, ਕਾਰਜਕਾਰੀ ਪ੍ਰਧਾਨ ਕਿਰਨਪ੍ਰੀਤ ਧਾਲੀਵਾਲ, ਪ੍ਰਿੰਸੀਪਲ ਵਿਜੇ ਕਪੂਰ, ਅਕੈਡਮਿਕ ਡੀਨ ਅਸ਼ੋਕ ਗੁਪਤਾ ਤੇ ਅੰਸ਼ੂ ਅਹੂਜਾ (ਹੈੱਡਮਿਸਟ੍ਰੈੱਸ ਕਿੰਡਰ ਗਾਰਡਨ) ਵੱਲੋਂ ਸਾਰੇ ਮਹਿਮਾਨਾਂ ਦਾ ਹਾਰਦਿਕ ਸਵਾਗਤ ਕੀਤਾ ਗਿਆ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਸਮੇਤ ਪਹੁੰਚੀਆਂ ਸ਼ਖ਼ਸੀਅਤਾਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਸਮਾਰੋਹ ਦਾ ਆਰੰਭ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਸਵਪਨ ਸ਼ਰਮਾ (ਆਈ.ਪੀ.ਐੱਸ. ਪੁਲਸ ਕਮਿਸ਼ਨਰ ਲੁਧਿਆਣਾ) ਨੇ ਹਾਜ਼ਰ ਦਰਸ਼ਕਾਂ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਆਕਸਫੋਰਡ ਸੀਨੀਅਰ ਸਕੂਲ ਨਾ ਸਿਰਫ਼ ਵਿਦਿਆਰਥੀਆਂ ਨੂੰ ਪੁਸਤਕਾਂ ਦੀ ਸਿੱਖਿਆ ਦੇ ਰਿਹਾ ਹੈ, ਸਗੋਂ ਉਨ੍ਹਾਂ ਨੂੰ ਨੈਤਿਕਤਾ, ਸੱਭਿਆਚਾਰਕ, ਅਨੁਸ਼ਾਸਨ ਤੇ ਜੀਵਨ ਮੁੱਲਾਂ ਨਾਲ ਜੋੜ ਰਿਹਾ ਹੈ, ਜਿਸ ਨਾਲ ਉਹ ਭਵਿੱਖ ਵਿੱਚ ਚੰਗੇ ਨਾਗਰਿਕ ਬਣ ਸਕਣ।ਉਨ੍ਹਾਂ ਲੋਕਾਂ ਦੇ ਸਵਾਲਾਂ ਦੇ ਜਵਾਬ ਵੀ ਬੜੇ ਸੁਚੱਜੇ ਢੰਗ ਨਾਲ ਦਿੱਤੇ ਤੇ ਬੱਚਿਆਂ ਨੂੰ ਸਧਾਰਨ ਤੋਂ ਮਹਾਨ ਬਣਾਉਣ ਲਈ ਨਿੱਡਰਤਾ ਤੇ ਮਿਹਨਤ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

ਸਕੂਲ ਦੇ ਪ੍ਰਿੰਸੀਪਲ ਵਿਜੇ ਕਪੂਰ ਨੇ ਕਿਹਾ ਕਿ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਸਕੂਲ ਵਿੱਚ ਕਰਵਾਏ ਜਾਂਦੇ ਸੱਭਿਆਚਾਰਕ ਪ੍ਰੋਗਰਾਮ ਉਨ੍ਹਾਂ ਨੂੰ ਦੇਸ਼ ਦੀ ਸੰਸਕ੍ਰਿਤੀ ਨਾਲ ਜੁੜੇ ਰਹਿਣ ਤੇ ਜੀਵਨ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੰਦੇ ਹਨ।ਸਕੂਲ ਦੇ ਕਾਰਜਕਾਰੀ ਪ੍ਰਧਾਨ ਕਿਰਨਪ੍ਰੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਪ੍ਰਮੁੱਖ ਸ਼ਖ਼ਸੀਅਤਾਂ ਦਾ ਸਕੂਲ ਵਿੱਚ ਆਉਣਾ ਤੇ ਬੱਚਿਆਂ ਦਾ ਹੌਸਲਾ ਵਧਾਉਣਾ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਤੇ ਸਰਸਵਤੀ ਵੰਦਨਾ ਨਾਲ ਕੀਤੀ ਗਈ।ਆਕਸਫੋਰਡ ਸੀਨੀਅਰ ਸਕੂਲ ਦੀ ਸਾਲਾਨਾ ਰਿਪੋਰਟ ਸਕੂਲ ਦੇ ਹੈੱਡ ਬੁਆਏ, ਹੈੱਡ ਗਰਲ, ਵਾਈਸ ਹੈੱਡ ਬੁਆਏ ਤੇ ਵਾਈਸ ਹੈੱਡ ਗਰਲ ਨੇ ਪੇਸ਼ ਕੀਤੀ।ਸਮਾਰੋਹ ਵਿੱਚ ਬੱਚਿਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਪ੍ਰੋਗਰਾਮ ਦਰਸ਼ਕਾਂ ਲਈ ਖਾਸ ਆਕਰਸ਼ਣ ਦਾ ਕੇਂਦਰ ਬਣੇ, ਜਿਸ ਵਿੱਚ ਭੰਗੜਾ, ਗਿੱਧਾ, ਝੂਮਰ ਖਿੱਚ ਦਾ ਕੇਂਦਰ ਬਣੇ ਜਿਨ੍ਹਾਂ ਨੇ ਹਾਜ਼ਰੀਨ ਨੂੰ ਮੰਤਰ ਮੁਗਧ ਕਰ ਦਿੱਤਾ।ਇਸ ਤੋਂ ਇਲਾਵਾ ਦੇਸੀ-ਵਿਦੇਸ਼ੀ ਗੀਤ, ਹਾਸ ਨਾਟਕ, ਸਮਾਜਿਕ ਮੁੱਦਿਆਂ 'ਤੇ ਨਾਟਕ, ਸੂਫ਼ੀ ਗਾਇਕੀ ਤੇ ਮਾਡਰਨ ਡਾਂਸ ਆਦਿ ਪੇਸ਼ ਕੀਤੇ ਗਏ।ਆਕਸਫੋਰਡ ਸੀਨੀਅਰ ਸਕੂਲ ਵੱਲੋਂ ਉਨ੍ਹਾਂ ਵਿਦਿਆਰਥੀਆਂ ਨੂੰ ਮੰਚ 'ਤੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।ਸਕੂਲ ਦੇ ਚੇਅਰਮੈਨ ਤੇ ਪ੍ਰਬੰਧਕਾਂ ਨੇ ਸਮਾਰੋਹ ਨੂੰ ਸਫ਼ਲ ਬਣਾਉਣ ਲਈ ਸਾਰੇ ਅਧਿਆਪਕਾਂ, ਗੈਰ-ਅਧਿਆਪਕ ਸਟਾਫ਼, ਮਾਪਿਆਂ ਤੇ ਵਿਦਿਆਰਥੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਅਸ਼ੋਕ ਗੁਪਤਾ (ਅਕੈਡਮਿਕ ਡੀਨ) ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗਾਨ ਨਾਲ ਕੀਤੀ ਗਈ।ਇਸ ਤਰ੍ਹਾਂ ਅਮਿੱਟ ਯਾਦਾਂ ਛੱਡਦਾ ਹੋਇਆ ਸਕੂਲ ਦਾ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ।

## ਬੇਬੇ ਮਹਿੰਦਰ ਕੌਰ ਦੀ ਸਿਹਤ ਵਿਗੜੀ, ਅਗਲੀ ਤਰੀਕ 5 ਜਨਵਰੀ

ਬਠਿੰਡਾ (ਪਰਵਿੰਦਰ ਜੀਤ ਸਿੰਘ) ਦਿੱਲੀ ਦੇ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਦੌਰਾਨ ਬਜ਼ੁਰਗ ਔਰਤ ਮਹਿੰਦਰ ਕੌਰ ਬਾਰੇ ਟਵਿੱਟਰ 'ਤੇ ਕੀਤੀਆਂ ਟਿੱਪਣੀਆਂ ਦੇ ਸਬੰਧ ਵਿੱਚ ਸੰਸਦ ਮੈਂਬਰ ਕੰਗਨਾ ਰਣੌਤ ਵਿਰੁੱਧ ਜ਼ਿਲ੍ਹਾ ਅਦਾਲਤ ਨੇ ਕੇਸ ਦੀ ਸੁਣਵਾਈ ਕੀਤੀ।ਸੋਮਵਾਰ ਨੂੰ ਦੋਵਾਂ ਧਿਰਾਂ ਦੇ ਵਕੀਲ ਅਦਾਲਤ ਵਿੱਚ ਮੌਜੂਦ ਸਨ, ਪਰ ਬਜ਼ੁਰਗ ਔਰਤ ਆਪਣੀ ਸਿਹਤ ਖਰਾਬ ਹੋਣ ਕਾਰਨ ਪੇਸ਼ ਨਹੀਂ ਹੋ ਸਕੀ।ਅਦਾਲਤ ਨੇ ਕੰਗਨਾ ਰਣੌਤ ਦੇ ਵਕੀਲ ਨੂੰ ਗਵਾਹਾਂ ਦੀ ਪਛਾਣ ਕਰਨ ਲਈ 5 ਜਨਵਰੀ ਨੂੰ ਨਿੱਜੀ ਤੌਰ 'ਤੇ ਅਦਾਲਤ ਵਿੱਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ।ਮਾਮਲੇ ਦੀ ਅਗਲੀ ਸੁਣਵਾਈ ਉਸੇ ਤਰੀਕ ਨੂੰ ਹੋਵੇਗੀ।ਬੇਬੇ ਮਹਿੰਦਰ ਕੌਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਰਘਬੀਰ ਸਿੰਘ ਬਹਿਣੀਵਾਲ ਨੇ ਕਿਹਾ ਕਿ ਪਿਛਲੀ ਸੁਣਵਾਈ ਦੌਰਾਨ ਰਣੌਤ ਦੇ ਕੇਸ 'ਤੇ ਇੱਕ ਹੋਰ ਗਵਾਹ ਦੇ ਬਿਆਨ ਅਦਾਲਤ ਵਿੱਚ ਦਰਜ ਕੀਤੇ ਗਏ ਸਨ।ਸੁਣਵਾਈ ਸੋਮਵਾਰ ਨੂੰ ਹੋਣੀ ਸੀ, ਪਰ ਬਜ਼ੁਰਗ ਔਰਤ ਆਪਣੀ ਸਿਹਤ ਖਰਾਬ ਹੋਣ ਕਾਰਨ ਹਾਜ਼ਰ ਨਹੀਂ ਹੋ ਸਕੀ।ਸੰਸਦ ਮੈਂਬਰ ਕੰਗਨਾ ਰਣੌਤ ਦੇ ਵਕੀਲ ਉਨ੍ਹਾਂ ਵੱਲੋਂ ਅਦਾਲਤ ਵਿੱਚ ਪੇਸ਼ ਹੋਏ।ਐਡਵੋਕੇਟ ਬਹਿਣੀਵਾਲ ਨੇ ਕਿਹਾ ਕਿ ਅਦਾਲਤ ਨੇ ਹੁਣ ਮਾਮਲੇ ਵਿੱਚ ਗਵਾਹੀ ਸੰਬੰਧੀ ਨਿਰਦੇਸ਼ ਜਾਰੀ ਕਰ ਦਿੱਤੇ ਹਨ।ਅਗਲੀ ਸੁਣਵਾਈ 'ਤੇ ਗਵਾਹਾਂ ਦੇ ਬਿਆਨ ਦਰਜ ਕੀਤੇ ਜਾਣੇ ਚਾਹੀਦੇ ਹਨ।

## ਗਲੋਬਲ ਸਕੂਲ ਵਿਖੇ ਵਿਦਿਆਰਥੀ ਐਕਟ ਪ੍ਰਤੀ ਕੀਤਾ ਜਾਗਰੂਕ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਵਿਖੇ ਵਿਦਿਆਰਥੀਆਂ ਲਈ ਐਕਟ 2012 ਸਬੰਧੀ ਜਾਗਰੂਕਤਾ ਸੈਮੀਨਾਰ 'ਮਹਿਲਾ ਤੇ ਬਾਲ ਵਿਕਾਸ' ਚੰਡੀਗੜ੍ਹ (ਪੰਜਾਬ) ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਕੀਤਾ ਗਿਆ। ਇਸ ਸੈਮੀਨਾਰ ਦਾ ਉਦੇਸ਼ ਬੱਚਿਆਂ ਨੂੰ ਆਪਣੀ ਸੁਰੱਖਿਆ ਪ੍ਰਤੀ ਸੰਵੇਦਨਸ਼ੀਲ ਬਣਾਉਣਾ ਤੇ ਉਨ੍ਹਾਂ ਨੂੰ ਯੌਨ ਅਪਰਾਧਾਂ ਤੋਂ ਸੁਰੱਖਿਅਤ ਕਰਨਾ ਸੀ। ਇਸ ਸੈਮੀਨਾਰ ਦੌਰਾਨ ਚਾਈਲਡ ਪ੍ਰੋਟੈਕਸ਼ਨ ਵਿਭਾਗ ਬਠਿੰਡਾ ਤੋਂ ਸ੍ਰੀਮਤੀ ਬੇਅੰਤ ਕੌਰ ਨੇ ਵਿਦਿਆਰਥੀਆਂ ਨੂੰ ਐਕਟ ਦੇ ਵੱਖ-ਵੱਖ ਪੱਖਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਬੱਚਿਆਂ ਦੇ ਅਧਿਕਾਰ, ਸੁਰੱਖਿਅਤ ਤੇ ਅਸੁਰੱਖਿਅਤ ਸਪਰਸ਼, ਆਨਲਾਈਨ ਸੁਰੱਖਿਆ, ਕਿਸੇ ਵੀ ਘਟਨਾ ਦੀ ਰਿਪੋਰਟ ਕਰਨ ਦੀ ਪ੍ਰਕਿਰਿਆ ਤੇ ਬੱਚਿਆਂ ਦੀ ਸੁਰੱਖਿਆ ਵਿੱਚ ਸਕੂਲ ਤੇ ਮਾਪਿਆਂ ਦੀ ਭੂਮਿਕਾ ਬਾਰੇ ਸਮਝਾਇਆ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੇ ਵੀ ਆਪਣੇ ਸਵਾਲ ਪੁੱਛੇ ਤੇ ਬਾਲ ਸੁਰੱਖਿਆ ਨਾਲ ਸੰਬੰਧਤ ਕਈ ਮਹੱਤਵਪੂਰਨ ਬਿੰਦੂਆਂ 'ਤੇ ਚਰਚਾ ਕੀਤੀ ਗਈ। ਸਕੂਲ ਦੇ ਉੱਪ-ਚੇਅਰਮੈਨ ਅਮਿਤ ਸਰਾਫ ਨੇ ਇਸ ਪਹਿਲ ਨੂੰ ਲਾਭਕਾਰੀ ਦੱਸਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸੈਮੀਨਾਰ ਬੱਚਿਆਂ ਦੀ ਸੁਰੱਖਿਆ ਤੇ ਜਾਗਰੂਕਤਾ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸਕੂਲ ਵੱਲੋਂ ਜਾਣਕਾਰੀ ਭਰਪੂਰ ਤੇ ਜਾਗਰੂਕਤਾਪੂਰਕ ਸੈਸ਼ਨ ਆਯੋਜਿਤ ਕਰਨ ਲਈ ਚਾਈਲਡ ਪ੍ਰੋਟੈਕਸ਼ਨ ਵਿਭਾਗ ਬਠਿੰਡਾ (ਪੰਜਾਬ) ਤੇ ਚਾਈਲਡ ਪ੍ਰੋਟੈਕਸ਼ਨ ਅਫਸਰ ਬੇਅੰਤ ਕੌਰ ਦਾ ਧੰਨਵਾਦ ਕੀਤਾ ਗਿਆ।

# ਗੁਰਮੀਤ ਕੜਿਆਲਵੀ ਵੱਲੋਂ ਅਨੁਵਾਦਿਤ ਪੰਕਜ ਸੁਬੀਰ ਦੀ ਪੁਸਤਕ ਲੋਕ ਅਰਪਿਤ



ਮੋਗਾ (ਇਕਬਾਲ ਸਿੰਘ ਖਹਿਰਾ)-ਅਨੁਵਾਦ ਕਰਨਾ ਇੱਕ ਸਿਰਜਣਾਤਮਕ ਕਾਰਜ ਕਰਨ ਜਿਹਾ ਹੀ ਹੈ।ਕਿਸੇ ਪ੍ਰੋਫ਼ੈਸ਼ਨਲ ਅਨੁਵਾਦਕ ਨਾਲੋਂ ਜੇਕਰ ਕੋਈ ਵਿੱਚ ਸਿਰਜਨਾਤਮਕ ਲੇਖਕ ਕਿਸੇ ਰਚਨਾ ਦਾ ਅਨੁਵਾਦ ਕਰਦਾ ਹੈ ਤਾਂ ਉਹ ਇਸ ਵਿੱਚ ਆਪਣੀ ਸਿਰਜਣਾ ਨੂੰ ਵੀ ਸ਼ਾਮਲ ਕਰਦਾ ਹੈ। ਸਿਰਜਣਾਤਮਕ ਲੇਖਕ ਵੱਲੋਂ ਕੀਤਾ ਗਿਆ ਅਨੁਵਾਦ ਵਧੇਰੇ ਸਪਸ਼ਟ ਤੇ ਰੌਚਕ ਹੁੰਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਸਿੱਧ ਲੇਖਕ ਸ੍ਰੀ ਕੇ ਐੱਲ ਗਰਗ ਨੇ ਕੀਤਾ।ਉਹ ਹਿੰਦੀ ਦੇ ਪ੍ਰਸਿੱਧ ਕਹਾਣੀਕਾਰ ਪੰਕਜ ਸੁਬੀਰ ਦੀਆਂ ਕਹਾਣੀਆਂ ਦੀ ਪੁਸਤਕ ਦਾ ਪੰਜਾਬੀ ਅਨੁਵਾਦ 'ਹਰ ਮਿੱਤਰ ਕਮੀਨਾ ਹੁੰਦਾ ਹੈ' ਲੋਕ ਅਰਪਣ ਕਰਨ ਦੀ ਰਸਮ ਕਰ ਰਹੇ ਸਨ।ਊੜਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਇਨ੍ਹਾਂ ਕਹਾਣੀਆਂ ਦਾ ਅਨੁਵਾਦ ਪੰਜਾਬੀ ਦੇ ਨਾਮਵਾਰ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਕੀਤਾ ਹੈ।ਪੁਸਤਕ ਲੋਕ ਅਰਪਣ ਕਰਦਿਆਂ ਬਹੁਤ ਹੀ ਪ੍ਰਸਿੱਧ ਸ਼ਾਇਰ ਤ੍ਰੈਲੋਚਨ ਲੋਚੀ ਨੇ ਕਿਹਾ ਕਿ ਅਨੁਵਾਦ ਇੱਕ ਅਜਿਹੀ ਕਲਾ ਹੈ, ਜਿਸ ਵਿੱਚ ਅਨੁਵਾਦਕ ਨੇ ਆਪਣੇ ਰੂਹ ਫੂਕ ਕੇ ਉਸ ਨੂੰ ਆਪਣੇ ਸੱਭਿਆਚਾਰ ਅਨੁਸਾਰ ਪੇਸ਼ ਕਰਨਾ ਹੁੰਦਾ ਹੈ।ਸ਼ਾਇਰ ਹਰਮੀਤ ਵਿਦਿਆਰਥੀ ਨੇ ਗੁਰਮੀਤ ਕੜਿਆਲਵੀ ਵੱਲੋਂ ਕੀਤੇ ਗਏ ਅਨੁਵਾਦ ਨੂੰ ਵਧੀਆ ਤੇ ਹਿੰਦੀ ਕਹਾਣੀਆਂ ਦੀ ਮੂਲ ਭਾਵਨਾ ਨੂੰ ਬਰਕਰਾਰ ਰੱਖਣ ਵਾਲਾ ਕਿਹਾ।ਪ੍ਰੋਫ਼ੈਸਰ ਗੁਰਤੇਜ ਕੋਹਾਰਾਵਾਲਾ ਨੇ ਕਿਹਾ ਕਿ ਹਿੰਦੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਦੀਆਂ ਵਧੀਆਂ ਰਚਨਾਵਾਂ ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਜਾਣਾ ਜ਼ਰੂਰੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਦੂਸਰੀਆਂ ਭਾਸ਼ਾਵਾਂ ਵਿੱਚ ਕਿਹੋ ਜਿਹਾ ਸਾਹਿਤ ਰਚਿਆ ਜਾ ਰਿਹਾ ਹੈ।ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾਕਟਰ ਗੁਰਸੇਵਕ ਲੰਬੀ ਨੇ ਅਜਿਹਾ ਮਹੱਤਵਪੂਰਨ ਕਾਰਜ ਕਰ ਲਈ ਗੁਰਮੀਤ ਕੜਿਆਲਵੀ ਨੂੰ ਮੁਬਾਰਕਬਾਦ ਦਿੱਤੀ।ਜ਼ਿਲ੍ਹਾ ਭਾਸ਼ਾ ਅਫਸਰ ਡਾਕਟਰ ਅਜੀਤਪਾਲ ਸਿੰਘ ਨੇ ਕਿਹਾ ਕਿ ਇਹ ਕਹਾਣੀਆਂ ਇੱਕ ਵੱਖਰੀ ਧਰਾਤਲ ਦੀਆਂ ਕਹਾਣੀਆਂ ਹਨ, ਜਿਨ੍ਹਾਂ ਦਾ ਅਨੁਵਾਦ ਕਰਨਾ ਔਖਾ ਸੀ, ਪਰ ਗੁਰਮੀਤ ਕੜਿਆਲਵੀ ਨੇ ਬੜੇ ਸੁਚੱਜੇ ਢੰਗ ਨਾਲ਼ ਇਹ ਕਾਰਜ ਨੇਪਰੇ ਚਾੜ੍ਹਿਆ ਹੈ।ਮਹਿੰਦਰ ਸਾਥੀ ਯਾਦਗਾਰੀ ਮੰਚ ਦੇ ਪ੍ਰਧਾਨ ਨਵਨੀਤ ਸਿੰਘ ਸੇਖਾ, ਜਨਰਲ ਸਕੱਤਰ ਗੁਰਪ੍ਰੀਤ ਧਰਮਕੋਟ, ਜਸਵਿੰਦਰ ਧਰਮਕੋਟ, ਵਿੱਤ ਸਕੱਤਰ ਪ੍ਰਦੀਪ ਰੱਖਰਾ, ਮੀਤ ਪ੍ਰਧਾਨ ਧਾਮੀ ਗਿੱਲ, ਸੀਨੀਅਰ ਮੀਤ ਪ੍ਰਧਾਨ ਅਮਰਪ੍ਰੀਤ ਕੌਰ ਸੰਘਾ ਨੇ ਵੀ ਇਸ ਕਾਰਜ ਲਈ ਗੁਰਮੀਤ ਕੜਿਆਲਵੀ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ ਗੀਤਕਾਰ ਸੋਨੀ ਮੋਗਾ, ਸਿਮਰਜੀਤ ਸਿੰਮੀ, ਸ਼ਾਇਰ ਮਨਜਿੰਦਰ ਧਨੋਆ, ਸੁਖਜਿੰਦਰ ਫਿਰੋਜ਼ਪੁਰ, ਜੀਵਨ ਸਿੰਘ ਹਾਣੀ, ਵਿਵੇਕ ਕੋਟ ਈਸੇ ਖਾਂ, ਸ਼ਮਸ਼ੇਰ ਸਿੰਘ ਪ੍ਰਧਾਨ ਸਾਹਿਤ ਸਭਾ ਕੋਟ ਈਸੇ ਖਾਂ, ਮੀਨਾ ਮਹਿਰੋਕ ਜਲਾਲਾਬਾਦ ਪੱਛਮੀ, ਰਿਸ਼ੀ ਹਿਰਦੇਪਾਲ ਮਲੋਟ, ਸ਼ਾਇਰ ਜਸਪਾਲ ਅਨਹਦ, ਪ੍ਰਮੋਦ ਕਾਫ਼ਿਰ, ਵਿਅੰਗਕਾਰ ਤੇ ਬਾਲ ਸਾਹਿਤ ਲੇਖਕ ਡਾਕਟਰ ਸਾਧੂ ਰਾਮ ਲੰਗੇਆਣਾ, ਦਿਲਬਾਗ ਬੌਡੇ, ਵੀਰਪਾਲ ਕੌਰ ਤੇ ਹੋਰ ਸਾਹਿਤਕਾਰ ਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

## ਜਨਹਿੱਤ ਸਮਿਤੀ ਨੇ ਮਰੀਜ਼ਾਂ ਲਈ ਇੱਕ ਹੋਰ ਐਂਬੂਲੈਂਸ ਚਲਾਈ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸੰਸਥਾ ਜਨਹਿਤ ਸਮਿਤੀ ਵੱਲੋਂ ਮਰੀਜ਼ਾਂ ਲਈ ਇੱਕ ਹੋਰ ਐਂਬੂਲੈਂਸ ਚਲਾਈ ਗਈ ਹੈ। ਇਸ ਤੋਂ ਇਲਾਵਾ ਸਿਲਾਈ ਸੈਂਟਰ ਦੀਆਂ ਲੋੜਵੰਦ ਲੜਕੀਆਂ ਨੂੰ 17 ਸਿਲਾਈ ਮਸ਼ੀਨਾਂ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਚਿਲਡਰਨਜ ਪਾਰਕ ਬਾਰਾਦਰੀ ਵਿਖੇ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਪਦਮਸ੍ਰੀ ਵਿਜੇ ਚੋਪੜਾ, ਪਦਮਸ੍ਰੀ ਜਗਜੀਤ ਸਿੰਘ ਦਰਦੀ ਨੇ ਸ਼ਿਰਕਤ ਕੀਤੀ। ਪ੍ਰੋਗਰਾਮ 'ਚ ਉਘੇ ਸਮਾਜ ਸੇਵੀ ਬੀ ਕੇ ਬਿੰਦਲ ਰਿਟਾਇਰ ਡਾਇਰੈਕਟਰ ਪੀ.ਐਸ.ਪੀ.ਸੀ.ਐਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਮੇਅਰ ਪਟਿਆਲਾ ਕੁੰਦਨ ਗੋਗੀਆ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਤੇਜਿੰਦਰ ਮਹਿਤਾ ਨੇ ਕੀਤੀ। ਉੱਘੀ ਸਮਾਜ ਸੇਵਿਕਾ ਮੈਡਮ ਸਤਿੰਦਰਪਾਲ ਕੌਰ ਵਾਲੀਆ, ਰਾਜੇਸ਼ ਸ਼ਰਮਾ ਪੰਜੋਲਾ, ਸਾਬਕਾ ਐਸ ਪੀ ਮਨਜੀਤ ਸਿੰਘ ਬਰਾੜ, ਮੀਤ ਪ੍ਰਧਾਨ ਚਮਨ ਲਾਲ ਗਰਗ, ਦੀਨਾ ਨਾਥ ਰਾਜੋਲੀ, ਕ੍ਰਿਸ਼ਨ ਦੇਵ ਗੋਇਲ, ਜੀ ਐੱਸ ਆਨੰਦ, ਅਨਿਲ ਭਾਰਤੀ, ਸੀਨੀਅਰ ਐਡਵੋਕੇਟ ਐਚ ਐਨ ਮੈਹਸਮਪੁਰੀ, ਪ੍ਰੈਸ ਸਕੱਤਰ ਸਟੇਟ ਐਵਾਰਡੀ, ਪਰਮਿੰਦਰ ਭਲਵਾਨ, ਐਸ.ਪੀ ਪਰਾਸ਼ਰ, ਜਸਵੰਤ ਸਿੰਘ ਕੋਲੀ, ਮਨਮੋਹਨ ਸਿੰਘ ਪ੍ਰਿੰਸੀਪਲ ਸਰਕਾਰੀ ਆਈ.ਟੀ.ਆਈ ਲੜਕੀਆਂ ਰਾਜਪੁਰਾ, ਬ੍ਰਹਮਜੋਤ ਸਿੰਘ ਵਿਦਿਆਰਥੀ ਓ.ਪੀ ਜਿੰਦਲ ਗੋਲਬਲ ਯੂਨੀਵਰਸਿਟੀ ਸੋਨੀਪਤ, ਰੁਦਰਪ੍ਰਤਾਪ ਸਿੰਘ, ਸਤੀਸ਼ ਜੋਸ਼ੀ, ਹਰਪਾਲ ਮਾਨ, ਭੁਪਿੰਦਰ ਸਿੰਘ, ਨਗਿੰਦਰ ਸਿੰਘ, ਇੰਦਰਜੀਤ ਦੁਆ, ਪ੍ਰਦੀਪ ਵਧਵਾ, ਸੁਰਿੰਦਰ ਸਿੰਘ, ਕਰਨਲ ਜਰਨੈਲ ਸਿੰਘ ਥਿੰਦ, ਡਾਕਟਰ ਅਵਨੀਸ਼, ਪ੍ਰੋਫੈਸਰ ਅਸੋਕ ਵਰਮਾ, ਡਾਕਟਰ ਆਸੂਤੋਸ, ਡਾਕਟਰ ਨਿਧੀ ਬਾਂਸਲ, ਵਿਨੇ ਸ਼ਰਮਾ, ਸੁਰੇਸ਼ ਕੁਮਾਰ, ਮਨਜੀਤ ਦੁਆ, ਸਾਬਕਾ ਇੰਸਪੈਕਟਰ ਰਣਜੀਤ ਸਿੰਘ, ਪ੍ਰਦੀਪ ਵਧਵਾ ਇੰਦਰਮੋਹਨ ਮਹਾਜਨ ਨੇ ਸ਼ਿਰਕਤ ਕੀਤੀ।

## ਡੋਰ-ਟੂ-ਡੋਰ ਮੈਂਬਰਸ਼ਿਪ ਅਭਿਆਨ ਤਹਿਤ ਸੰਦੀਪ ਘਈ ਬਣੇ ਖੱਤਰੀ ਸਭਾ ਦੇ ਐਕਟਿਵ ਮੈਂਬਰ



ਮੋਗਾ (ਇਕਬਾਲ ਸਿੰਘ ਖਹਿਰਾ)-ਖੱਤਰੀ ਸਭਾ ਵੱਲੋਂ ਵਿੱਢੇ ਡੋਰ ਟੂ ਡੋਰ ਮੈਂਬਰਸ਼ਿਪ ਅਭਿਆਨ ਤਹਿਤ ਸਭਾ ਵੱਲੋਂ ਚੇਅਰਮੈਨ ਵਿਜੇ ਧੀਰ ਐਡਵੋਕੇਟ ਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੀ ਅਗਵਾਈ ਵਿੱਚ ਖੱਤਰੀ ਸਭਾ ਆਗੂਆਂ ਵੱਲੋਂ ਘਰ-ਘਰ ਤੇ ਦੁਕਾਨ-ਦੁਕਾਨ 'ਤੇ ਜਾ ਕੇ ਖੱਤਰੀ ਸਭਾ ਦੇ ਨਵੇਂ ਮੈਂਬਰ ਲਗਾਤਾਰ ਬਣਾਏ ਜਾ ਰਹੇ ਹਨ।ਇਹ ਸਿਲਸਿਲਾ ਮੈਂਬਰਸ਼ਿਪ ਅਭਿਆਨ ਦੇ ਮੁੱਖ ਸੂਤਰਧਾਰ ਰਮਨ ਗਾਂਧੀ ਦੇ ਉਪਰਾਲੇ ਨਾਲ ਬਲਦੇਵ ਮਾਰਕੀਟ ਵਿੱਚ ਦੁਕਾਨ 'ਤੇ ਜਾ ਕੇ ਸੰਦੀਪ ਘਈ ਨੂੰ ਖੱਤਰੀ ਸਭਾ ਦਾ ਮੈਂਬਰ ਬਣਾਇਆ ਗਿਆ।ਇਸ ਮੌਕੇ ਖੱਤਰੀ ਸਭਾ ਚੇਅਰਮੈਨ ਵਿਜੇ ਧੀਰ ਐਡਵੋਕੇਟ, ਸਕੱਤਰ ਸੰਜੀਵ ਕੌੜਾ ਜੀ ਐੱਸ ਟੀ, ਦਰਸ਼ਨ ਸਿੰਘ ਤੇ ਮੁੱਖ ਸੂਤਰਧਾਰ ਰਮਨ ਗਾਂਧੀ ਨੇ ਸੰਦੀਪ ਘਈ ਨੂੰ ਖੱਤਰੀ ਸਭਾ ਦਾ ਸਿਰੋਪਾਓ ਤੇ ਫੁੱਲ ਮਾਲਾਵਾਂ ਪਹਿਨਾ ਕੇ ਮੈਂਬਰ ਬਣਾਉਣ ਦੀ ਰਸਮ ਪੂਰੀ ਕੀਤੀ।ਇਸ ਮੌਕੇ ਨਵੇਂ ਬਣੇ ਮੈਂਬਰ ਸੰਦੀਪ ਘਈ ਨੇ ਕਿਹਾ ਕਿ ਖੱਤਰੀ ਸਭਾ ਦੀ ਆਪਣੀ ਖੱਤਰੀ ਬਰਾਦਰੀ ਪ੍ਰਤੀ ਅਣਥੱਕ ਸੇਵਾ ਤੇ ਕਾਰਗੁਜ਼ਾਰੀ ਨੇ ਖੱਤਰੀ ਸਭਾ ਦੇ ਮੈਂਬਰ ਬਣਨ ਵਿੱਚ ਖੱਤਰੀ ਬਰਾਦਰੀ ਦਾ ਇੱਕ ਨਵਾਂ ਜੋਸ਼ ਤੇ ਉਤਸ਼ਾਹ ਪੈਦਾ ਕੀਤਾ ਹੈ।ਇਸ ਮੌਕੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਖੱਤਰੀ ਸਭਾ ਵੱਲੋਂ ਵਿੱਢੇ ਮੈਂਬਰਸ਼ਿਪ ਅਭਿਆਨ ਨੂੰ ਖੱਤਰੀ ਬਰਾਦਰੀ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ।ਧੀਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਖੱਤਰੀ ਬਿਰਾਦਰੀ ਦੇ ਕਈ ਲੋਕ ਖੱਤਰੀ ਸਭਾ ਦੇ ਮੈਂਬਰ ਬਣ ਚੁੱਕੇ ਹਨ ਤੇ ਕਈ ਹੋਰ ਮੈਂਬਰ ਬਣਨ ਲਈ ਤਿਆਰ ਹਨ।

## ਕਚਹਿਰੀ ਕੰਪਲੈਕਸ ਦੇ 100 ਮੀਟਰ ਘੇਰੇ ਅੰਦਰ ਮਨਾਹੀ ਦੇ ਹੁਕਮ ਜਾਰੀ

ਮਾਨਸਾ (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀਮਤੀ ਨਵਜੋਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੇ ਕਚਹਿਰੀ ਕੰਪਲੈਕਸ ਦੇ 100 ਮੀਟਰ ਦੇ ਘੇਰੇ ਅੰਦਰ ਜਲੂਸ ਕੱਢਣ, ਜਲਸਾ ਕਰਨ, ਲਾਊਡ ਸਪੀਕਰ ਲਾ ਕੇ ਭਾਸ਼ਣ ਕਰਨੇ, ਧਰਨੇ ਤੇ ਬੈਠਣ 'ਤੇ ਪਾਬੰਦੀ ਲਾਈ ਹੈ।ਹੁਕਮ 'ਚ ਉਨ੍ਹਾਂ ਕਿਹਾ ਕਿ ਰਾਜਨੀਤਕ ਪਾਰਟੀਆਂ/ਜਥੇਬੰਦੀਆਂ ਆਪਣੇ ਮੁੱਦਿਆਂ ਨੂੰ ਲੈ ਕੇ ਜਲੂਸ ਆਦਿ ਕੱਢਣ ਉਪਰੰਤ ਜ਼ਿਲ੍ਹਾ ਕਚਹਿਰੀ ਕੰਪਲੈਕਸ 'ਚ ਲਾਊਡ ਸਪੀਕਰ ਲਾ ਕੇ ਭਾਸ਼ਣ ਦਿੰਦੇ ਰਹਿੰਦੇ ਹਨ ਜਾਂ ਧਰਨਾ ਆਦਿ ਲਾ ਕੇ ਬੈਠ ਜਾਂਦੇ ਹਨ, ਜਿਸ ਨਾਲ ਅਮਨ ਤੇ ਸ਼ਾਂਤੀ ਵਿੱਚ ਵਿਘਨ ਪੈਂਦਾ ਹੈ ਅਤੇ ਸਰਕਾਰੀ ਕੰਮ ਵਿੱਚ ਰੁਕਾਵਟ ਪੈਦਾ ਹੁੰਦੀ ਹੈ, ਜਿਸ ਨਾਲ ਆਮ ਲੋਕਾਂ ਨੂੰ ਆਪਣੇ ਕੰਮ ਕਰਾਉਣ ਲਈ ਔਕੜ ਪੇਸ਼ ਆਉਂਦੀ ਹੈ।ਇਹ ਹੁਕਮ 31 ਜਨਵਰੀ ਤੱਕ ਲਾਗੂ ਰਹੇਗਾ।

# ਵਿਧਾਇਕ ਵੱਲੋਂ 2 ਕਰੋੜ ਦੀ ਲਾਗਤ ਵਾਲੀ ਪ੍ਰੈਸ਼ਰ ਪਾਈਪ ਲਾਈਨ ਦਾ ਉਦਘਾਟਨ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪਿਛਲੇ ਲੰਮੇ ਸਮੇਂ ਤੋਂ ਸੀਵਰੇਜ ਦੀ ਸਮੱਸਿਆ ਝੱਲ ਰਹੇ ਮਾਡਲ ਟਾਊਨ ਤੇ ਉਸਦੇ ਨਾਲ ਲੱਗਦੇ ਮੁਹੱਲੇ ਦੇ ਲੋਕਾਂ ਨੂੰ ਉਸ ਸਮੇਂ ਰਾਹਤ ਮਿਲੀ ਜਦੋਂ ਆਮ ਆਦਮੀ ਪਾਰਟੀ ਦੇ ਸੂਬਾ ਵਾਈਸ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਕੇਹਰ ਸਿੰਘ ਚੌਕ ਤੋਂ ਸੀਵਰੇਜ ਪ੍ਰੈਸ਼ਰ ਪਾਈਪ ਲਾਈਨ ਪਾਉਣ ਦੇ ਕੰਮ ਦੀ ਸ਼ੁਰੂਆਤ ਕਰਾਈ।ਇਸ ਮੌਕੇ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਵੱਖ-ਵੱਖ ਅਧਿਕਾਰੀਆਂ ਤੋਂ ਇਲਾਵਾ ਮੁਹੱਲਾ ਵਾਸੀ ਹਾਜ਼ਰ ਸਨ।ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਉਨ੍ਹਾਂ ਦਾ ਵਿਧਾਇਕ ਬਨਣ ਤੋਂ ਪਹਿਲਾ ਇਹੀ ਮਕਸਦ ਸੀ ਕਿ ਉਹ ਆਪਣੇ ਸ਼ਹਿਰ ਨੂੰ ਵਾਟਰ ਸਪਲਾਈ ਤੇ ਸੀਵਰੇਜ ਦੀ ਗੰਭੀਰ ਸਮੱਸਿਆ ਤੋਂ ਮੁਕਤ ਕਰਾਉਣਾ ਹੈ। ਇਹ ਮਿਸ਼ਨ ਹੌਲੀ-ਹੌਲੀ ਪੂਰਾ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਜੋ ਡਾ. ਕੇਹਰ ਸਿੰਘ ਚੌਕ ਤੋਂ ਇਹ ਪ੍ਰੈਸ਼ਰ ਪਾਈਸ ਲਾਈਨ ਪਾਉਣ ਦਾ ਕੰਮ ਸ਼ੁਰੂ ਕਰਾਇਆ ਹੈ। ਇਸ ਨਾਲ ਮਾਡਲ ਟਾਊਨ ਤੋਂ ਸਿੱਧਾ ਪਾਣੀ ਦੁਸਹਿਰਾ ਗਰਾਊਂਡ ਡਿਸਪੋਜ਼ਲ ਤੱਕ ਪੁਚਾਉਣਾ ਹੈ।ਇਹਦੀ ਲੰਬਾਈ ਤਕਰੀਬਨ 2900 ਮੀਟਰ ਹੈ ਤੇ ਇਸ 'ਤੇ ਲਾਗਤ 2 ਕਰੋੜ ਰੁਪਏ ਦੀ ਆਵੇਗੀ।ਉਨ੍ਹਾਂ ਕਿਹਾ ਕਿ ਇਹ ਕੰਮ 31 ਮਾਰਚ 2026 ਤੱਕ ਪੂਰਾ ਹੋ ਜਾਵੇਗਾ।ਇਸ ਤੋਂ ਬਾਅਦ ਮਾਡਲ ਟਾਊਨ ਡਿਸਪੋਜਲ ਸਬੰਧੀ ਮੁਹੱਲਿਆਂ 'ਚ ਸੀਵਰੇਜ ਦੀ ਸਮੱਸਿਆ ਦੂਰ ਹੋ ਜਾਵੇਗੀ।ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਇਸ ਤੋਂ ਪਹਿਲਾ ਰੈਣੂ ਪੈਲੇਸ ਵਾਲੀ ਗਲੀਆਂ, ਗੁਰਦਿੱਤ ਬਸਤੀ ਮੁਹੱਲਾ ਤੇ ਸਰਕਾਰੀ ਹਸਪਤਾਲ ਰੋਡ ਤੇ ਸੀਵਰੇਜ ਦਾ ਕੰਮ ਚੱਲ ਰਿਹਾ ਹੈ।ਇਸ ਤੋਂ ਬਾਅਦ ਰਹਿੰਦੇ ਇਲਾਕਿਆਂ ਵਿੱਚ ਇਹ ਕੰਮ ਸ਼ੁਰੂ ਕਰਾਇਆ ਜਾਵੇਗਾ।ਇਸ ਮੌਕੇ ਪਰਮਜੀਤ ਸਿੰਘ ਬਿੱਲੂ ਸਿੱਧੂ, ਸੁਖਜਿੰਦਰ ਸਿੰਘ ਬੱਬਲੂ ਬਰਾੜ ਪ੍ਰਧਾਨ ਟਰੱਕ ਯੂਨੀਅਨ, ਜੈ ਚੰਦ ਭੰਡਾਰੀ, ਬਲਵੀਰ ਸਿੰਘ ਬੱਲਾ, ਮਾਸਟਰ ਮਨਜੀਤ ਸਿੰਘ, ਗੁਰਦਾਸ ਸਿੰਘ, ਰਾਜ ਕੁਮਾਰ, ਵਿਜੈ ਕੁਮਾਰ ਬਾਂਸਲ, ਸਵਰਨਜੀਤ ਸਿੰਘ, ਯਾਦਵਿੰਦਰ ਸਿੰਘ, ਥਾਣੇਦਾਰ ਨਛੱਤਰਸਿੰਘ, ਸਤਪਾਲ ਕੁਮਾਰ, ਪ੍ਰਿੰਸ ਕੁਮਾਰ, ਸਰਪੰਚ ਤਰਸੇਮ ਸਿੰਘ, ਰਿੰਕੂ ਬਾਂਸਲ ਬਲਾਕ ਪ੍ਰਧਾਨ, ਸ਼ਮਿੰਦਰ ਸਿੰਘ ਟਿੱਲੂ, ਗੁਰਬਿੰਦਰ ਮਾਂਗਟ, ਧਰਮਜੀਤ ਸਿੰਘ ਵੜਿੰਗ, ਕਰਮਜੀਤ ਸਿੰਘ ਕਾਲਾ, ਸਰਪੰਚ ਸੁਖਚਰਨ ਸਿੰਘ ਨਿੱਕਾ, ਬਿੱਕਰ ਸਿੰਘ, ਪੰਮਾ ਸੰਧੂ, ਮਨੀ ਉਦੇਕਰਨ, ਜ਼ੋਤ ਬਰਾੜ, ਕੁਲਵੰਤ ਸਿੰਘ ਕਾਲਾ, ਦਲਜੀਤ ਸਿੰਘ, ਗੁਰਚਰਨ ਸਿੰਘ, ਕੁਲਵਿੰਦਰ ਸਿੰਘ ਕੰਡਾ, ਬਲਜੀਤ ਸਿੰਘ ਭੁੱਲਰ, ਸੰਗਠਨ ਇੰਚਾਰਜ ਜਸਵੰਤ ਸੰਧੂ, ਹਰੀ ਸਿੰਘ, ਕੌਂਸਲਰ ਹਰਦੀਪ ਸਿੰਘ ਕਾਲਾ ਆਦਿ ਵਰਕਰ ਹਾਜ਼ਰ ਸਨ।

## ਹਰਸਨਦੀਪ ਸਿੰਘ ਗਿੱਲ ਮੈਮੋਰੀਅਲ ਸੁਸਾਇਟੀ ਵੱਲੋਂ ਰਾਜ ਪੱਧਰੀ ਕੁਰਾਸ਼ ਚੈਂਪੀਅਨਸ਼ਿਪ




ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਹਰਸਨਦੀਪ ਸਿੰਘ ਗਿੱਲ ਮੈਮੋਰੀਅਲ ਚੈਰੀਟੇਬਲ ਸੁਸਾਇਟੀ ਵੱਲੋਂ ਤੀਜੀ ਕੈਡੇਟ ਜੂਨੀਅਰ ਸਟੇਟ ਕੁਰਾਸ਼ ਚੈਂਪੀਅਨਸ਼ਿਪ 2025 ਕਰਾਈ ਗਈ।ਇਸ ਦੌਰਾਨ ਜੂਡੋ ਟ੍ਰੇਨਿੰਗ ਸੈਂਟਰ ਵਿਖੇ 300 ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ ਤੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡੀ.ਆਈ.ਜੀ (ਸਾ) ਡਾ. ਨਰਿੰਦਰ ਭਾਰਗਵ ਨੇ ਸ਼ਿਰਕਤ ਕੀਤੀ।ਉਨ੍ਹਾਂ ਨਾਲ ਏ.ਆਈ.ਜੀ. ਸਕਿਉਰਿਟੀ ਵਰਿੰਦਰਪਾਲ ਸਿੰਘ, ਸਾਬਕਾ ਐਸ.ਪੀ ਜਗਜੀਤ ਸਿੰਘ ਗਿੱਲ, ਡਾ. ਦੀਪਿੰਦਰ ਕੌਰ ਗਿੱਲ, ਰਾਜਦੀਪ ਸਿੰਘ ਗਿੱਲ ਲੰਡਨ (ਯੂ.ਕੇ.) ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮੇਜਰ ਫੈਮਿਲੀ ਦੇ ਸਨੀ ਸੰਧੂ, ਕਮਾਂਡੈਂਟ, 36 ਬਟਾਲੀਅਨ ਗੁਰਸ਼ਰਨਦੀਪ ਸਿੰਘ ਗਰੇਵਾਲ ਤੇ ਮੋਹਾਲੀ ਤੋਂ ਅਮਿਤ ਚੱਢਾ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਾਮਲ ਹੋਏ।ਚੈਂਪੀਅਨਸ਼ਿਪ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਤ ਕਰਨਾ ਤੇ ਉਨ੍ਹਾਂ ਨੂੰ ਇੱਕ ਵਧੀਆ ਪਲੇਟਫਾਰਮ ਪ੍ਰਦਾਨ ਕਰਨਾ ਸੀ।ਮੁਕਾਬਲਿਆਂ ਦੌਰਾਨ ਜੇਤੂ ਰਹੇ ਖਿਡਾਰੀਆਂ ਨੂੰ ਮੈਡਲ ਤੇ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਬੁਲਾਰਿਆਂ ਨੇ ਕਿਹਾ ਕਿ ਸੁਸਾਇਟੀ ਵੱਲੋਂ ਖੇਡਾਂ ਦੇ ਖੇਤਰ 'ਚ ਪਾਇਆ ਜਾ ਰਿਹਾ ਯੋਗਦਾਨ ਬੇਹੱਦ ਸ਼ਲਾਘਾਯੋਗ ਹੈ।

## ਮਸਲਾ ਨਰਮੇ ਦੀ ਖਰੀਦ ਦਾ : ਉੱਚ ਅਧਿਕਾਰੀਆਂ ਦਾ ਅਨਾਜ ਮੰਡੀ 'ਚ ਛਾਪਾ



ਸਰਦੂਲਗੜ੍ਹ (ਅਵਤਾਰ ਜਟਾਣਾ)-ਦਾਣਾ ਮੰਡੀ 'ਚ ਉਸ ਸਮੇਂ ਹੜਕੰਪ ਮੱਚ ਗਿਆ, ਜਦੋਂ ਚੰਡੀਗੜ੍ਹ ਤੋਂ ਆਈ ਮਾਰਕੀਟ ਕਮੇਟੀ ਦੀ ਟੀਮ ਨੇ ਮੰਡੀ ਵਿੱਚ ਕੁੱਝ ਆੜ੍ਹਤੀਆਂ ਦੀਆਂ ਦੁਕਾਨਾਂ 'ਤੇ ਅਚਾਨਕ ਛਾਪਾ ਮਾਰ ਕੇ ਉਨ੍ਹਾਂ ਦਾ ਰਿਕਾਰਡ ਜ਼ਬਤ ਕਰ ਆਪਣੇ ਨਾਲ ਲੈ ਗਏ। ਜਦੋਂ ਪੱਤਰਕਾਰਾਂ ਨੂੰ ਪਤਾ ਚੱਲਿਆ ਤਾਂ ਮੰਡੀ ਵਿੱਚ ਇਕੱਠੇ ਹੋਏ ਕੁੱਝ ਆੜ੍ਹਤੀ ਸਰਦੂਲਗੜ੍ਹ ਮਾਰਕੀਟ ਕਮੇਟੀ ਦੇ ਮੁਲਾਜ਼ਮਾਂ 'ਤੇ ਨਰਮੇ ਦੀ ਬਿਕਵਾਲੀ ਨੂੰ ਲੈ ਕੇ 20 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਰਿਸ਼ਵਤ ਲੈਣ ਦੇ ਇਲਜ਼ਾਮ ਲਾ ਰਹੇ ਸਨ, ਕਿਉਂਕਿ ਇਥੋਂ ਨਰਮਾ ਖਰੀਦ ਕੇ ਆੜ੍ਹਤੀਆਂ ਵੱਲੋਂ ਗੁਆਂਢੀ ਰਾਜ ਹਰਿਆਣਾ ਦੇ ਕੁਝ ਸ਼ਹਿਰਾਂ 'ਚ ਭੇਜਿਆ ਜਾ ਰਿਹਾ ਹੈ, ਜਿਸ ਨਾਲ ਮਾਰਕੀਟ ਕਮੇਟੀ ਨੂੰ ਮਾਰਕੀਟ ਫ਼ੀਸ ਵਿੱਚ ਲੱਖਾਂ ਰੁਪਏ ਦਾ ਚੂਨਾ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਲੱਗਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਉਹ ਕੈਮਰੇ ਅੱਗੇ ਕੁਝ ਵੀ ਬੋਲਣ ਤੋਂ ਪਾਸਾ ਵੱਟ ਦੇ ਰਹੇ। ਜਦੋਂ ਮਾਰਕੀਟ ਕਮੇਟੀ ਦੇ ਸਕੱਤਰ ਨਾਲ ਫੋਨ 'ਤੇ ਗੱਲ ਕੀਤੀ ਤਾਂ ਉਨ੍ਹਾਂ ਵੀ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਚੰਡੀਗੜ੍ਹ ਤੋਂ ਆਈ ਟੀਮ ਨੇ ਕੁੱਝ ਦੁਕਾਨਦਾਰਾਂ ਦੇ ਸਟਾਕ ਰਜਿਸਟਰ ਆਦਿ ਆਪਣੇ ਕਬਜ਼ੇ 'ਚ ਲੈ ਕੇ ਲੈ ਲਏ ਹਨ। ਜਦੋਂ ਉਨ੍ਹਾਂ ਮੁਲਾਜ਼ਮਾਂ ਦੀ ਮਿਲੀਭੁਗਤ ਬਾਰੇ ਲਾਏ ਗਏ ਦੋਸ਼ਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਦੋਸ਼ ਝੂਠੇ ਹਨ। ਉਧਰ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪ੍ਰਧਾਨ ਹਰਪਾਲ ਸਿੰਘ ਪਾਲੀ ਨੇ ਮੰਗ ਕੀਤੀ ਹੈ ਕਿ ਸ਼ਹਿਰ ਵਿਚ ਵਿਕਣ ਲਈ ਆ ਰਹੀ ਨਰਮੇ ਦੀ ਫ਼ਸਲ ਨੂੰ ਘੱਟ ਰੇਟਾਂ 'ਤੇ ਖਰੀਦ ਕੇ ਹਰਿਆਣਾ ਦੇ ਵੱਖ-ਵੱਖ ਸ਼ਹਿਰਾਂ 'ਚ ਉਚੇ ਭਾਅ 'ਤੇ ਵੇਚਿਆ ਜਾ ਰਿਹਾ ਹੈ, ਜਿਸ ਨਾਲ ਜਿਥੇ ਕਿਸਾਨਾਂ ਨੂੰ ਫ਼ਸਲ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ, ਉਥੇ ਹੀ ਮਾਰਕੀਟ ਕਮੇਟੀ ਦੀ ਬਣਦੀ ਫੀਸ ਅਦਾ ਨਾ ਕਰਕੇ ਵੱਡਾ ਨੁਕਸਾਨ ਪੁਚਾਇਆ ਜਾ ਰਿਹਾ ਹੈ। ਜੇਕਰ ਇਸ ਦੀ ਉਚ ਪੱਧਰੀ ਜਾਂਚ ਕੀਤੀ ਜਾਵੇ ਤਾਂ ਕਰੋੜਾਂ ਦਾ ਘੁਟਾਲਾ ਸਾਹਮਣੇ ਆ ਸਕਦਾ ਹੈ।

# ਝੱਜ ਪਰਵਾਰ ਨੂੰ ਸਦਮਾ, ਮਾਤਾ ਦਾ ਦੇਹਾਂਤ, ਅੰਤਿਮ ਸੰਸਕਾਰ 20 ਨੂੰ




ਦੋਰਾਹਾ (ਹਰਮਿੰਦਰ ਸੇਠ)-ਮਾਤਾ ਤੇਜ ਕੌਰ ਪੰਧੇਰ-ਝੱਜ ਸੁਪਤਨੀ ਕੈਪਟਨ ਸੁਖਦੇਵ ਸਿੰਘ ਝੱਜ (ਬੰਗਾਲ ਇੰਜਨੀਅਰ ਸੈਂਟਰ ਰੁੜਕੀ) ਕੁੱਝ ਸਮਾਂ ਬਿਮਾਰ ਰਹਿਣ ਉਪਰੰਤ ਆਪਣੀ 91 ਸਾਲ ਦੀ ਜੀਵਨ ਯਾਤਰਾ ਸੰਪੂਰਨ ਕਰਦੇ ਹੋਏ 13 ਦਸੰਬਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਆਪਣੇ ਪਿੱਛੇ ਪੱਤਰਕਾਰ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰੈੱਸ ਸਕੱਤਰ, ਸਾਬਕਾ ਪ੍ਰਧਾਨ ਪੰਜਾਬੀ ਲਿਖਾਰੀ ਸਭਾ ਰਾਮਪੁਰ, ਸਾਬਕਾ ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਜਨਰਲ ਸਕੱਤਰ ਪ੍ਰਗਤੀਸ਼ੀਲ ਲੇਖਕ ਸੰਘ ਜ਼ਿਲ੍ਹਾ ਲੁਧਿਆਣਾ, ਆਲ ਇੰਡੀਆ ਕਿਸਾਨ ਸਭਾ-1936 ਜ਼ਿਲ੍ਹਾ ਲੁਧਿਆਣਾ ਪ੍ਰਧਾਨ ਜਸਵੀਰ ਝੱਜ, ਸਵਰਗੀ ਨਾਇਕ ਜਸਪਿੰਦਰ ਸਿੰਘ ਝੱਜ, ਸਤਵੀਰ ਸਿੰਘ ਝੱਜ (ਹਾਲੈਂਡ) ਤੇ ਇੱਕ ਲੜਕੀ ਦਾ ਭਰਿਆ ਵੱਡਾ ਪਰਵਾਰ, ਪੋਤੇ, ਪੋਤੀਆਂ, ਦੋਹਤੇ, ਪੜਦੋਹਤਾ, ਪੜੋਤਿਆਂ ਵਾਲਾ ਪਰਵਾਰ ਛੱਡ ਗਏ ਹਨ। ਮਾਤਾ ਤੇਜ ਕੌਰ ਦੇ ਸਦੀਵੀ ਵਿਛੋੜੇ ਉੱਤੇ ਉਨ੍ਹਾ ਦੇ ਪਰਵਾਰ ਨਾਲ ਅਜੀਤ ਦੇ ਚੀਫ ਐਗਜ਼ੀਕਿਉਟ ਮੈਡਮ ਗੁਰਜੋਤ ਕੌਰ ਤੇ ਦਫਤਰ ਖੰਨਾ ਦੇ ਇੰਚਾਰਜ ਡਾ. ਹਰਿੰਦਰ ਸਿੰਘ ਲਾਲ, ਪ੍ਰਗਤੀਸ਼ੀਲ ਲੇਖ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਨਿਹਾਲਗੜ੍ਹ, ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਜ਼ਿਲ੍ਹਾ ਜਨਰਲ ਸਕੱਤਰ ਚਮਕੌਰ ਸਿੰਘ ਬਰ੍ਹਮੀ, ਸੀ.ਪੀ.ਪੀ.ਆਈ. ਸਕੱਤਰ ਬੰਤ ਬਰਾੜ ਤੇ ਸਕੱਤਰ ਜ਼ਿਲ੍ਹਾ ਲੁਧਿਆਣਾ ਡੀ. ਪੀ. ਮੌੜ, ਡਾ. ਅਰੁਣ ਮਿੱਤਰਾ, ਆਲ ਇੰਡੀਆ ਏਟਕ ਕੌਮੀ ਸਕੱਤਰ ਅਮਰਜੀਤ ਕੌਰ, ਹਰਮਿੰਦਰ ਸੇਠ ਪੱਤਰਕਾਰ ਨਵਾਂ ਜ਼ਮਾਨਾ, ਸੰਯੁਕਤ ਕਿਸਾਨ ਮੋਰਚਾ ਦੀਆਂ ਸਮੂਹ ਜਥੇਬੰਦੀਆਂ, ਪੱਤਰਕਾਰ ਪ੍ਰੈੱਸ ਕਲੱਬ ਦੋਰਾਹਾ, ਪ੍ਰੈੱਸ ਕਲੱਬ ਤਹਿਸੀਲ ਪਾਇਲ, ਇਲਾਕ ਦੇ ਸਮੂਹ ਪੱਤਰਕਾਰ, ਇਲਾਕੇ ਦੀਆਂ ਸਹਿਤਕ, ਧਾਰਮਿਕ, ਸਿਆਸੀ, ਸਮਾਜਸੇਵੀ, ਖੇਡ ਸੰਸਥਾਵਾਂ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਅਮਰਿੰਦਰ ਸਿੰਘ ਝੱਜ (ਜਸ ਬੈਕਰੀ ਖਰੜ), ਦਿਲਪ੍ਰੀਤ ਸਿੰਘ ਝੱਜ (ਪੁਰਤਗਾਲ), ਐਡਵੋ. ਸੁਖਮਨਦੀਪ ਸਿੰਘ ਭੱਟੀ, ਅਮਨਦੀਪ ਸਿੰਘ ਮਾਂਗਟ (ਕੈਨੇਡਾ) ਦੇ ਅਨੁਸਾਰ ਉਨ੍ਹਾਂ ਦੇ ਚਾਚਾ ਸਤਵੀਰ ਸਿੰਘ ਝੱਜ ਦੇ ਹਾਲੈਂਡ ਤੋਂ ਪਰਵਾਰ ਸਮੇਤ ਪਿੰਡ ਪਹੁੰਚਣ ਉਪਰੰਤ ਮਾਤਾ ਤੇਜ ਕੌਰ ਜੀ ਦਾ ਅੰਤਿਮ ਸੰਸਕਾਰ 20 ਦਸੰਬਰ ਨੂੰ ਸਵੇਰੇ 10 ਵਜੇ ਪਿੰਡ ਬੁਆਣੀ ਵਿਖੇ ਕੀਤਾ ਜਾਵੇਗਾ।

## ਠੰਢ ਦੇ ਮੌਸਮ 'ਚ ਬੱਚਿਆਂ ਤੇ ਬਜ਼ੁਰਗਾਂ ਦਾ ਰੱਖਿਆ ਜਾਵੇ ਧਿਆਨ : ਡਾ. ਰਮਨਦੀਪ ਕੌਰ



ਸਮਰਾਲਾ (ਸੁਰਜੀਤ ਸਿੰਘ)-ਸਰਦੀ ਦੇ ਮੌਸਮ ਵਿੱਚ ਖੰਘ, ਜ਼ੁਕਾਮ, ਬੁਖਾਰ, ਫਲੂ, ਨਿਮੋਨੀਆ, ਦਮਾ ਤੇ ਗਲੇ ਦੀਆਂ ਇਨਫੈਕਸ਼ਨਾਂ ਵਰਗੀਆਂ ਬਿਮਾਰੀਆਂ ਵਧ ਸਕਦੀਆਂ ਹਨ। ਤਾਪਮਾਨ ਵਿੱਚ ਆਉਣ ਵਾਲੀ ਕਮੀ ਤੇ ਠੰਢੀ ਹਵਾ ਕਾਰਨ ਕਈ ਵਾਰ ਵੱਡੀ ਗਿਣਤੀ 'ਚ ਲੋਕ ਬਿਮਾਰ ਪੈ ਜਾਂਦੇ ਹਨ। ਇਸ ਲਈ ਬੱਚਿਆਂ ਤੇ ਬਜ਼ੁਰਗਾਂ ਦਾ ਇਸ ਮੌਸਮ ਵਿੱਚ ਖਾਸ ਧਿਆਨ ਰੱਖਿਆ ਜਾਵੇ। ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਜ਼ਿਲ੍ਹੇ ਦੇ ਆਮ ਲੋਕਾਂ ਨੂੰ ਅਪੀਲ ਕਰਦੇ ਕਿਹਾ ਕਿ ਸਰਦੀਆਂ ਦੇ ਮੌਸਮ ਵਿੱਚ ਜ਼ਰੂਰੀ ਸਾਵਧਾਨੀਆਂ ਅਪਣਾ ਕੇ ਆਪਣੀ ਅਤੇ ਆਪਣੇ ਪਰਵਾਰ ਨੂੰ ਸਰਦੀ ਤੋਂ ਬਚਾ ਕੇ ਰੱਖਣ। ਉਨ੍ਹਾਂ ਦੱਸਿਆ ਕਿ ਸਰਦੀ ਦੇ ਮੌਸਮ ਵਿੱਚ ਵਾਇਰਲ ਫਲੂ ਅਤੇ ਜ਼ੁਕਾਮ-ਖੰਘ ਵਧੇਰੇ ਫੈਲਦੇ ਹਨ। ਇਸ ਤੋਂ ਬਚਾਅ ਲਈ ਖਾਸ ਕਰਕੇ ਛੋਟੇ ਬੱਚਿਆਂ ਤੇ ਬਜ਼ੁਰਗਾਂ ਨੂੰ ਗ਼ਰਮ ਕੱਪੜੇ ਪਹਿਨਣੇ ਬਹੁਤ ਜ਼ਰੂਰੀ ਹਨ। ਸਿਰ, ਕੰਨ ਤੇ ਗਲਾ ਢਕ ਕੇ ਰੱਖਿਆ ਜਾਵੇ। ਠੰਢੀ ਹਵਾ ਤੋਂ ਬਚਣ ਲਈ ਸਵੇਰੇ ਤੇ ਸ਼ਾਮ ਦੇ ਸਮੇਂ ਬਾਹਰ ਜਾਣ ਤੋਂ ਸੰਭਵ ਹੱਦ ਤੱਕ ਪ੍ਰਹੇਜ਼ ਕੀਤਾ ਜਾਵੇ। ਬਿਮਾਰ ਵਿਅਕਤੀਆਂ ਨਾਲ ਨੇੜਤਾ ਘੱਟ ਰੱਖੀ ਜਾਵੇ ਅਤੇ ਖੰਘਣ ਜਾਂ ਛਿੱਕਣ ਵੇਲੇ ਮੂੰਹ ਨੂੰ ਰੁਮਾਲ ਜਾਂ ਟਿਸ਼ੂ ਨਾਲ ਢਕ ਕੇ ਰੱਖਿਆ ਜਾਵੇ।

## ਜ਼ਿਲ੍ਹਾ ਐਡਵਾਈਜਰੀ ਕਮੇਟੀ ਪੀ ਐੱਨ ਡੀ ਟੀ ਦੀ ਕੀਤੀ ਮੀਟਿੰਗ



ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)-ਲਿੰਗ ਅਨੁਪਾਤ ਵਿੱਚ ਸਮਾਨਤਾ ਲਿਆਉਣ ਤੇ ਬੇਟੀ ਬਚਾਓ ਬੇਟੀ ਪੜ੍ਹਾਓ ਦੀ ਜਾਗਰੂਕਤਾ ਲਈ ਜ਼ਿਲ੍ਹਾ ਸਿਹਤ ਵਿਭਾਗ ਵੱਲੋਂ ਚੇਅਰਪਰਸਨ, ਜ਼ਿਲ੍ਹਾ ਐਪ੍ਰੋਪ੍ਰੀਏਟ ਅਥਾਰਟੀ ਕਮ ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਐਡਵਾਇਜਰੀ ਕਮੇਟੀ ਦੀ ਮੀਟਿੰਗ ਕੀਤੀ ਗਈ।ਮੀਟਿੰਗ 'ਚ ਸ਼ਾਮਲ ਹੋਏ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਅਮਰਜੀਤ ਕੌਰ ਨੇ ਕਿਹਾ ਕਿ ਲਿੰਗ ਅਨੁਪਾਤ 'ਚ ਸੁਧਾਰ ਲਿਆਉਣ ਲਈ ਮਾਨਸਿਕ ਸੋਚ ਬਦਲਣ ਦੀ ਜ਼ਰੂਰਤ ਹੈ।ਇਸ ਲਈ ਸਮਾਜ ਵਿੱਚ ਪੀ.ਸੀ.ਪੀ.ਐਨ.ਡੀ.ਟੀ. ਐਕਟ ਲਾਗੂ ਕਰਾਉਣ ਨਾਲ ਭਾਵੇਂ ਲਿੰਗ ਅਨੁਪਾਤ ਵਿੱਚ ਕਾਫੀ ਸੁਧਾਰ ਹੋਇਆ ਹੈ, ਪ੍ਰੰਤੂ ਅਜੇ ਹੋਰ ਸੁਧਾਰ ਲਈ ਕੁੜੀਆਂ ਪ੍ਰਤੀ ਸਮਾਜ ਦੀ ਮਾਨਸਿਕ ਸੋਚ ਬਦਲਣ ਦੀ ਜ਼ਰੂਰਤ ਹੈ।ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਕੁੜੀ ਤੇ ਮੁੰਡੇ ਵਿੱਚ ਫਰਕ ਨਾ ਸਮਝਣ ਤੇ ਐਕਟ ਦੀਆਂ ਧਾਰਾਵਾਂ ਸਬੰਧੀ ਜਾਗਰੂਕ ਕਰਨ ਲਈ ਕੈਂਪ ਲਾਏ ਜਾਣ।ਪੀ.ਸੀ.ਪੀ.ਐਨ.ਡੀ.ਟੀ ਐਕਟ ਅਤੇ ਐਕਟ ਦੀ ਉਲੰਘਣਾ ਕਰਕੇ ਲਿੰਗ ਦੀ ਜਾਂਚ ਕਰਨ ਤੇ ਕਰਾਉਣ ਵਾਲਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਅਤੇ ਜੁਰਮਾਨੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।ਮੀਟਿੰਗ ਵਿੱਚ ਡਾ.ਅਮਰਜੀਤ ਕੌਰ ਨੇ ਸਮੂਹ ਮੈਂਬਰਾਂ ਨੂੰ ਏਜੰਡੇ ਬਾਰੇ ਵਿਸਥਾਰ ਸਹਿਤ ਜਾਣੂ ਕਰਾਇਆ।ਕਮੇਟੀ ਵੱਲੋਂ ਅਜੰਡੇ ਵਿੱਚ ਦਰਜ ਮੁੱਦਿਆਂ ਤੇ ਵਿਸਥਾਰ ਸਹਿਤ ਚਰਚਾ ਕਰਦਿਆਂ ਸਹਿਮਤੀ ਪ੍ਰਗਟ ਕੀਤੀ ਗਈ।ਸਿਵਲ ਸਰਜਨ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਤੇ ਗੈਰ ਕਾਨੂੰਨੀ ਤਰੀਕੇ ਨਾਲ ਕਿਸੇ ਵੱਲੋਂ ਲਿੰਗ ਜਾਂਚ ਕੀਤੀ ਜਾ ਕਰਵਾਈ ਜਾਂਦੀ ਹੈ, ਉਸ ਦੀ ਸੂਚਨਾ ਤੁਰੰਤ ਸਿਹਤ ਵਿਭਾਗ ਨੂੰ ਦਿੱਤੀ ਜਾਵੇ। ਸੂਚਨਾ ਦੇਣ ਵਾਲੇ ਦਾ ਨਾਂਅ ਗੁਪਤ ਰੱਖਿਆ ਜਾਵੇਗਾ।

## ਤੇਜਾਖੇੜਾ ਫਾਰਮ 'ਚ ਸਥਾਪਤ ਹੋਵੇਗਾ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦਾ ਬੁੱਤ

ਸਿਰਸਾ (ਸੁਰਿੰਦਰ ਪਾਲ ਸਿੰਘ) ਹਲਕਾ ਰਾਣੀਆ ਦੇ ਵਿਧਾਇਕ ਅਰਜੁਨ ਚੌਟਾਲਾ ਦਾ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੀ ਪਹਿਲੀ ਬਰਸੀ 'ਤੇ 20 ਦਸੰਬਰ ਨੂੰ ਸਵੇਰੇ 11 ਵਜੇ ਤੇਜਾਖੇੜਾ ਫਾਰਮ ਹਾਊਸ ਵਿਖੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਉਪਰੰਤ ਉਨ੍ਹਾਂ ਦੀ ਸਮਾਧੀ (ਪਵਿੱਤਰ ਯਾਦਗਾਰ) 'ਤੇ 12 ਫੁੱਟ ਉੱਚੀ ਮੂਰਤੀ ਭਾਵ ਬੁੱਤ ਦਾ ਉਦਘਾਟਨ ਵੀ ਕੀਤਾ ਜਾਵੇਗਾ। ਵਿਧਾਇਕ ਚੌਟਾਲਾ ਇਨੈਲੋ ਦੇ ਜ਼ਿਲ੍ਹਾ ਦਫ਼ਤਰ ਵਿਖੇ ਹਲਕਾ ਐਲਨਾਬਾਦ ਦੇ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਮੀਟਿੰਗ ਦੀ ਪ੍ਰਧਾਨਗੀ ਇਨੈਲੋ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਜੱਸਾ ਨੇ ਕੀਤੀ। ਵਿਧਾਇਕ ਚੌਟਾਲਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਕਿਸਾਨਾਂ, ਮਜ਼ਦੂਰਾਂ, ਖਿਡਾਰੀਆਂ, ਨੌਜਵਾਨਾਂ ਤੇ ਕਾਰੋਬਾਰੀਆਂ ਸਮੇਤ ਸਮਾਜ ਦੇ ਵੱਖ-ਵੱਖ ਵਰਗਾਂ ਲਈ ਮਸੀਹਾ ਸਨ। ਉਨ੍ਹਾਂ ਜੋ ਯੋਜਨਾਵਾਂ ਤਿਆਰ ਕੀਤੀਆਂ, ਉਹ ਲਾਗੂ ਵੀ ਕੀਤੀਆਂ। ਉਨ੍ਹਾਂ ਦਾ ਕਾਰਜਕਾਲ ਹਰਿਆਣਾ ਦੇ ਵਿਕਾਸ ਲਈ ਮਹੱਤਵਪੂਰਨ ਸੀ। ਹਰਿਆਣਾ ਦੇ ਲੋਕਾਂ ਨੇ ਉਨ੍ਹਾਂ ਨੂੰ ਹਰਿਆਣਾ ਦਾ ਲੋਹ ਪੁਰਸ਼ ਉਪਨਾਮ ਦਿੱਤਾ। ਲੋਕ ਉਨ੍ਹਾਂ ਨੂੰ ਇੱਕ ਸਰਵਉੱਚ ਨੇਤਾ ਵਜੋਂ ਯਾਦ ਕਰਦੇ ਹਨ। ਇਨੈਲੋ ਦੇ ਜ਼ਿਲ੍ਹਾ ਪ੍ਰਧਾਨ ਜਸਵੀਰ ਸਿੰਘ ਜੱਸਾ ਨੇ ਕਿਹਾ ਕਿ ਇੰਡੀਅਨ ਨੈਸ਼ਨਲ ਲੋਕ ਦਲ ਭਾਈ ਅਭੈ ਸਿੰਘ ਚੌਟਾਲਾ ਦੀ ਅਗਵਾਈ ਹੇਠ ਦੱਬੇ-ਕੁਚਲੇ ਵਰਗਾਂ ਦੇ ਹੱਕਾਂ ਲਈ ਲੜ ਰਿਹਾ ਹੈ। ਮੀਟਿੰਗ ਵਿੱਚ ਹੁਸ਼ਿਆਰ ਸਿੰਘ ਖੋੜ, ਮਹਿੰਦਰ ਬਾਣਾ, ਮਹਾਂਵੀਰ ਸ਼ਰਮਾ, ਦਵਿੰਦਰ ਕਿਰਪਾਲ ਪੱਟੀ ਤੇ ਸੁਰਿੰਦਰ ਸਿੰਘ ਸਮੇਤ ਵੱਡੀ ਮਾਤਰਾ 'ਚ ਇਨੈਲੋ ਵਰਕਰ ਮੌਜੂਦ ਸਨ।

# ਪੀ ਐੱਮ ਆਰ ਏ ਦੀ ਸੂਬਾ ਪੱਧਰੀ ਮੀਟਿੰਗ 'ਚ ਲਏ ਅਹਿਮ ਫ਼ੈਸਲੇ




ਦੋਰਾਹਾ (ਹਰਮਿੰਦਰ ਸੇਠ) ਪੰਜਾਬ ਮੈਡੀਕਲ ਰੀਪ੍ਰੀਜੈਂਟੇਟਿਵ ਐਸੋਸੀਏਸ਼ਨ ਦੀ ਸੂਬਾ ਪੱਧਰੀ ਮੀਟਿੰਗ ਪੰਜਾਬੀ ਭਵਨ ਵਿਖੇ ਆਯੋਜਤ ਕੀਤੀ ਗਈ, ਜਿਸ ਬਾਰੇ ਪੀ.ਐਮ.ਆਰ.ਏ ਦੇ ਸੀਨੀਅਰ ਕਾਮਰੇਡ ਪੰਕਜ ਸੂਦ ਦੋਰਾਹਾ ਤੇ ਐਸੋਸੀਏਸਨ ਦੇ ਪੀ.ਆਰ.ਓ ਕਾਮਰੇਡ ਸੰਜੀਵ ਸ਼ਰਮਾ ਨੇ ਦੱਸਿਆ ਕਿ ਇਸ ਮੀਟਿੰਗ ਦੀ ਪ੍ਰਧਾਨਗੀ ਰਾਸਟਰੀ ਸੰਸਥਾ ਐਨ.ਐੱਫ਼.ਐੱਸ.ਆਰ.ਯੂ ਦੇ ਰਾਸਟਰੀ ਸਕੱਤਰ ਕਾਮਰੇਡ ਏ.ਕੇ.ਘੋਸ਼ ਤੇ ਏ.ਡਬਲਯੂ.ਬੀ.ਐੱਸ.ਆਰ.ਯੂ ਦੇ ਸਕੱਤਰ ਕਾਮਰੇਡ ਅਭਿਜੀਤ ਰਾਏ ਨੇ ਕੀਤੀ।

ਦੋਵੇਂ ਰਾਸ਼ਟਰੀ ਨੇਤਾਵਾਂ ਨੇ ਮੀਟਿੰਗ 'ਚ ਹਾਜ਼ਰ ਕਾਮਰੇਡਾਂ ਨੂੰ ਸੰਬੋਧਨ ਕਰਦਿਆਂ ਮੌਜੂਦਾ ਕਿਰਤ ਕਾਨੂੰਨਾਂ, ਕ੍ਰਮਚਾਰੀਆਂ ਦੇ ਅਧਿਕਾਰਾਂ ਤੇ ਟ੍ਰੇਡ ਯੂਨੀਅਨਾਂ ਦੀ ਭੂਮਿਕਾ 'ਤੇ ਵਿਸਥਾਰ ਨਾਲ ਚਾਨਣਾ ਪਾਇਆ, ਉਥੇ ਪੀ.ਐੱਮ.ਆਰ.ਏ ਦੇ ਸੂਬਾ ਪ੍ਰਧਾਨ ਕਾਮਰੇਡ ਅਨੁਰਾਗ ਸਿੰਘ ਤੇ ਸੂਬਾ ਸਕੱਤਰ ਕਾਮਰੇਡ ਰਮਨ ਮਲਹੋਤਰਾ ਨੇ ਸੰਬੋਧਨ ਕਰਦੇ ਹੋਏ ਮੈਡੀਕਲ ਰੀਪ੍ਰੀਜੈਂਟੇਟਿਵਜ ਦੇ ਮੌਜੂਦਾ ਹਾਲਾਤਾਂ, ਸਮੱਸਿਆਵਾਂ ਤੇ ਭਵਿੱਖ ਦੀਆਂ ਰਣਨੀਤੀਆਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਮੀਟਿੰਗ ਦੌਰਾਨ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਕਿਰਤ ਕਾਨੂੰਨ (ਲੇਬਰ ਕੋਡਜ), ਮੈਡੀਕਲ ਰੀਪ੍ਰੀਜੈਂਟੇਟਿਵਜ ਨੂੰ ਫੀਲਡ 'ਚ ਪੇਸ਼ ਆ ਰਹੀਆਂ ਸਮੱਸਿਆਵਾਂ ਤੇ ਸੇਲਜ ਪ੍ਰਮੋਸ਼ਨ ਇੰਪਲਾਇਜ ਐਕਟ, 1976 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਇਸ ਦੇ ਨਾਲ ਹੀ ਫਾਰਮਾਸਿਊਟੀਕਲ ਕੰਪਨੀਆਂ ਵੱਲੋਂ ਕਾਰਜਸਥਲਾਂ 'ਤੇ ਨਵੀਂ ਏ.ਆਈ ਟੈਕਨੋਲੋਜੀ ਦੇ ਵਧਦੇ ਦਖਲ 'ਤੇ ਗੰਭੀਰ ਚਿੰਤਾ ਵੀ ਪ੍ਰਗਟਾਈ ਗਈ।

ਸੂਬਾ ਪੱਧਰੀ ਮੀਟਿੰਗ 'ਚ ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਮੋਗਾ, ਫ਼ਿਰੋਜ਼ਪੁਰ, ਬਠਿੰਡਾ, ਅਬੋਹਰ, ਸੰਗਰੂਰ, ਫ਼ਾਜ਼ਿਲਕਾ, ਪਠਾਨਕੋਟ, ਹੁਸ਼ਿਆਰਪੁਰ ਤੇ ਮਾਨਸਾ ਜ਼ਿਲ੍ਹਿਆਂ ਤੋਂ ਆਏ ਕਾਮਰੇਡਾਂ ਨੇ ਭਾਗ ਲਿਆ।

ਦਲਿਤ ਵਿਕਾਸ ਬੋਰਡ ਪੰਜਾਬ ਦੇ ਚੇਅਰਮੈਨ ਵਿਜੇ ਦਾਨਵ ਨੇ ਮੀਟਿੰਗ ਵਿੱਚ ਹਾਜ਼ਰ ਕਾਮਰੇਡਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਮੈਡੀਕਲ ਰੀਪ੍ਰੀਜੈਂਟੇਟਿਵ ਭਾਈਚਾਰੇ ਦੀਆਂ ਮੁਸ਼ਕਲਾਂ ਨੂੰ ਪੰਜਾਬ ਸਰਕਾਰ ਤੱਕ ਪੁਚਾਉਣਗੇ ਅਤੇ ਪੀ.ਐਮ.ਆਰ.ਏ ਦੇ ਸਮੂਹ ਮੈਂਬਰਾਂ ਦਾ ਹਰ ਸੰਭਵ ਸਹਿਯੋਗ ਕਰਨਗੇ। ਇਸ ਸਮੇਂ ਲੁਧਿਆਣਾ ਯੂਨਿਟ ਦੇ ਪ੍ਰਧਾਨ ਕਾਮਰੇਡ ਧਰਮਿੰਦਰ ਸਿੰਘ ਤੇ ਸਕੱਤਰ ਕਾਮਰੇਡ ਵਿਕਾਸ ਪਰਾਸਰ ਨੇ ਵਿਜੇ ਦਾਨਵ ਦਾ ਸਨਮਾਨ ਕੀਤਾ।

ਮੀਟਿੰਗ ਦੇ ਅੰਤ 'ਚ ਹਾਜ਼ਰ ਕਾਮਰੇਡਾਂ ਨੇ ਸਰਬਸੰਮਤੀ ਨਾਲ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਰੁਜ਼ਗਾਰ ਸੁਰੱਖਿਆ ਯਕੀਨੀ ਬਣਾਉਣ ਸਬੰਧੀ ਮਜਬੂਤ ਕਿਰਤ ਕਾਨੂੰਨ ਬਣਾਉਣ 'ਚ ਅਸਫ਼ਲ ਰਹਿਣ ਤੇ ਕਾਰਪੋਰੇਟ ਕੰਪਨੀਆਂ ਦੇ ਹੱਕ ਵਿੱਚ ਨਵੀਆਂ ਨੀਤੀਆਂ ਤਿਆਰ ਕਰਨ ਦੀ ਤਿੱਖੀ ਨਿੰਦਾ ਕੀਤੀ ਗਈ ।

## ਵਿਸ਼ੇਸ਼ ਟੀਕਾਕਰਨ ਹਫ਼ਤਾ 15 ਤੋਂ 22 ਤੱਕ



ਮਾਨਸਾ (ਆਤਮਾ ਸਿੰਘ ਪਮਾਰ)-ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਅਤੇ ਗਰਭਵਤੀ ਔਰਤਾਂ ਲਈ 22 ਦਸੰਬਰ ਤੱਕ ਸਪੈਸ਼ਲ ਟੀਕਾਕਰਨ ਹਫ਼ਤੇ ਤਹਿਤ ਮਾਨਸਾ ਜ਼ਿਲ੍ਹੇ ਦੇ ਝੁੱਗੀ ਝੌਂਪੜੀ ਤੇ ਸ਼ਹਿਰੀ ਖੇਤਰ 'ਚ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਬਲਜੀਤ ਕੌਰ ਨੇ ਦੱਸਿਆ ਕਿ ਟੀਕਾਕਰਨ ਨਾਲ ਬਹੁਤ ਸਾਰੀਆਂ ਬਿਮਾਰੀਆਂ, ਜਿਵੇਂ ਪੋਲੀਓ ਆਦਿ ਤੋਂ ਮੁਕਤੀ ਪਾਈ ਗਈ ਹੈ।ਟੀਕਾਕਰਨ ਨਾਲ ਹੀ ਬੱਚਿਆਂ ਦੀਆਂ ਮਾਰੂ ਬਿਮਾਰੀਆਂ ਦੀ ਰੋਕਥਾਮ ਕੀਤੀ ਜਾ ਸਕਦੀ ਹੈ।ਵਿਸ਼ੇਸ਼ ਟੀਕਾਕਰਨ ਹਫ਼ਤੇ ਦੌਰਾਨ ਉਨ੍ਹਾਂ ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਜਾਵੇਗਾ, ਜੋ ਕਿਸੇ ਕਾਰਨ ਟੀਕਾਕਰਨ ਤੋਂ ਵਾਂਝੇ ਰਹਿ ਗਏ ਸਨ।ਇਸ ਤੋਂ ਇਲਾਵਾ ਪ੍ਰਵਾਸੀ ਅਬਾਦੀ ਦੇ ਵਾਂਝੇ ਰਹਿ ਗਏ ਲਾਭਪਾਤਰੀਆਂ ਦਾ ਟੀਕਾਕਰਨ ਵੀ ਕੀਤਾ ਜਾ ਰਿਹਾ ਹੈ। ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਦਰਸ਼ਨ ਸਿੰਘ ਨੇ ਦੱਸਿਆ ਕਿ ਟੀਕਾਕਰਨ ਮੁਹਿੰਮ ਦੀ ਸਫ਼ਲਤਾ ਲਈ ਸੱਤ ਵਿਸ਼ੇਸ਼ ਸ਼ੈਸ਼ਨ ਲਾਏ ਜਾ ਰਹੇ ਹਨ, ਜਿਨ੍ਹਾਂ 'ਚ ਇੱਕ ਕੈਂਪ ਬੁਢਲਾਡਾ, ਦੋ ਮਾਨਸਾ ਸ਼ਹਿਰ, ਚਾਰ ਕੈਂਪ ਸਰਦੂਲਗੜ੍ਹ ਵਿਖੇ ਲਾਏ ਜਾਣਗੇ। ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਨੇ ਅਪੀਲ ਕੀਤੀ ਹੈ ਕਿ ਟੀਕਾਕਰਨ ਤੋਂ ਵਾਂਝੇ ਰਹਿ ਗਏ ਬੱਚਿਆਂ ਤੇ ਗਰਭਵਤੀ ਔਰਤਾਂ ਦਾ ਟੀਕਾਕਰਨ ਜ਼ਰੂਰ ਕਰਾਇਆ ਜਾਵੇ ਤਾਂ ਜੁ ਬੱਚਿਆਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਇਆ ਜਾ ਸਕੇ।

ਨਵਾਂ ਜ਼ਮਾਨਾ

ਮੰਗਲਵਾਰ, 16 ਦਸੰਬਰ 2025

# ਯੂ ਪੀ ਦੀ ਲੜਾਈ

*ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਨੂੰ ਆਪੋਜ਼ੀਸ਼ਨ ਪਾਰਟੀਆਂ ਸ਼ੁਰੂ ਤੋਂ ਹੀ ਇਸ ਕਰਕੇ ਸ਼ੱਕ ਦੀ ਨਜ਼ਰ ਨਾਲ ਦੇਖ ਰਹੀਆਂ ਹਨ ਕਿ ਇਹ ਅਭਿਆਸ ਉਨ੍ਹਾਂ ਦੇ ਵੋਟਰਾਂ ਨੂੰ ਸੂਚੀਆਂ ਵਿੱਚੋਂ ਬਾਹਰ ਕੱਢਣ ਦੀ ਚਾਲ ਹੈ, ਪਰ ਹੈਰਾਨੀ ਉਦੋਂ ਹੋਈ, ਜਦੋਂ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਬੀਤੇ ਦਿਨ ਭਾਜਪਾ ਦੇ ਨਵੇਂ ਚੁਣੇ ਗਏ ਸੂਬਾ ਪ੍ਰਧਾਨ ਪੰਕਜ ਚੌਧਰੀ ਦੇ ਅਭਿਨੰਦਨ ਸਮਾਰੋਹ ਵਿੱਚ ਕਿਹਾ ਕਿ ਜਨਵਰੀ 2025 ਦੀ ਐੱਸ ਆਈ ਆਰ ਵਿੱਚ ਭਾਜਪਾ ਦੇ ਵੋਟਰ ਵੱਡੀ ਗਿਣਤੀ 'ਚ ਕੱਟੇ ਗਏ ਹਨ। ਉਨ੍ਹਾ ਮੁਤਾਬਕ ਯੂ ਪੀ ਦੀ ਆਬਾਦੀ ਕਰੀਬ 25 ਕਰੋੜ ਹੈ, ਜਿਸ ਵਿੱਚ 65 ਫੀਸਦੀ ਤੋਂ ਵੱਧ 18 ਸਾਲ ਤੋਂ ਉੱਪਰ ਦੇ ਹਨ, ਇਸ ਲਈ ਵੋਟਰਾਂ ਦੀ ਗਿਣਤੀ 16 ਕਰੋੜ ਦੇ ਆਸ-ਪਾਸ ਹੋਣੀ ਚਾਹੀਦੀ ਹੈ। ਐੱਸ ਆਈ ਆਰ ਤੋਂ ਪਹਿਲਾਂ 15.44 ਕਰੋੜ ਵੋਟਰ ਸਨ, ਜਿਹੜੇ ਐੱਸ ਆਈ ਆਰ ਦੇ ਬਾਅਦ ਘਟ ਕੇ ਕਰੀਬ 12 ਕਰੋੜ ਰਹਿ ਗਏ ਹਨ, ਯਾਨੀ ਚਾਰ ਕਰੋੜ ਦਾ ਫਰਕ ਪੈ ਗਿਆ ਹੈ। ਇਹ ਚਾਰ ਕਰੋੜ ਭਾਜਪਾ ਦੇ ਵਿਰੋਧੀ ਨਹੀਂ ਹਨ, ਇਨ੍ਹਾਂ ਵਿੱਚੋਂ 85-90 ਫੀਸਦੀ ਭਾਜਪਾ ਦੇ ਵੋਟਰ ਹਨ। ਯੋਗੀ ਨੇ ਨਵੇਂ ਪ੍ਰਧਾਨ ਨੂੰ ਟਾਸਕ ਦਿੰਦਿਆਂ ਭਾਜਪਾ ਕਾਰਕੁਨਾਂ ਨੂੰ ਅਪੀਲ ਕੀਤੀ ਕਿ ਉਹ ਅੰਤਮ ਸੂਚੀ ਪ੍ਰਕਾਸ਼ਤ ਹੋਣ ਤੋਂ ਪਹਿਲਾਂ ਹਰ ਬੂਥ 'ਤੇ ਜਾ ਕੇ ਪਾਤਰ ਵੋਟਰਾਂ ਦੇ ਨਾਂਅ ਜੁੜਵਾਉਣ। ਚੋਣ ਕਮਿਸ਼ਨ ਨੇ ਐੱਸ ਆਈ ਆਰ ਫਾਰਮ ਜਮ੍ਹਾਂ ਕਰਾਉਣ ਦੀ ਸਮਾਂ-ਸੀਮਾ ਵਧਾਈ ਹੈ ਤੇ ਇਸ ਦਾ ਬਿਹਤਰ ਇਸਤੇਮਾਲ ਕਰਨ।*

*ਇਸ ਦੇ ਜਵਾਬ ਵਿੱਚ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਮੁੱਖ ਮੰਤਰੀ ਖੁਦ ਮੰਨ ਰਹੇ ਹਨ ਕਿ ਐੱਸ ਆਈ ਆਰ ਵਿੱਚ ਚਾਰ ਕਰੋੜ ਵੋਟਰ ਸ਼ਾਮਲ ਨਹੀਂ ਹੋਏ, ਜਿਨ੍ਹਾਂ ਵਿੱਚੋਂ 85-90 ਫੀਸਦੀ ਭਾਜਪਾ ਦੇ ਹਨ। ਇਸ ਦਾ ਮਤਲਬ ਹੈ ਕਿ ਸਮਾਜਵਾਦੀ ਪਾਰਟੀ ਦੇ ਪੱਛੜੇ, ਦਲਿਤ ਤੇ ਘੱਟ ਗਿਣਤੀ (ਪੀ ਡੀ ਏ) ਦੇ ਪ੍ਰਹਰੀਆਂ (ਪਹਿਰੇਦਾਰਾਂ) ਦੀ ਚੌਕਸੀ ਨਾਲ ਭਾਜਪਾ ਦਾ ਮਨ-ਮੁਆਫਕ ਜੁਗਾੜ ਨਹੀਂ ਹੋ ਸਕਿਆ। ਸਬੂਤਾਂ ਦੀ ਘਾਟ ਵਿੱਚ ਹਟਾਏ ਗਏ ਬਹੁਤੇ ਵੋਟਰ ਭਾਜਪਾ ਦੇ ਨਿਕਲੇ, ਯਾਨੀ ਗੜਬੜ ਭਾਜਪਾ ਨੇ ਕੀਤੀ ਸੀ। ਭਾਜਪਾ ਦੇ ਘੱਟੋ-ਘੱਟ ਤਿੰਨ ਕਰੋੜ ਵੋਟਰ ਘਟ ਗਏ ਹਨ। ਇਹ ਨੁਕਸਾਨ ਅਸੈਂਬਲੀ ਦੀਆਂ 403 ਸੀਟਾਂ 'ਤੇ ਪ੍ਰਤੀ ਸੀਟ ਔਸਤਨ 84 ਹਜ਼ਾਰ ਬੈਠਦਾ ਹੈ। ਇਸ ਨਾਲ ਭਾਜਪਾ ਨੂੰ ਅਗਲੀਆਂ ਚੋਣਾਂ ਵਿੱਚ ਢਾਹ ਲੱਗੇਗੀ, ਜਦਕਿ ਪੀ ਡੀ ਏ ਦੀ ਜਿੱਤ ਦਾ ਗਣਿਤ ਫਿੱਟ ਬਣੇਗਾ। ਅਖਿਲੇਸ਼ ਮੁਤਾਬਕ ਚੋਣ ਕਮਿਸ਼ਨ ਨੇ ਸੱਤਾਧਾਰੀ ਪਾਰਟੀ ਦੇ ਨੁਕਸਾਨ ਨੂੰ ਦੇਖਦਿਆਂ ਹੀ ਸਮਾਂ-ਸੀਮਾ ਵਧਾਈ ਹੈ, ਪਰ ਪੀ ਡੀ ਏ ਦੇ ਪਹਿਰੇਦਾਰ ਹੁਣ ਦੂੱਗਣੀ ਚੌਕਸੀ ਨਾਲ ਕੰਮ ਕਰਨਗੇ ਅਤੇ ਕਿਸੇ ਗੜਬੜੀ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾ ਨਾਅਰਾ ਦਿੱਤਾ ਹੈ : ਤੂ ਜਹਾਂ-ਜਹਾਂ ਚਲੇਗਾ, ਮੇਰਾ ਸਾਇਆ ਸਾਥ ਹੋਗਾ।*

*ਐੱਸ ਆਈ ਆਰ ਪ੍ਰਕਿਰਿਆ ਨਵੰਬਰ 2025 ਤੋਂ ਚੱਲ ਰਹੀ ਹੈ, ਜਿਸ ਵਿੱਚ ਮ੍ਰਿਤਕਾਂ, ਡੁਪਲੀਕੇਟ ਵੋਟਰਾਂ ਤੇ ਕਿਤੇ ਹੋਰ ਥਾਂ ਪਲਾਇਨ ਕਰ ਜਾਣ ਵਾਲਿਆਂ ਦੇ ਨਾਂਅ ਹਟਾਏ ਜਾ ਰਹੇ ਹਨ। ਪਹਿਲਾਂ ਜਦੋਂ ਆਪੋਜ਼ੀਸ਼ਨ ਨੇ ਬਿਹਾਰ ਵਿੱਚ ਐੱਸ ਆਈ ਆਰ ਦੀ ਮਿਆਦ ਵਧਾਉਣ ਦੀ ਗੱਲ ਕਹੀ ਸੀ ਤਾਂ ਚੋਣ ਕਮਿਸ਼ਨ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ। ਯੂ ਪੀ ਸਰਕਾਰ ਦੇ ਕਹਿਣ 'ਤੇ ਮਿਆਦ ਵਧਾ ਦਿੱਤੀ ਗਈ। ਯੂ ਪੀ ਅਸੈਂਬਲੀ ਦੀਆਂ ਚੋਣਾਂ 2027 ਵਿੱਚ ਹੋਣੀਆਂ ਹਨ, ਪਰ ਉਸ ਤੋਂ ਪਹਿਲਾਂ ਵੋਟਰ ਸੂਚੀਆਂ ਨੂੰ ਲੈ ਕੇ ਜ਼ਬਰਦਸਤ ਲੜਾਈ ਛਿੜ ਗਈ ਹੈ। ਸਮਾਜਵਾਦੀ ਹੁਣ ਤੱਕ ਤਾਂ ਅੱਗੇ ਨਜ਼ਰ ਆ ਰਹੇ ਹਨ, ਪਰ ਵੋਟਰ ਸੂਚੀਆਂ ਦੀ ਅੰਤਮ ਪ੍ਰਕਾਸ਼ਨਾ ਤੱਕ ਚੌਕਸ ਰਹਿਣਾ ਪਵੇਗਾ। ਸਮਾਜਵਾਦੀਆਂ ਦੀ ਰਣਨੀਤੀ ਨੇ ਇਹ ਤੱਥ ਵੀ ਸਾਹਮਣੇ ਲਿਆਂਦਾ ਹੈ ਕਿ ਸਿਰਫ 'ਵੋਟ ਚੋਰੀ' ਦੇ ਨਾਅਰੇ ਲਾਉਣ ਨਾਲ ਹੀ ਗੱਲ ਨਹੀਂ ਬਣਨੀ, ਵੋਟਰ ਬਣਾਉਣ ਦੇ ਕੰਮ ਵਿੱਚ ਹਰ ਪਾਰਟੀ ਦੇ ਵਰਕਰ ਨੂੰ ਇੱਕ-ਇੱਕ ਯੋਗ ਵੋਟਰ ਦਾ ਨਾਂਅ ਸੂਚੀ ਵਿੱਚ ਜੁੜਾਉਣ ਤੇ ਨਾਜਾਇਜ਼ ਵੋਟਰ ਦਾ ਨਾਂਅ ਕਟਵਾਉਣ ਲਈ ਜ਼ੋਰ ਲਾਉਣਾ ਪਵੇਗਾ।*

## ਪਾਠਕ-ਸੱਥ

### ਚੋਣ ਡਿਊਟੀਆਂ ਲਈ ਵੱਖਰੇ ਅਮਲੇ ਦੀ ਭਰਤੀ ਜ਼ਰੂਰੀ

ਲੋਕ ਸਭਾ, ਵਿਧਾਨ ਸਭਾ, ਪੰਚਾਇਤੀ, ਬਲਾਕ ਸੰਮਤੀ, ਨਗਰ ਨਿਗਮ ਤੇ ਨਗਰ ਕੌਂਸਲ ਵੱਖ ਵੱਖ ਖੇਤਰਾਂ ਵਿਚ ਵੋਟਾਂ ਹਰ ਸਾਲ ਪੈਂਦੀਆਂ ਰਹਿੰਦੀਆਂ ਹਨ, ਜਿਸ ਵਿੱਚ ਡਿਊਟੀ ਸਿਰਫ਼ ਅਧਿਆਪਕਾਂ ਦੀ ਹੀ ਲੱਗਦੀ ਹੈ। ਅਧਿਆਪਕਾਂ ਦੀ ਰਿਹਰਸਲ ਤੋਂ ਇਲਾਵਾ ਚੋਣ ਡਿਊਟੀ ਸਮੇਂ ਕਾਫੀ ਦਿਨ ਲੱਗ ਜਾਂਦੇ ਹਨ, ਜਿਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੁੰਦਾ ਹੀ ਹੈ, ਨਾਲ ਹੀ ਉਨ੍ਹਾਂ ਅਧਿਆਪਕਾਂ ਨੂੰ ਕੋਈ ਯਾਤਰੀ ਭੱਤਾ ਜਾ ਕੋਈ ਹੋਰ ਖ਼ਰਚ ਵੀ ਨਹੀਂ ਦਿੱਤਾ ਜਾਂਦਾ। ਚੋਣਾਂ ਵਿੱਚ ਲਗਾਤਾਰ ਡਿਊਟੀਆਂ ਹੋਣ ਕਰਕੇ ਸਰਕਾਰੀ ਸਕੂਲਾਂ ਦੇ ਰਿਜ਼ਲਟ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ।ਇਸ ਲਈ ਚੋਣਾਂ ਵਾਸਤੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵੱਖਰੇ ਅਮਲੇ ਦੀ ਭਰਤੀ ਕਰੇ, ਜਿਸ ਵਿਚ ਚੋਣ ਡਿਊਟੀਆਂ ਤੋਂ ਇਲਾਵਾ ਮਰਦਮਸ਼ੁਮਾਰੀ ਅਤੇ ਉਹ ਸਭ ਗੈਰ-ਵਿੱਦਿਅਕ ਡਿਊਟੀਆਂ ਜੋ ਅਧਿਆਪਕਾਂ ਤੋਂ ਲਈਆਂ ਜਾਂਦੀਆਂ ਹਨ, ਉਹ ਚੋਣਾਂ ਲਈ ਭਰਤੀ ਕੀਤੇ ਸਟਾਫ਼ ਤੋਂ ਹੀ ਲਈਆਂ ਜਾਣ, ਜਿਸ ਨਾਲ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਸਿਰਦਰਦੀ ਤਾਂ ਘਟੇਗੀ ਹੀ, ਨਾਲ ਹੀ ਵਧੀਆ ਰਿਜ਼ਲਟ ਆਉਣ ਦੀ ਉਮੀਦ ਵੀ ਬਣੇਗੀ ਅਤੇ ਚੋਣ ਅਮਲੇ ਵਿੱਚ ਨਵੀਂ ਭਰਤੀ ਨਾਲ ਬੇਰੁਜ਼ਗਾਰੀ ਨੂੰ ਵੀ ਕੁਝ ਨਾ ਕੁਝ ਠੱਲ੍ਹ ਪਵੇਗੀ।


**-ਗੁਰਦਿੱਤ ਸਿੰਘ ਸੇਖੋਂ**, 97811-72781

### ਧੁੰਦ 'ਚ ਚੌਕਸੀ ਜ਼ਰੂਰੀ

ਬੀਤੇ ਦਿਨੀਂ ਧੁੰਦ ਹੋਣ ਕਰਕੇ ਪਤੀ-ਪਤਨੀ ਦੀ ਗੱਡੀ ਸੂਏ ਵਿੱਚ ਜਾ ਡਿੱਗੀ, ਜਿਸ ਦੌਰਾਨ ਦੋਵਾਂ ਦੀ ਮੌਤ ਹੋ ਗਈ। ਇਹ ਮੰਦਭਾਗੀ ਘਟਨਾ ਮੌਸਮ ਦੇ ਬਦਲਣ ਅਤੇ ਧੁੰਦ ਪੈਣ ਦੀ ਸ਼ੁਰੂਆਤ ਹੈ, ਜੋ ਸਾਵਧਾਨੀ ਅਤੇ ਚੌਕਸੀ ਦੀ ਮੰਗ ਕਰਦੀ ਹੈ।ਪੋਹ ਦਾ ਮਹੀਨਾ ਚੜ੍ਹ ਗਿਆ ਹੈ, ਜਿਸ ਕਰਕੇ ਹੁਣ ਮੌਸਮ ਵਿਭਾਗ ਨੇ ਵੀ ਸੂਬੇ ਵਿੱਚ ਧੁੰਦ ਪੈਣ ਦਾ ਅਲਰਟ ਜਾਰੀ ਕੀਤਾ ਹੈ।ਮੌਸਮ ਨੇ ਆਪਣੀ ਚਾਲ ਚਲਦੇ ਰਹਿਣਾ ਹੈ, ਪਰੰਤੂ ਆਪਣੀ ਅਤੇ ਹੋਰਾਂ ਦੀ ਕੀਮਤੀ ਜਾਨ ਬਚਾਉਣਾ ਵੀ ਸਾਡਾ ਫਰਜ਼ ਹੈ। ਸਵੇਰ ਦੇ ਸਮੇਂ ਸੜਕ ਕਿਨਾਰੇ ਸੈਰ ਕਰਨ ਤੋਂ ਪਰਹੇਜ਼ ਕਰੋ, ਕਿਉਂਕਿ ਕੁੱਝ ਦਿਖਾਈ ਤਾਂ ਦਿੰਦਾ ਨਹੀਂ, ਇਸ ਕਰਕੇ ਹਾਦਸਾ ਵਾਪਰਨ ਦਾ ਖ਼ਤਰਾ ਵਧੇਰੇ ਹੈ।ਵਾਹਨ ਦੀ ਸਪੀਡ ਹੌਲੀ ਰੱਖੋ। ਘਰੋਂ ਜਲਦੀ ਚੱਲੋ, ਕਿਉਂਕਿ ਜਦੋਂ ਲੇਟ ਹੁੰਦੇ ਹਾਂ ਉਦੋਂ ਕਾਹਲੀ ਕਰਦੇ ਹਾਂ ਜਿਸ ਕਰਕੇ ਹਾਦਸਾ ਵਾਪਰਦਾ ਹੈ।ਵਾਹਨ ਦੀਆਂ ਲਾਈਟਾਂ ਦੀ ਲੋੜ ਅਨੁਸਾਰ ਵਰਤੋਂ ਕਰੋ। ਧੁੰਦ ਅਤੇ ਠੰਢ ਇੱਕ ਦਮ ਦਸਤਕ ਦੇਣ ਨਾਲ ਛੋਟੇ ਬੱਚਿਆਂ ਅਤੇ ਬਜ਼ੁਰਗਾਂ ਦਾ ਖ਼ਾਸ ਧਿਆਨ ਰੱਖੋ। ਬੱਚਿਆਂ ਅਤੇ ਬਜ਼ੁਰਗਾਂ ਨੂੰ ਇਸ ਮੌਸਮ ਵਿੱਚ ਜ਼ਿਆਦਾ ਸੰਭਾਲ ਦੀ ਲੋੜ ਹੁੰਦੀ ਹੈ।ਨਹਾਉਣ ਲਈ ਜ਼ਿਆਦਾ ਠੰਢੇ ਪਾਣੀ ਦੀ ਵਰਤੋਂ ਨਾ ਕਰੋ ਅਤੇ ਪੀਣ ਲਈ ਵੀ ਥੋੜ੍ਹਾ ਗਰਮ ਪਾਣੀ ਦੀ ਵਰਤੋਂ ਕਰੋ।ਲੋੜ ਅਨੁਸਾਰ ਗਰਮ ਕੱਪੜੇ ਪਹਿਨੋ ਅਤੇ ਮੋਟਾ ਅਨਾਜ ਜਿਵੇਂ ਬਾਜਰਾ ਅਤੇ ਮੱਕੀ ਖਾਉ, ਕਿਉਂਕਿ ਕਾਰਬੋਹਾਈਡ੍ਰੇਟ ਭਰਪੂਰ ਇਹ ਭੋਜਨ ਸਰੀਰ ਨੂੰ ਗਰਮੀ ਪ੍ਰਦਾਨ ਕਰਦਾ ਹੈ, ਜੋ ਤਾਕਤ ਵਧਾਉਣ ਦੇ ਨਾਲ-ਨਾਲ ਠੰਢ ਦੇ ਪ੍ਰਕੋਪ ਤੋਂ ਵੀ ਬਚਾਅ ਕਰਦਾ ਹੈ।ਸਾਵਧਾਨੀ ਅਤੇ ਇਹਨਾਂ ਜ਼ਰੂਰੀ ਨੁਕਤਿਆਂ ਨੂੰ ਵਰਤ ਕੇ ਠੰਢ ਦੇ ਮੌਸਮ ਦਾ ਆਨੰਦ ਮਾਣਿਆ ਜਾ ਸਕਦਾ ਹੈ।

**-ਰਜਵਿੰਦਰ ਪਾਲ ਸ਼ਰਮਾ**, 70873-67969

# ਕੁਲੀਨ ਪਾਗਲਪਨ ਦੀ ਭੂ-ਰਾਜਨੀਤੀ



ਪਵਨ ਕੁਮਾਰ ਕੌਸ਼ਲ

ਭੂ-ਰਾਜਨੀਤੀ ਇਸ ਗੱਲ ਦਾ ਅਧਿਐਨ ਹੈ ਕਿ ਕਿਸੇ ਦੇਸ਼ ਦੀ ਜ਼ਮੀਨ, ਜਲਵਾਯੂ ਅਤੇ ਕੁਦਰਤੀ ਸਰੋਤਾਂ ਵਰਗੀਆਂ ਚੀਜ਼ਾਂ ਉਸ ਦੀ ਸਰਕਾਰ ਅਤੇ ਅਰਥ ਵਿਵਸਥਾ ਨੂੰ ਕਿਵੇਂ ਪ੍ਰਭਾਵਤ ਕਰਦੀਆਂ ਹਨ।ਭੂ-ਰਾਜਨੀਤੀ ਇਸ ਗੱਲ ਦਾ ਵੀ ਅਧਿਐਨ ਹੈ ਕਿ ਭੂਗੋਲ, ਅਰਥ ਸ਼ਾਸਤਰ ਅਤੇ ਹੋਰ ਕਾਰਕ ਕਿਸੇ ਦੇਸ਼ ਦੀ ਰਾਜਨੀਤੀ ਅਤੇ ਦੂਜੇ ਦੇਸ਼ਾਂ ਨਾਲ ਇਸ ਦੇ ਸਬੰਧਾਂ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ। ਇਹ ਇਸ ਬਾਰੇ ਵੀ ਅਧਿਐਨ ਕਰਦੀ ਹੈ ਕਿ ਕਿਸੇ ਦੇਸ਼ ਦਾ ਭੌਤਿਕ ਸਥਾਨ, ਆਕਾਰ, ਸਰੋਤ ਅਤੇ ਵਾਤਾਵਰਣ ਵਿਸ਼ਵ ਪੱਧਰ 'ਤੇ ਇਸ ਦੇ ਫੈਸਲਿਆਂ ਅਤੇ ਸ਼ਕਤੀ ਨੂੰ ਕਿਵੇਂ ਆਕਾਰ ਦਿੰਦੇ ਹਨ । ਉਦਾਹਰਣ ਵਜੋਂ ਕਿਸੇ ਦੇਸ਼ ਦੀ ਰਣਨੀਤਕ ਸਮੁੰਦਰੀ ਮਾਰਗ ਜਾਂ ਤੇਲ ਦੀ ਵੱਡੀ ਸਪਲਾਈ ਤੱਕ ਪਹੁੰਚ ਕਿ ਕੀ ਇਹ ਉਸ ਨੂੰ ਰਾਜਨੀਤਿਕ ਅਤੇ ਆਰਥਿਕ ਲਾਭ ਦੇ ਸਕਦੀ ਹੈ।

ਜੇ ਦੇਖਿਆ ਜਾਵੇ ਅੱਜ ਦੁਨੀਆ ਇੱਕੋ ਸਮੇਂ ਮੱਧ ਏਸ਼ੀਆ ਵਿੱਚ ਪ੍ਰਮਾਣੂ ਯੁੱਧ ਦੇ ਕੰਢੇ 'ਤੇ ਖੜ੍ਹੀ ਹੈ, ਫਲਸਤੀਨ ਵਿੱਚ ਟੈਲੀਵਿਜ਼ਨ 'ਤੇ ਪ੍ਰਸਾਰਤ ਨਸਲਕੁਸ਼ੀ ਨੂੰ ਰੋਕਣ ਲਈ ਕੋਈ ਪ੍ਰਭਾਵਸ਼ਾਲੀ ਕਾਰਵਾਈ ਨਾ ਕਰਕੇ ਅੰਤਰਰਾਸ਼ਟਰੀ ਨਿਆਂ ਦੀ ਕਿਸੇ ਵੀ ਬਚੀ ਹੋਈ ਭਾਵਨਾ ਨੂੰ ਤੋੜ ਦਿੰਦੀ ਹੈ ਅਤੇ ਤੇਜ਼ੀ ਨਾਲ ਅੱਗੇ ਵਧ ਰਹੀ ਟੈਕਨੋਕ੍ਰੇਸੀ ਵਿੱਚ ਹੋਰ ਅੱਗੇ ਵਧਦੀ ਜਾਂਦੀ ਹੈ ਅਤੇ ਵਧੇਰੇ ਸਪੱਸ਼ਟ ਖਤਰਿਆਂ ਨੂੰ ਨਾਮਜ਼ਦ ਕਰਨ ਲਈ ਮਨੁੱਖੀ ਆਬਾਦੀ ਦਾ ਵੱਡਾ ਹਿੱਸਾ ਆਪਣੇ ਫੋਨ 'ਤੇ ਵੱਖ-ਵੱਖ ਢੰਗਾਂ ਨਾਲ ਗੱਲ-ਬਾਤ ਕਰਨ ਦੇ ਸਮੂਹਾਂ ਵਿੱਚ ਨਵੀਨਤਮ ਇੰਦਰਾਜ਼ / ਐਂਟਰੀਆਂ ਨੂੰ ਲੱਭਦਿਆਂ ਸੁਸਤ ਪੈ ਜਾਂਦਾ ਹੈ।ਲਗਭਗ ਇਹ ਸਾਰੇ ਸਮੂਹ ਅਤੇ ਉਹ ਚੈਨਲ ਜਿਨ੍ਹਾਂ ਰਾਹੀਂ ਉਹ ਵੰਡੇ ਜਾਂਦੇ ਹਨ, ਜਿਵੇਂ ਕਿ ਕਾਰਪੋਰੇਟ ਮੀਡੀਆ ਦੁਆਰਾ ਟੈਲੀਵਿਜ਼ਨ, ਰੇਡੀਓ ਅਤੇ ਅਖ਼ਬਾਰਾਂ ਰਾਹੀਂ ਵੰਡੀਆਂ ਜਾਂਦੀਆਂ ਖ਼ਬਰਾਂ ਲੋਕਾਂ ਨੂੰ ਹਕੀਕਤ ਤੋਂ ਭਟਕਾਉਣ ਲਈ ਬੇਤੁਕੇ ਮੁੱਦਿਆਂ ਦਾ ਇੱਕ ਬੇਅੰਤ ਕ੍ਰਮ ਲੱਭਦੇ ਹਨ, ਜਿਥੇ ਸਾਨੂੰ ਆਧੁਨਿਕ ਮਨੁੱਖੀ ਗੁਲਾਮੀ ਉਡੀਕ ਕਰ ਰਹੀ ਹੈ।

ਬ੍ਰਿਕਸ ਇੱਕ ਬਹੁਤ ਜ਼ਿਆਦਾ ਸ਼ਾਂਤੀਪੂਰਨ ਅਤੇ ਸੁਰੱਖਿਅਤ ਵਿਸ਼ਵ ਵਿਵਸਥਾ ਲਈ ਇੱਕ ਸੰਭਾਵੀ ਸ਼ੁਰੂਆਤ ਹੈ ਅਤੇ ਸਾਰੇ ਦੇਸ਼ਾਂ ਲਈ ਇੱਕ ਵਰਦਾਨ ਹੋ ਸਕਦਾ ਹੈ ਬ੍ਰਿਕਸ ਸੰਮੇਲਨ ਨਵ-ਧਰਮ ਭਰਮਾਂ ਦੇ ਅੰਤ ਦੀ ਨਿਸ਼ਾਨਦੇਹੀ ਕਰੇਗਾ।ਬ੍ਰਿਕਸ ਬਹੁ-ਧਰੁਵਿਤਾ ਦੀ ਇੱਕ ਨਵੀਂ ਸਵੇਰ ਨੂੰ ਦਰਸਾਉਂਦਾ ਹੈ। ਬ੍ਰਿਕਸ ਮੌਜੂਦਾ ਵਿਸ਼ਵ ਪੂੰਜੀਵਾਦੀ ਪ੍ਰਣਾਲੀ ਦੇ ਵਿਕਲਪ ਬਣਾਉਣ ਦੇ ਯਤਨਾਂ ਦੇ ਇੱਕ ਇਤਿਹਾਸਕ ਪੈਟਰਨ ਨੂੰ ਦਰਸਾਉਂਦਾ ਹੈ।ਬ੍ਰਿਕਸ ਬਹੁ-ਧਰੁਵਿਤਾ ਦੇ ਸੱਦੇ ਨੂੰ ਮਜ਼ਬੂਤ ਕਰਦਾ ਹੈ।

ਭੂ-ਰਾਜਨੀਤੀ ਸੰਸਾਰ ਪ੍ਰਭੂਸੱਤਾ ਸੰਪੰਨ ਰਾਸ਼ਟਰ-ਰਾਜਾਂ ਦੇ ਦੁਆਲੇ ਨਹੀਂ ਘੁੰਮਦੀ, ਕਿਉਂਕਿ ਕੋਈ ਵੀ ਰਾਸ਼ਟਰ ਪ੍ਰਭੂਸੱਤਾ ਸੰਪੰਨ ਨਹੀਂ ਯਾਨੀ, ਕਿਸੇ ਵੀ ਰਾਸ਼ਟਰ-ਰਾਜ ਦੀ ਕੋਈ ਵੀ ਸਰਕਾਰ ਆਪਣੇ ਸਾਰੇ (ਅੰਦਰੂਨੀ ਅਤੇ ਬਾਹਰੀ) ਮਾਮਲਿਆਂ ਉੱਤੇ ਸੁਤੰਤਰ ਅਤੇ ਅੰਤਮ ਅਧਿਕਾਰ ਦੀ ਵਰਤੋਂ ਕਰਨ ਦੇ ਯੋਗ ਨਹੀਂ ।ਟਰੰਪ ਦੇ ਅਧੀਨ ਅਮਰੀਕੀ ਨੀਤੀ ਵਿੱਚ ਬਦਲਾਅ ਰਵਾਇਤੀ ਸਹਿਯੋਗੀਆਂ ਵਿੱਚ ਅਨਿਸ਼ਚਿਤਤਾ ਪੈਦਾ ਕਰ ਰਿਹਾ ਹੈ।

ਵਿੱਤੀ ਪੂੰਜੀਵਾਦ ਦੀਆਂ ਸ਼ਕਤੀਆਂ ਦਾ ਇੱਕ ਹੋਰ ਦੂਰਗਾਮੀ ਉਦੇਸ਼ ਹੈ, ਜਿਹੜਾ ਨਿੱਜੀ ਹੱਥਾਂ ਵਿੱਚ ਵਿੱਤੀ ਨਿਯੰਤਰਣ ਦੀ ਇੱਕ ਵਿਸ਼ਵ ਪ੍ਰਣਾਲੀ ਬਣਾਉਣ ਤੋਂ ਘੱਟ ਕੁਝ ਨਹੀਂ, ਜੋ ਹਰੇਕ ਦੇਸ਼ ਦੀ ਰਾਜਨੀਤਿਕ ਪ੍ਰਣਾਲੀ ਅਤੇ ਪੂਰੀ ਦੁਨੀਆ ਦੀ ਆਰਥਿਕਤਾ ਉੱਤੇ ਹਾਵੀ ਹੋਣ ਦੇ ਯੋਗ ਹੋਵੇ। ਇਸ ਪ੍ਰਣਾਲੀ ਨੂੰ ਜਗੀਰਦਾਰੀ ਢੰਗ ਨਾਲ ਦੁਨੀਆ ਦੇ ਕੇਂਦਰੀ ਬੈਂਕਾਂ ਦੁਆਰਾ ਨਿਯੰਤਰਿਤ ਕੀਤਾ ਜਾਣਾ ਹੈ ।

ਇਸ ਹਕੀਕਤ ਨੂੰ ਛੁਪਾਉਣ ਲਈ ਕੋਈ ਵੀ ਰਾਸ਼ਟਰ ਪ੍ਰਭੂਸੱਤਾ ਸੰਪੰਨ ਨਹੀਂ, ਸਰਕਾਰਾਂ ਦੁਆਰਾ ਲਏ ਗਏ ਕੋਈ ਵੀ ਮਹੱਤਵਪੂਰਨ ਫੈਸਲੇ ਵਿਸ਼ਵ ਦੇ ਉੱਚ ਵਰਗ / ਏਲੀਟ ਦੇ ਨਿਰਦੇਸ਼ਾਂ ਦੀ ਪੁਸ਼ਟੀ ਕਰਨ ਅਤੇ ਸਰਕਾਰ, ਨੌਕਰਸ਼ਾਹੀ, ਮੀਡੀਆ, ਫੌਜ ਅਤੇ ਹੋਰ ਥਾਵਾਂ 'ਤੇ ਸੰਬੰਧਤ ਏਜੰਟਾਂ ਨੂੰ ਏਲੀਟ ਪ੍ਰੋਗਰਾਮ ਦੇ ਨਵੀਨਤਮ ਹਿੱਸਿਆਂ ਨੂੰ ਲਾਗੂ ਕਰਨ ਲਈ ਲਾਮਬੰਦ ਕਰਨ ਤੱਕ ਸੀਮਤ ਹਨ।

ਇਸ ਲਈ ਜਦੋਂ ਤੱਕ ਤੁਸੀਂ ਇਹ ਨਹੀਂ ਪਛਾਣਦੇ ਕਿ ਸਾਰੇ ਪੱਧਰਾਂ ਤੇ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ, ਜਿਨ੍ਹਾਂ ਨਾਲ ਤੁਸੀਂ ਸਭ ਤੋਂ ਵੱਧ ਜਾਣੂ ਹੋ, ਸੰਯੁਕਤ ਰਾਸ਼ਟਰ ਅਤੇ ਵਿਸ਼ਵ ਸਿਹਤ ਸੰਗਠਨ ਤੋਂ ਸ਼ੁਰੂ ਕਰਦੇ ਹੋਏ ਸਿਰਫ਼ ਖਿੜਕੀ ਦੀ ਡਰੈਸਿੰਗ ਜਾਂ ਸ਼ੈਡੋ ਕਠਪੁਤਲੀਆਂ ਹਨ, ਜੋ ਤੁਹਾਨੂੰ ਵਿਸ਼ਵ ਪ੍ਰਣਾਲੀ ਵਿੱਚ ਸ਼ਕਤੀ ਦੇ ਅਸਲ ਅਧਾਰਾਂ ਤੋਂ ਭਟਕਾਉਣ ਲਈ ਤਿਆਰ ਕੀਤੀਆਂ ਗਈਆਂ ਹਨ। ਆਖ਼ਰਕਾਰ, ਕਿਸੇ ਵੀ ਪ੍ਰੋਗਰਾਮ ਦੇ ਵਿਰੋਧ ਨੂੰ ਰੋਕਣ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਸੰਭਾਵੀ ਵਿਰੋਧੀ ਖੇਡ ਦੇ ਨਿਯਮਾਂ ਨੂੰ ਨਾ ਸਮਝੇ, ਜਦੋਂ ਕਿ ਇਹ ਯਕੀਨੀ ਬਣਾਉਣਾ ਕਿ ਇਹਨਾਂ ਸੰਭਾਵੀ ਵਿਰੋਧੀਆਂ ਨੂੰ ਬਹੁਤ ਸਾਰੇ ਸ਼ੋਰ-ਸ਼ਰਾਬੇ ਅਤੇ ਰੰਗੀਨ ਭਟਕਾਅ ਦਿੱਤੇ ਜਾਣ, ਤਾਂ ਜੋ ਉਹਨਾਂ ਦੇ ਵੱਡੇ ਹਿੱਸੇ ਨੂੰ ਇੱਕੋ ਸਮੇਂ 'ਤੇ ਵਿਅਸਤ ਰੱਖਿਆ ਜਾ ਸਕੇ।

ਜਦੋਂ ਕਿ ਬਹੁਤ ਸਾਰੇ ਲੇਖਕ ਹਾਲ ਹੀ ਦੇ ਸਾਲਾਂ ਵਿੱਚ ਗ੍ਰਹਿ ਤਕਨਾਲੋਜੀ ਦੀ ਤੇਜ਼ੀ ਨਾਲ ਤਰੱਕੀ ਬਾਰੇ ਚਰਚਾ ਕਰ ਰਹੇ ਹਨ ਅਤੇ ਪੈਟਰਿਕ ਵੁੱਡ ਵਰਗੇ ਮਾਹਰ ਸਾਨੂੰ ਬਹੁਤ ਲੰਮੇ ਸਮੇਂ ਤੋਂ ਚੇਤਾਵਨੀ ਦੇ ਰਹੇ ਹਨ, ਇਸ ਅਰਥ ਵਿੱਚ ਪੂੰਜੀਵਾਦ ਅਧੀਨ ਗੁਲਾਮੀ ਕਿਤੇ ਜ਼ਿਆਦਾ ਬੇਰਹਿਮ ਹੁੰਦੀ ਹੈ।ਇਤਿਹਾਸ ਦਾ ਰਾਹ, ਕੁਦਰਤ ਦੇ ਵਿਰੁੱਧ, ਅਗਿਆਨਤਾ ਅਤੇ ਨਿਪੁੰਸਕਤਾ ਦੇ ਵਿਰੁੱਧ ਅਤੇ ਨਤੀਜੇ ਵਜੋਂ ਹਰ ਕਿਸਮ ਦੀ ਗੁਲਾਮੀ ਅਤੇ ਬੰਧਨ ਦੇ ਵਿਰੁੱਧ ਇੱਕ ਸੰਘਰਸ਼ ਹੈ, ਜਿਸ ਵਿੱਚ ਅਸੀਂ ਇਤਿਹਾਸ ਦੇ ਸ਼ੁਰੂ ਵਿੱਚ ਕੁਦਰਤ ਦੇ ਨਿਯਮ ਅਧੀਨ ਸੀ।

ਮਾਰਕਸ ਦੀ ਦਲੀਲ ਹੈ, ਕਿਉਂਕਿ ਗੁਲਾਮਾਂ ਦੀ ਕਿਰਤ 'ਤੇ ਅਧਾਰਤ ਸਮਾਜ ਵਿੱਚ ਰਹਿੰਦੇ ਹੋਏ ਉਹ ਕਿਰਤ ਵਿੱਚ ਵਸਤੂ-ਮੁੱਲ ਦੇ ਅਧਾਰ ਨੂੰ ਸਮਝਣ ਵਿੱਚ ਅਸਮਰੱਥ ਸੀ, ਜੋ ਬਰਾਬਰ ਮਨੁੱਖੀ ਕਿਰਤ ਅਤੇ ਇਸ ਲਈ ਬਰਾਬਰ ਗੁਣਵੱਤਾ ਵਾਲੀ ਕਿਰਤ ਦੀ ਧਾਰਨਾ 'ਤੇ ਨਿਰਭਰ ਕਰਦਾ ਸੀ। ਇਹ ਸਿਰਫ਼ ਪੂੰਜੀਵਾਦ ਦੇ ਨਾਲ ਹੀ ਹੈ ਕਿ ਕਿਰਤ ਦੀ ਸਮਾਨਤਾ ਦੀ ਧਾਰਨਾ 'ਤੇ ਅਧਾਰਤ ਅਮੂਰਤ ਕਿਰਤ ਦੀ ਧਾਰਨਾ ਸਾਹਮਣੇ ਆਉਂਦੀ ਹੈ । ਇਹ ਕੋਈ ਮਾਮੂਲੀ ਮਾਮਲਾ ਨਹੀਂ ਹੈ, ਕਿਉਂਕਿ ਸਾਰੀ ਬੁਰਜੂਆ/ ਸਰਮਾਏਦਾਰਾ ਰਾਜਨੀਤਕ ਅਰਥ ਵਿਵਸਥਾ, ਜੀਵਾਂ ਦੇ ਮੁੱਲਾਂਕਣ ਦੇ ਪੂਰੇ ਤਰਕ ਦੇ ਨਾਲ ਇਸ ਦੇ ਅਧਾਰ ਵਜੋਂ ਉਜਰਤੀ ਕਿਰਤ ਦੀ ਲੋੜ ਸੀ ।

ਖੇਤੀਬਾੜੀ ਵਿੱਚ ਪੂੰਜੀਵਾਦੀ ਬਾਗ਼ਬਾਨੀ ਖੇਤੀਬਾੜੀ ਦੇ ਆਧਾਰ 'ਤੇ ਸੰਗਠਤ ਗੁਲਾਮ ਪ੍ਰਣਾਲੀ ਆਰਥਿਕ ਤੌਰ 'ਤੇ ਕਿਸਾਨ ਮਾਲਕੀ ਨਾਲੋਂ ਉੱਤਮ ਸੀ, ਜੋ ਮੁੱਖ ਤੌਰ 'ਤੇ ਗੁਜ਼ਾਰੇ ਜੋਗੇ ਉਤਪਾਦਨ ਲਈ ਤਿਆਰ ਸੀ, ਕਿਸਾਨ ਮਾਲਕੀ ਗੁਲਾਮੀ ਦੇ ਬਰਾਬਰ ਕਿਰਤ ਦੇ ਸੁਮੇਲ ਅਤੇ ਵਰਗੀਕਰਨ ਨੂੰ ਸਵੀਕਾਰ ਨਹੀਂ ਕਰਦੀ, ਬਾਗ਼ਬਾਨੀ ਗੁਲਾਮੀ, ਪੂੰਜੀਵਾਦ ਦੇ ਅਧੀਨ ਉਤਪਾਦਨ ਦੇ ਹੋਰ ਰੂਪਾਂ ਨਾਲ ਬਹੁਤ ਜ਼ਿਆਦਾ ਪ੍ਰਤੀਯੋਗੀ ਸੀ, ਜਿੱਥੋਂ ਤੱਕ ਇਸ ਨੇ ਬਾਗ਼ਬਾਨੀ 'ਤੇ ਵੱਡੇ ਪੱਧਰ 'ਤੇ ਸੰਯੁਕਤ ਉਤਪਾਦਨ ਦਾ ਰੂਪ ਲਿਆ, ਜਿਸ ਵਿੱਚ ਉਹ ਅਤਿ ਤੀਬਰਤਾ ਵੀ ਸ਼ਾਮਲ ਹੈ, ਜੋ ਇਹਨਾਂ ਹਾਲਾਤ ਵਿੱਚ ਗੁਲਾਮ ਮਜ਼ਦੂਰੀ 'ਤੇ ਲਗਾਈ ਜਾ ਸਕਦੀ ਸੀ।

ਇਸ ਲਈ ਗੁਲਾਮ ਮਜ਼ਦੂਰੀ ਸਭ ਤੋਂ ਸੰਪੂਰਨ ਸੰਗਠਨ ਨੂੰ ਸਵੀਕਾਰ ਕਰਦੀ ਹੈ, ਯਾਨੀ ਇਸ ਨੂੰ ਇੱਕ ਵਿਆਪਕ ਪੈਮਾਨੇ 'ਤੇ ਜੋੜਿਆ ਜਾ ਸਕਦਾ ਹੈ ਅਤੇ ਇੱਕ ਨਿਯੰਤਰਣ ਕਰਨ ਵਾਲੇ ਮਨ ਦੁਆਰਾ ਇੱਕ ਸਿਰੇ ਵੱਲ ਨਿਰਦੇਸ਼ਤ ਕੀਤਾ ਜਾ ਸਕਦਾ ਹੈ ਅਤੇ ਇਸ ਦੀ ਕੀਮਤ ਕਦੇ ਵੀ ਉਸ ਤੋਂ ਉੱਪਰ ਨਹੀਂ ਹੋ ਸਕਦੀ, ਜੋ ਗੁਲਾਮ ਨੂੰ ਸਿਹਤ ਅਤੇ ਤਾਕਤ ਵਿੱਚ ਬਣਾਈ ਰੱਖਣ ਲਈ ਜ਼ਰੂਰੀ ਹੈ।

ਪੂੰਜੀਵਾਦ ਦੀਆਂ ਆਲੋਚਨਾਵਾਂ ਵਿੱਚ ਪ੍ਰਮੁੱਖ ਦੋਸ਼ ਇਹ ਹਨ ਕਿ ਪੂੰਜੀਵਾਦ ਸੁਭਾਵਿਕ ਤੌਰ 'ਤੇ ਸ਼ੋਸ਼ਣਕਾਰੀ ਅਤੇ ਅਸਥਿਰ ਹੁੰਦਾ ਹੈ ਅਤੇ ਵਿਸ਼ਾਲ ਆਰਥਿਕ ਅਸਮਾਨਤਾ ਪੈਦਾ ਕਰਦਾ ਹੈ, ਲੋਕਾਂ ਨੂੰ ਵਸਤੂ (ਕਾਮੋਡਿਟੀ) ਬਣਾਉਂਦਾ ਹੈ, ਲੋਕਤੰਤਰ ਵਿਰੋਧੀ ਹੈ, ਮਨੁੱਖੀ ਅਧਿਕਾਰਾਂ ਅਤੇ ਰਾਸ਼ਟਰੀ ਪ੍ਰਭੂਸੱਤਾ ਦੇ ਖੋਰੇ ਵੱਲ ਲੈ ਜਾਂਦਾ ਹੈ, ਜਦੋਂ ਕਿ ਇਹ ਸਾਮਰਾਜਵਾਦ ਨੂੰ ਉਤਸ਼ਾਹਤ ਕਰਦੀ ਹੈ।

ਹਰੇਕ ਪੀੜ੍ਹੀ ਨੂੰ ਸਪੱਸ਼ਟ ਤੌਰ 'ਤੇ ਨਵੇਂ ਸਿਰੇ ਤੋਂ ਸਾਬਤ ਕਰਨ ਦੀ ਨਿੰਦਾ ਕੀਤੀ ਜਾਂਦੀ ਹੈ: ਗੁਲਾਮੀ ਨੇ ਆਧੁਨਿਕ ਸੰਸਾਰ ਦੀ ਸਿਰਜਣਾ ਕੀਤੀ ਅਤੇ ਆਧੁਨਿਕ ਸੰਸਾਰ ਦੀਆਂ ਵੰਡਾਂ ਗੁਲਾਮੀ ਦੀ ਪੈਦਾਵਾਰ ਹਨ, ਕਿਉਂਕਿ ਮਾਰਕਸ ਨੇ ਉਦਯੋਗਿਕ ਕ੍ਰਾਂਤੀ ਦੇ ਆਧਾਰ ਵਜੋਂ ਮਸ਼ੀਨਰੀ ਦੇ ਵਿਕਾਸ ਵੱਲ ਬਹੁਤ ਧਿਆਨ ਦਿੱਤਾ, ਖਾਸ ਕਰਕੇ ਉਹ ਕਾਢਾਂ, ਜਿਨ੍ਹਾਂ 18ਵੀਂ ਸਦੀ ਵਿੱਚ ਕਪਾਹ ਉਦਯੋਗ ਨੂੰ ਬਣਾਇਆ ਅਤੇ ਉੱਨਤ ਕੀਤਾ। ਇਹ ਸਹਿਜ ਸ਼ੋਸ਼ਣਕਾਰੀ ਢਾਂਚਾ ਬੁਰਜੂਆਜੀ ਅਤੇ ਪ੍ਰੋਲੇਤਾਰੀ ਵਿਚਕਾਰ ਉਜਰਤਾਂ, ਕੰਮ ਕਰਨ ਦੀਆਂ ਸਥਿਤੀਆਂ ਅਤੇ ਪੈਦਾ ਕੀਤੇ ਮੁੱਲ ਦੀ ਵੰਡ ਨੂੰ ਲੈ ਕੇ ਇੱਕ ਅਟੱਲ ਵਿਰੋਧ ਅਤੇ ਨਿਰੰਤਰ ਸੰਘਰਸ਼ ਪੈਦਾ ਕਰਦਾ ਹੈ।

ਅੰਦਰੂਨੀ ਵਿਰੋਧਾਭਾਸ ਅਤੇ ਸੰਕਟ ਮਾਰਕਸ ਨੇ ਪੂੰਜੀਵਾਦ ਨੂੰ ਇੱਕ ਗਤੀਸ਼ੀਲ ਪਰ ਅਸਥਿਰ ਪ੍ਰਣਾਲੀ ਵਜੋਂ ਦੇਖਿਆ, ਜੋ ਵਾਰ-ਵਾਰ ਆਰਥਿਕ ਸੰਕਟਾਂ (ਜਿਵੇਂ ਕਿ ਵਧੇਰੇ ਉਤਪਾਦਨ, ਮੁਨਾਫ਼ੇ ਦੀ ਡਿਗਦੀ ਦਰ) ਲਈ ਪ੍ਰਵਿਰਤੀ ਰੱਖਦਾ ਹੈ, ਉਸ ਦਾ ਮੰਨਣਾ ਸੀ ਕਿ ਅੰਤ ਵਿੱਚ ਮਜ਼ਦੂਰ ਵਰਗ ਦੁਆਰਾ ਇਸ ਦਾ ਇਨਕਲਾਬੀ ਤਖਤਾ ਪਲਟ ਜਾਵੇਗਾ ਅਤੇ ਇਸ ਦੀ ਥਾਂ ਸਮਾਜਵਾਦ ਅਤੇ ਫਿਰ ਕਮਿਊਨਿਜ਼ਮ ਦੁਆਰਾ ਲਈ ਜਾਵੇਗੀ।

**# ਸੰਪਰਕ : 98550-04500**

# ਤੇਰਾ ਸੁਆਗਤ ਹੈ ਵਿਨੇਸ਼ ਫੋਗਾਟ !

**ਬਲਵਿੰਦਰ ਸਿੰਘ ਭੁੱਲਰ**

ਸੁਆਗਤ ਹੈ ਵਿਨੇਸ਼ ਫੋਗਾਟ! ਤੂੰ ਭਾਰਤ ਦੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੀ ਉੱਤਰਨ ਲਈ ਮੁੜ ਹੌਂਸਲਾ ਕੀਤਾ ਹੈ, ਦਲੇਰੀ ਵਿਖਾਈ ਹੈ, ਤੂੰ ਕਿਹਾ ਹੈ, 'ਅੱਗ ਕਦੇ ਖਤਮ ਨਹੀਂ ਹੁੰਦੀ।' ਭਾਰਤ ਦੇ ਲੋਕ ਇਹਨਾਂ ਵਿਚਾਰਾਂ ਨਾਲ ਸਹਿਮਤ ਹੋਣਗੇ ਅਤੇ ਇਸ ਭਖ਼ਦੀ ਅੱਗ ਨੂੰ ਜਵਾਲਾਮੁਖੀ ਬਣਾਉਣ ਲਈ ਫੂਕਾਂ ਮਾਰ-ਮਾਰ ਕੇ ਆਕਸੀਜਨ ਦਿੰਦੇ ਰਹਿਣਗੇ। ਤੇਰੀ ਮਿਹਨਤ ਅਤੇ ਭਾਰਤੀ ਲੋਕਾਂ ਦਾ ਸਾਥ ਰੂਪੀ ਹੌਂਸਲਾ ਜ਼ਰੂਰ ਰੰਗ ਲਿਆਵੇਗਾ। ਮੁੜ ਮੈਟ 'ਤੇ ਆਉਣ ਲਈ ਜੀ ਆਇਆਂ।

ਬੀਬਾ ਵਿਨੇਸ਼ ਜਦੋਂ ਤੈਨੂੰ ਪਿਛਲੇ ਸਾਲ ਉਲੰਪਿਕ ਖੇਡਾਂ ਤੋਂ ਬਾਹਰ ਕਰ ਦਿੱਤਾ ਸੀ, ਭਾਰਤ ਦੇ ਕਰੋੜਾਂ ਲੋਕਾਂ ਦੇ ਦਿਲਾਂ 'ਤੇ ਸੱਟ ਵੱਜੀ ਸੀ, ਕਿਉਂਕਿ ਤੇਰੇ ਨਾਲ ਇੱਕ ਸਾਜ਼ਿਸ਼ ਤਹਿਤ ਕਥਿਤ ਧੋਖਾ ਹੋਇਆ ਸੀ। ਆਮ ਲੋਕ ਉਸ ਸਮੇਂ ਤੇਰੇ ਨਾਲ ਡਟ ਕੇ ਖੜ ਗਏ ਸਨ ਅਤੇ ਉਹਨਾਂ ਕਿਹਾ ਸੀ, 'ਵਿਨੇਸ਼ ਫੋਗਾਟ ਤੂੰ ਹਾਰੀ ਨਹੀਂ, ਤੂੰ ਜੇਤੂ ਹੈਂ! ਤੂੰ ਕਰੋੜਾਂ ਭਾਰਤੀਆਂ ਦਾ ਦਿਲ ਜਿੱਤਿਆ ਹੈ, ਤੂੰ ਉਹਨਾਂ ਦੇ ਹਿਰਦਿਆਂ ਵਿੱਚ ਵਸ ਗਈ ਐਂ, ਤੇਰੇ 'ਤੇ ਭਾਰਤੀਆਂ ਨੂੰ ਮਾਣ ਹੈ, ਤੇਰੇ ਨਾਲ ਹੋਏ ਧੋਖੇ ਤੋਂ ਸਭ ਭਲੀ-ਭਾਂਤ ਜਾਣੂ ਹਨ, ਉਲੰਪਿਕ ਦੇ ਇੱਕ ਤਗ਼ਮੇ ਨਾਲੋਂ ਸਮੁੱਚੇ ਭਾਰਤੀਆਂ ਦੇ ਦਿਲਾਂ ਦੇ ਤਗ਼ਮੇ ਕਿਤੇ ਭਾਰੀ ਹਨ, ਜੋ ਤੂੰ ਜਿੱਤ ਲਏ ਹਨ।' ਇਹ ਸਮੁੱਚੇ ਭਾਰਤੀਆਂ ਦੇ ਦਿਲਾਂ 'ਚੋਂ ਉੱਠੀ ਆਵਾਜ਼ ਸੀ। ਤੂੰ ਕਾਫ਼ੀ ਸਾਲਾਂ ਤੋਂ ਹੌਂਸਲੇ ਨਾਲ ਖੇਡ ਰਹੀ ਸੀ, ਏਸ਼ੀਆਈ ਤੇ ਰਾਸ਼ਟਰਮੰਡਲ ਖੇਡਾਂ ਵਿੱਚ ਸੋਨੇ ਦਾ ਤਗ਼ਮਾ ਜਿੱਤ ਚੁੱਕੀ ਸੀ ਅਤੇ ਵਿਸ਼ਵ ਚੈਂਪੀਅਨਾਂ ਵਿੱਚ ਦੋ ਵਾਰ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਪੈਰਿਸ ਵਿੱਚ ਹੋ ਰਹੀਆਂ ਉਲੰਪਿਕ ਖੇਡਾਂ 'ਚ ਤੈਥੋਂ ਸੋਨ ਤਗ਼ਮਾ ਜਿੱਤਣ ਦੀ ਵੱਡੀ ਆਸ ਸੀ, ਤੂੰ ਇਸ ਨਿਸ਼ਾਨੇ ਦੇ ਬਿਲਕੁਲ ਨਜ਼ਦੀਕ ਪਹੁੰਚ ਗਈ ਅਤੇ ਫਾਈਨਲ ਵਿੱਚ ਪਹੁੰਚਣ ਸਦਕਾ ਦੇਸ਼ ਲਈ ਇੱਕ ਤਗ਼ਮਾ ਪੱਕਾ ਕਰ ਲਿਆ ਸੀ।



ਤੂੰ ਸਾਜ਼ਿਸ ਦਾ ਸ਼ਿਕਾਰ ਹੋ ਗਈ ਸੀ। ਜਿੱਤਣ ਤੋਂ ਬਾਅਦ ਤੇਰੇ 'ਤੇ ਦੋਸ਼ ਲਾਇਆ ਗਿਆ ਸੀ ਕਿ ਤੇਰਾ ਭਾਰ ਸੌ ਗਰਾਮ ਵੱਧ ਹੈ। ਇਸ ਦੋਸ਼ ਨਾਲ ਤੈਨੂੰ ਕੇਵਲ ਹਾਰੀ ਹੋਈ ਕਰਾਰ ਨਹੀਂ ਦਿੱਤਾ, ਬਲਕਿ ਕੁਸ਼ਤੀ ਮੁਕਾਬਲੇ ਵਿੱਚੋਂ ਹੀ ਬਾਹਰ ਕਰਦਿਆਂ ਤੇਰੀ ਮਿਹਨਤ ਮਿੱਟੀ ਵਿੱਚ ਰੋਲ ਦਿੱਤੀ ਗਈ। ਇਸ ਦਾ ਤੈਨੂੰ ਦੁੱਖ ਹੋਣਾ ਸੁਭਾਵਿਕ ਹੀ ਸੀ ਤੇ ਹੋਇਆ ਵੀ, ਪਰ ਇਹ ਦੁੱਖ ਕੇਵਲ ਤੈਨੂੰ ਨਹੀਂ, ਸਮੁੱਚੇ ਭਾਰਤ ਵਾਸੀਆਂ ਨੂੰ ਹੋਇਆ ਸੀ। ਸੁਆਲ ਉੱਠਿਆ ਸੀ ਕਿ ਜੇਕਰ ਤੇਰਾ ਭਾਰ ਸੌ ਗਰਾਮ ਵੱਧ ਸੀ ਤਾਂ ਉਲੰਪਿਕ ਐਸੋਸੀਏਸਨ ਨੇ ਪੰਜਾਹ ਕਿਲੋ ਵਜ਼ਨ ਵਿੱਚ ਖੇਡਣ ਦੀ ਇਜਾਜ਼ਤ ਹੀ ਕਿਉਂ ਦਿੱਤੀ? ਖੇਡ ਮੈਦਾਨ ਵਿੱਚ ਉਤਰਨ ਹੀ ਕਿਉਂ ਦਿੱਤਾ ਗਿਆ? ਜੇਕਰ ਤੇਰਾ ਭਾਰ ਸਹੀ ਸੀ ਤਾਂ ਫੇਰ ਜਿੱਤਣ ਤੋਂ ਬਾਅਦ ਇਹ ਦੋਸ਼ ਕਿਉਂ ਮੜ੍ਹਿਆ ਗਿਆ? ਇਸ ਤੋਂ ਇਹ ਸਪੱਸ਼ਟ ਹੈ ਕਿ ਤੇਰੇ ਨਾਲ ਧੋਖਾ ਹੋਇਆ ਸੀ, ਜੋ ਕਥਿਤ ਤੌਰ 'ਤੇ ਜਾਣਬੁੱਝ ਕੇ ਕੀਤਾ ਗਿਆ ਸੀ।

ਸਮੁੱਚੇ ਭਾਰਤੀਆਂ ਨੇ ਤੇਰੀ ਸਾਜ਼ਿਸ਼ੀ ਹਾਰ ਨੂੰ ਹਾਰ ਨਾ ਮੰਨਦਿਆਂ ਤੈਨੂੰ ਜੇਤੂ ਕਰਾਰ ਦਿੱਤਾ ਸੀ, ਤੈਨੂੰ ਹੱਥਾਂ 'ਤੇ ਚੁੱਕਦਿਆਂ ਮਾਣ-ਸਨਮਾਨ ਦਿੱਤੇ ਗਏ ਸਨ, ਪਰ ਵਲੂੰਧਰੇ ਹਿਰਦੇ ਸਦਕਾ ਤੂੰ ਖੇਡਾਂ ਤੋਂ ਸੰਨਿਆਸ ਲੈ ਕੇ ਸਿਆਸਤ ਵਿੱਚ ਸ਼ਾਮਲ ਹੋ ਗਈ ਸੀ ਅਤੇ ਕਾਂਗਰਸ ਪਾਰਟੀ ਦੀ ਟਿਕਟ 'ਤੇ ਵਿਧਾਨ ਸਭਾ ਹਲਕਾ ਜੁਲਾਨਾ ਤੋਂ ਵਿਧਾਇਕ ਬਣ ਗਈ ਸੀ। ਸਿਆਸਤ ਇੱਕ ਵੱਖਰਾ ਖੇਤਰ ਹੈ, ਤੂੰ ਭਾਵੇਂ ਸਿਆਸਤ ਵਿੱਚ ਸਫ਼ਲ ਹੋ ਗਈ, ਪਰ ਲੋਕ ਤੈਨੂੰ ਖਿਡਾਰੀ ਦੇ ਤੌਰ 'ਤੇ ਹੀ ਵੇਖਣਾ ਚਾਹੁੰਦੇ ਸਨ। ਤੂੰ ਹੁਣ ਲੋਕਾਂ ਦੀਆਂ ਉਮੀਦਾਂ ਦੀ ਕਦਰ ਕੀਤੀ ਹੈ, ਹੌਂਸਲਾ ਇਕੱਠਾ ਕੀਤਾ ਹੈ ਅਤੇ ਖੇਡਾਂ ਤੋਂ ਲਿਆ ਸੰਨਿਆਸ ਵਾਪਸ ਲੈ ਕੇ ਮੁੜ ਖੇਡਾਂ ਦੇ ਖੇਤਰ ਵਿੱਚ ਪਰਤਦਿਆਂ ਕੁਸ਼ਤੀ ਦੇ ਮੈਟ 'ਤੇ ਕਦਮ ਰੱਖਣ ਦਾ ਫੈਸਲਾ ਕੀਤਾ ਹੈ।

ਭਾਰਤੀ ਲੋਕ ਤੇਰੇ ਇਸ ਫੈਸਲੇ ਦਾ ਸੁਆਗਤ ਕਰਦੇ ਹਨ। ਤੂੰ ਕਿਹਾ ਹੈ-ਅੱਗ ਕਦੇ ਖਤਮ ਨਹੀਂ ਹੁੰਦੀ, ਖੇਡ ਪ੍ਰੇਮੀ ਅਤੇ ਭਾਰਤ ਦੇ ਲੋਕ ਇਸ ਅੱਗ ਨੂੰ ਹੌਂਸਲੇ ਦੀਆਂ ਫੂਕਾਂ ਮਾਰ-ਮਾਰ ਕੇ ਤੇਰਾ ਸਹਿਯੋਗ ਕਰਦੇ ਰਹਿਣਗੇ। ਤੈਥੋਂ ਆਸ ਹੈ ਕਿ ਤੂੰ ਸਾਲ 2028 ਵਿੱਚ ਲਾਸ ਏਂਜਲਸ ਉਲੰਪਿਕ ਖੇਡਾਂ ਵਿੱਚ ਸੋਨ ਤਮਗਾ ਜਿੱਤ ਕੇ ਭਾਰਤ ਦਾ ਨਾਂਅ ਹੋਰ ਉੱਚਾ ਕਰੇਂਗੀ। ਵੱਡੀ ਆਸ ਨਾਲ ਤੇਰਾ ਮੁੜ ਮੈਟ 'ਤੇ ਆਉਣ ਦਾ ਸੁਆਗਤ ਹੈ।

**# ਸੰਪਰਕ : 098882-75913**

# ਪ੍ਰਵਾਸ ਦੇ ਆਇਨੇ ਰਾਹੀਂ ਪੰਜਾਬ ਦੀ ਤਸਵੀਰ

**ਸੁਖਪਾਲ ਸਿੰਘ ਗਿੱਲ**

ਪ੍ਰਵਾਸ ਇੱਕ ਸਮਾਜਿਕ ਅਤੇ ਸੱਭਿਆਚਾਰਕ ਵਰਤਾਰਾ ਹੈ, ਇਸ ਦੇ ਪਿਛੋਕੜ ਵਿੱਚ ਆਰਥਿਕ ਲੋੜਾਂ, ਰੁਜ਼ਗਾਰ, ਆਜ਼ਾਦੀ ਅਤੇ ਖੁਸ਼ਹਾਲੀ ਦੀਆਂ ਭਾਵਨਾਵਾਂ ਆਦਿ ਕਾਰਜਸ਼ੀਲ ਹੁੰਦੀਆਂ ਹਨ।ਪੰਜਾਬ ਦੇ ਗੂੜ੍ਹ ਸਮਾਜ, ਸਾਹਿਤ ਅਤੇ ਸੱਭਿਆਚਾਰ ਉੱਤੇ ਪ੍ਰਵਾਸ ਨੇ ਆਪਣਾ ਪੂਰਾ ਰੰਗ ਗੂੜ੍ਹਾ ਕਰਕੇ ਚੜ੍ਹਾ ਲਿਆ ਹੈ। ਇਸ ਲਈ ਹਰ ਪੰਜਾਬੀ ਪ੍ਰਵਾਸ ਦੀ ਆਸ ਵਿੱਚ ਗਵਾਚਿਆ ਰਹਿੰਦਾ ਹੈ। ਪੰਜਾਬ ਨੈਤਿਕ ਨਾਬਰੀ ਅਤੇ ਇੱਜ਼ਤ ਆਬਰੂ ਦਾ ਪ੍ਰਤੀਕ ਸ਼ੁਰੂ ਤੋਂ ਹੀ ਰਿਹਾ ਹੈ।ਹੁਣ ਪ੍ਰਵਾਸ ਨੇ ਇਸ ਨੂੰ ਢਾਅ ਲਾਈ ਹੈ।ਇਸ ਪ੍ਰਵਾਸ ਪ੍ਰਤੀ ਪੰਜਾਬ ਅੰਦਰੋਂ ਹਾਂ-ਪੱਖੀ ਹੁੰਗਾਰਾ ਵੀ ਮਿਲਦਾ ਹੈ । ਆਜ਼ਾਦੀ ਤੋਂ ਬਾਅਦ ਸਭ ਤੋਂ ਪਹਿਲਾਂ ਪੰਜਾਬ ਦਾ ਦੁਆਬਾ ਖੇਤਰ ਲਗਭਗ 1949-50 ਦੇ ਨੇੜੇ ਬਾਹਰਲੇ ਮੁਲਕਾਂ ਵਿੱਚ ਜਾਣਾ ਸ਼ੁਰੂ ਹੋਇਆ । ਹੌਲੀ-ਹੌਲੀ ਇਹ ਚੰਗਿਆੜੀ ਸਾਰੇ ਪੰਜਾਬ ਵਿੱਚ ਫੈਲ ਗਈ। ਫਿਰ ਪੰਜਾਬੀ ਉਪਰੋ ਥਲੀ ਕਰਕੇ ਅਤੇ ਗਲਤ ਤੌਰ-ਤਰੀਕੇ ਅਪਣਾ ਕੇ ਬਾਹਰ ਜਾਣ ਲੱਗੇ।

ਖੇਤੀ ਪ੍ਰਧਾਨ ਸੂਬੇ ਕਰਕੇ ਅਤੇ ਜ਼ਮੀਨ ਨੂੰ ਮਾਂ ਸਮਝਣ ਵਾਲੇ ਪੰਜਾਬੀਆਂ ਦੀ ਰੂਹ ਨਾਲ ਉਂਝ ਪ੍ਰਵਾਸ ਦਾ ਮੇਲ ਨਹੀਂ । ਪੰਜਾਬੀਆਂ ਦਾ ਖੇਤੀ ਕਿੱਤਾ ਪਵਿੱਤਰ ਤੇ ਗੁਲਾਮੀ ਰਹਿਤ ਹੈ । ਕਿਹਾ ਵੀ ਗਿਆ ਹੈ, 'ਉੱਤਮ ਖੇਤੀ, ਮੱਧਮ ਵਿਉਪਾਰ ਤੇ ਨੀਚ ਚਾਕਰੀ' ਪਹਿਲੇ ਥੋੜ੍ਹਾ ਸਮਾਂ ਬਾਹਰਲੇ ਮੁਲਕਾਂ 'ਚ ਕਮਾਈ ਕਰਕੇ ਵਾਪਸ ਆ ਜਾਂਦੇ ਸਨ। ਹੁਣ ਅਜਿਹਾ ਨਹੀਂ ਹੋ ਰਿਹਾ। ਖੇਤੀ ਬਾਰੇ ਵੀ ਸ਼ੰਕਾ ਰਹਿਣ ਕਰਕੇ ਮੰਡੀਆਂ 'ਚ ਜੱਟ ਦੇ ਰੁਲਣ ਦੀ ਸੰਭਾਵਨਾ ਰਹਿੰਦੀ ਹੈ। ਸੁਰੱਖਿਅਤ ਮਹਿਸੂਸ ਕਰਨ ਕਰਕੇ ਪੰਜਾਬੀ ਬਾਹਰ ਜਾਣ ਲੱਗੇ ਹਨ। ਪ੍ਰਵਾਸ ਹੋਣ ਕਰਕੇ ਸੱਭਿਆਚਾਰ ਦੇ ਪੱਖ ਤੋਂ ਪੰਜਾਬੀ ਬੋਲੀ ਵੀ ਗ੍ਰਸ ਜਾਂਦੀ ਹੈ, ਪ੍ਰਵਾਸ ਰੁਜ਼ਗਾਰ ਲਈ ਹੁੰਦਾ ਹੈ। ਭਾਸ਼ਾ ਨਾਲ ਰੁਜ਼ਗਾਰ ਦਾ ਮੇਲ ਹੈ। ਆਈਲੈਟ ਲਈ ਅੰਗਰੇਜ਼ੀ ਚਾਹੀਦੀ ਹੈ।ਇਸ ਲਈ ਪੰਜਾਬੀ ਪ੍ਰਤੀ ਬੇਗਾਨਗੀ ਹੁੰਦੀ ਹੈ । ਸੁਰਜੀਤ ਪਾਤਰ ਨੇ ਵੀ ਕਿਹਾ ਸੀ-'ਪਿੱਛੇ-ਪਿੱਛੇ ਰਿਜ਼ਕ ਦੇ ਆਇਆ ਨੰਦ ਕਿਸ਼ੋਰ।'

ਪੰਜਾਬ ਦੀ 25 ਲੱਖ ਤੋਂ ਉੱਪਰ ਆਬਾਦੀ ਵਿਦੇਸ਼ਾਂ 'ਚ ਵਸੀ ਹੈ। ਤਤਕਾਲੀ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾਕਟਰ ਜੋਗਿੰਦਰ ਸਿੰਘ ਪਵਾਰ ਨੇ ਪ੍ਰਵਾਸ ਦੇ ਰੁਝਾਨ ਰੋਕਣ ਲਈ ਰੁਜ਼ਗਾਰ ਗਰੰਟੀ ਘੜਨ ਦੀ ਨਸੀਹਤ ਦਿੱਤੀ ਸੀ । ਪੰਜਾਬ ਵਿੱਚ ਇੱਕ ਵਾਰ ਸਕਿਲਡ ਸੈਂਟਰ ਅਤੇ ਆਈ ਟੀ ਆਈਜ਼ ਸਥਾਪਤ ਹੋਈਆਂ ਹਨ, ਪਰ ਇਹਨਾਂ ਵਿੱਚੋਂ ਨਿਕਲੇ ਨੌਜਵਾਨਾਂ ਨੂੰ ਅੱਗੇ ਕੋਈ ਸੁਰੱਖਿਅਤ ਰਸਤਾ ਨਹੀਂ ਦਿਖਿਆ। ਇਹ ਇੱਕ ਵੱਡਾ ਕਾਰਨ ਹੈ ਕਿ ਪੰਜਾਬ ਦੀ ਬੇਰੁਜ਼ਗਾਰੀ ਦਰ 2019 ਵਿੱਚ 8.2 ਸੀ । ਕੈਨੇਡਾ ਦੀ ਵਸੋਂ ਦਾ 1.3 ਪ੍ਰਤੀਸ਼ਤ ਪੰਜਾਬੀ ਹਨ । ਪੰਜਾਬ 'ਚ 55 ਲੱਖ ਘਰ ਹਨ 2014 ਤੋਂ 2021 ਤੱਕ 54.36 ਲੱਖ ਪਾਸਪੋਰਟ ਬਣੇ । ਪੰਜਾਬ 'ਚ 14 ਪਾਸਪੋਰਟ ਕੇਂਦਰ 7 ਤੋਂ 11 ਦਿਨਾਂ ਦੇ ਅੰਦਰ-ਅੰਦਰ ਪਾਸਪੋਰਟ ਬਣਾਉਂਦੇ ਹਨ । 2018 'ਚ 6031, 2019 'ਚ 73574, 2020 'ਚ 3312 ਅਤੇ ਕੋਰੋਨਾ ਕਾਲ ਵਿੱਚ ਕੁਝ ਮੱਧਮ ਪਏ । ਕੋਰੋਨਾ ਨੇ ਅੰਕੜੇ ਥੰਮੇ ਸਨ। ਸਿਰਫ ਕੈਨੇਡਾ ਦਾ ਰੁਝਾਨ 2014-16 'ਚ ਜ਼ਿਆਦਾ ਵਧਿਆ ਸੀ, ਇਸ ਸਮੇਂ 75,000 ਪੰਜਾਬੀ ਕੈਨੇਡਾ ਗਏ ਸਨ ।ਉਸ ਤੋਂ ਬਾਅਦ ਚੱਲ ਸੋ ਚੱਲ ।

ਸਭ ਤੋਂ ਮਾੜਾ ਹੈ ਕਿ ਗੈਰ ਕਾਨੂੰਨੀ ਪ੍ਰਵਾਸ ਕਰਨਾ । ਪੰਜਾਬੀ ਇੱਕ ਸਮੇਂ ਤਾਂ ਗੈਰ ਕਾਨੂੰਨੀ ਪ੍ਰਵਾਸ ਨੂੰ ਆਪਣੀ ਹੋਬੀ ਸਮਝਦੇ ਸਨ । ਪਨਾਮਾ ਜੰਗਲ ਅਤੇ ਕਿਸ਼ਤੀਆਂ ਦਾ ਡੁੱਬਣਾ ਵੀ ਗੈਰ-ਕਾਨੂੰਨੀ ਪ੍ਰਵਾਸ ਦੀ ਗਤੀ ਨੂੰ ਮੱਧਮ ਨਹੀਂ ਕਰ ਸਕਿਆ ।ਇਸ ਤੋਂ ਸਾਡੇ ਸਿਸਟਮ ਦਾ ਪਤਾ ਚਲਦਾ ਹੈ ਕਿ ਕਿੰਨਾ ਜੋਖ਼ਮ ਉੱਠਾ ਕੇ ਵੀ ਸਾਡੇ ਨੌਜਵਾਨ ਗੈਰ-ਕਾਨੂੰਨੀ ਪ੍ਰਵਾਸ ਨੂੰ ਤਰਜੀਹ ਦਿੰਦੇ ਹਨ ।ਡੋਨਾਲਡ ਟਰੰਪ ਨੇ ਗੈਰ-ਕਾਨੂੰਨੀ ਪ੍ਰਵਾਸ ਘੱਟ ਕਰਨ ਦੇ ਚੋਣ ਵਾਅਦੇ ਨਾਲ ਅਮਰੀਕਾ 'ਚ ਪ੍ਰਵਾਸ ਦੀ ਗਤੀ ਮੱਧਮ ਹੋਈ ਹੈ ।ਅਮਰੀਕਾ ਵਿੱਚ ਸਰਹੱਦ ਪਾਰ ਕਰਨ ਵਾਲੇ ਜਿਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ, ਉਹਨਾਂ ਦੀ ਗਿਣਤੀ ਪਿਛਲੇ 50 ਸਾਲਾਂ ਦੇ ਇਤਿਹਾਸ ਦੇ ਹੇਠਲੇ ਪੱਧਰ 'ਤੇ ਆ ਗਈ ਹੈ। ਸਤੰਬਰ 2025 ਵਿੱਚ ਅਮਰੀਕਾ-ਮੈਕਸੀਕੋ ਸਰਹੱਦ 'ਤੇ 11647 ਲੋਕਾਂ ਨੂੰ ਹਿਰਾਸਤ ਲਿਆ ਗਿਆ, ਜਦਕਿ ਸਤੰਬਰ 2024 ਵਿੱਚ ਇਹ ਗਿਣਤੀ ਇਕ 101000 ਹੋ ਗਈ, 2023 ਸਤੰਬਰ ਵਿੱਚ 69700 ਸੀ। ਇਸ ਤੋਂ ਜ਼ਾਹਰ ਹੈ ਕਿ ਟਰੰਪ ਦਾ ਚੋਣ ਵਾਅਦੇ ਵਾਲਾ ਪੱਤਾ ਕੰਮ ਕਰ ਗਿਆ। 2025 'ਚ ਅਮਰੀਕਾ ਨੇ 3528 ਭਾਰਤੀ ਡਿਪੋਰਟ ਕੀਤੇ, 2024 ਵਿੱਚ ਇਹ ਗਿਣਤੀ 1368 ਸੀ, ਜਦ ਕਿ 2023 ਵਿੱਚ ਇਹ ਗਿਣਤੀ 617 ਸੀ। ਮਨੁੱਖੀ ਸਮਗਲਿੰਗ ਨਾਲ ਜੋੜ ਕੇ ਦੇਖਿਆ ਜਾਵੇ ਤਾਂ ਇਸ ਤੋਂ ਕਈ ਤਰ੍ਹਾਂ ਦੇ ਸ਼ੰਕੇ ਪੈਦਾ ਹੋ ਜਾਂਦੇ ਹਨ। ਸਟੇਟਸ ਸਿੰਬਲ ਅਤੇ ਲੈ-ਨੱਠ ਰੀਸੋ-ਰੀਸ ਕਰਕੇ ਵੀ ਪੰਜਾਬੀ ਪ੍ਰਵਾਸ ਦੀ ਚੱਕੀ ਵਿੱਚ ਪਿਸ ਰਹੇ ਹਨ ।

ਪ੍ਰਵਾਸ ਦਾ ਸਾਡੇ ਪੰਜਾਬ ਨਾਲ ਪੁਰਾਣਾ ਰਿਸ਼ਤਾ ਰਿਹਾ ਹੈ । ਪਤਾ ਨਹੀਂ ਨੈਤਿਕ ਨਾਬਰੀ ਵਿੱਚੋਂ ਗੁਜ਼ਰਦਾ ਹੋਇਆ ਵੀ ਪ੍ਰਵਾਸ ਵੱਲ ਕਿਵੇਂ ਦੀਵਾਨਾ ਹੋ ਗਿਆ । ਇਹ ਗੱਲ ਸਮਝ ਤੋਂ ਬਾਹਰ ਹੈ । ਦੁਨੀਆਂ ਦੇ ਪ੍ਰਵਾਸੀਆਂ ਵਿੱਚੋਂ ਇੱਕ ਵੀਹਵਾਂ ਭਾਰਤ ਵਿੱਚ ਪੈਦਾ ਹੋਇਆ ਹੈ । ਇਹ ਅੰਕੜਾ ਵਿਸ਼ਵ-ਵਿਆਪੀ ਪ੍ਰਵਾਸ ਨੂੰ ਪ੍ਰਭਾਵਤ ਕਰ ਰਿਹਾ ਹੈ । ਵਿਸ਼ਵ ਪ੍ਰਵਾਸ ਰਿਪੋਰਟ 2024 ਤਹਿਤ ਸਾਲ 2022 ਤੱਕ ਭਾਰਤ 'ਚ ਪੈਦਾ ਹੋਏ ਲਗਭਗ 1.8 ਕਰੋੜ ਲੋਕ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਜਾ ਕੇ ਵਸ ਗਏ। ਪਿਛਲੇ 25 ਸਾਲਾਂ 'ਚ ਪ੍ਰਵਾਸੀ ਭਾਰਤੀਆਂ ਦੀ ਗਿਣਤੀ ਦੁਗਣੀ ਤੋਂ ਵੀ ਵੱਧ ਗਈ।ਦੁਬਈ, ਯੂ ਏ ਈ ਵਿੱਚ 35 ਲੱਖ ਪ੍ਰਵਾਸੀ ਭਾਰਤੀ ਹਨ। ਅਮਰੀਕਾ ਅਤੇ ਸਾਊਦੀ ਅਰਬ ਵਿਚ 27 ਅਤੇ 25 ਲੱਖ ਪ੍ਰਵਾਸੀ ਹਨ । ਅਮਰੀਕਾ ਦੀ ਇੱਕ ਆਡਿਟ ਪ੍ਰਕਿਰਿਆ ਮੁਕੰਮਲ ਕੀਤੀ ਗਈ, ਜਿਸ 'ਚ 17 ਹਜ਼ਾਰ ਵਪਾਰਕ ਡਰਾਈਵਰ ਲਾਇਸੰਸ ਰੱਦ ਕੀਤੇ ਗਏ। ਇਹ ਲਾਇਸੈਂਸ ਉਹਨਾਂ ਲੋਕਾਂ ਦੇ ਸਨ, ਜਿਨ੍ਹਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਰਹਿਣ ਦੀ ਆਗਿਆ ਨਹੀਂ ਸੀ ।ਉਹ ਗੈਰ-ਕਨੂੰਨੀ ਰਹਿ ਰਹੇ ਸਨ ।

ਸਾਡੇ ਗੀਤਾਂ-ਸੰਗੀਤਾਂ, ਰੀਤੀਆਂ ਵਿੱਚ ਵੀ ਪ੍ਰਵਾਸ ਦਾ ਅਸਰ ਹੈ । ਹੇਠ ਲਿਖੀ ਬੋਲੀ ਇਸ ਦੀ ਗਵਾਹੀ ਹੈ,

'ਬਾਰੀ ਬਰਸੀ ਖੱਟਣ ਗਿਆ ਸੀ,
ਖੱਟ ਕੇ ਲਿਆਂਦੇ ਰੰਬੇ, ਡੁਬਈ ਲੈ
ਗਈ ਪੁੱਟ ਕੇ, ਸਾਰੇ ਰੌਣਕੀ ਬੰਦੇ।'

ਹਾਂ, ਇੱਕ ਗੱਲ ਜ਼ਰੂਰ ਹੈ ਸਾਡੇ ਪ੍ਰਵਾਸੀਆਂ ਨੇ ਵਿਦੇਸ਼ਾਂ ਵਿੱਚ ਵੀ ਸੱਭਿਆਚਾਰ ਸਾਂਭ ਕੇ ਰੱਖਿਆ ਹੋਇਆ ਹੈ ।ਪ੍ਰਵਾਸ ਕਰਕੇ ਜਦੋਂ ਨਵੀਂ ਜਗ੍ਹਾ ਜਾਂਦੇ ਹਾਂ ਤਾਂ ਉੱਥੋਂ ਦਾ ਸੱਭਿਆਚਾਰ ਕਬੂਲਣਾ ਪੈਂਦਾ ਹੈ । ਮਾਣਮੱਤੇ ਪੰਜਾਬੀਆਂ ਨੇ ਆਪਣਾ ਸੱਭਿਆਚਾਰ ਵਿਦੇਸ਼ਾਂ ਵਿੱਚ ਵੀ ਸਾਂਭ ਕੇ ਰੱਖਿਆ ਹੋਇਆ ਹੈ।ਹੁਣ ਤਾਂ ਸੋਸ਼ਲ ਮੀਡੀਏ ਨੇ ਕੰਮ ਸੁਖਾਲਾ ਕਰ ਦਿੱਤਾ ਹੈ ।ਜਦੋਂ ਪੰਜਾਬ ਨੂੰ ਪ੍ਰਵਾਸ ਦੀ ਹੋੜ ਵਿੱਚ ਦੇਖਿਆ ਜਾਂਦਾ ਹੈ ਤਾਂ ਇੱਕ ਗੱਲ ਐੱਸ ਐੱਸ ਮੀਸ਼ਾ ਦੀ ਨਜ਼ਮ ਵਿੱਚੋਂ ਸੰਭਲਣ ਦਾ ਮੌਕਾ ਦਿੰਦੀ ਹੈ, 'ਪੱਤੀ-ਪੱਤੀ ਵਲੂੰਧਰੀ ਗਈ, ਉਸ ਦੀ, ਸ਼ਰਫ ਕਰਦਾ ਸੀ ਜਿਹੜੇ ਪੰਜਾਬ ਦੀ ਗੱਲ।' ਓਪਰੇ ਮਾਹੌਲ ਵਿੱਚ ਵਿਚਰਨ ਕਰਕੇ ਪ੍ਰਵਾਸੀ ਪੰਜਾਬੀਆਂ ਨੂੰ ਬਾਬੂ ਫ਼ਿਰੋਜ਼ਦੀਨ ਸ਼ਰਫ ਦੀ ਇਹ ਸਤਰ ਵੀ ਯਾਦ ਆਉਂਦੀ ਹੋਵੇਗੀ-'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈਓ, ਜਿਵੇਂ ਸੋਹਣੇ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈਓ।' ਮਿਹਨਤ ਕਰਨੀ, ਕਮਾਉਣਾ ਅਤੇ ਰੁਜ਼ਗਾਰ ਪਾਲਣਾ ਮਾੜੀ ਗੱਲ ਨਹੀਂ ।ਰੌਲਾ ਇਹ ਹੈ ਜਦੋਂ ਪ੍ਰਵਾਸ ਵਿੱਚੋਂ ਆਵਾਸ ਪੈਦਾ ਹੁੰਦਾ ਹੈ ਤਾਂ ਪੰਜਾਬ ਨੂੰ ਹਰ ਪੱਖੋਂ ਨੁਕਸਾਨ ਹੁੰਦਾ ਹੈ।

ਪੰਜਾਬ ਵਿੱਚੋਂ ਪ੍ਰਵਾਸ ਲਈ ਗਿਆ ਪੈਸਾ ਉੱਥੋਂ ਦੇ ਅਰਥਚਾਰੇ ਨੂੰ ਮਜ਼ਬੂਤ ਕਰ ਰਿਹਾ ਹੈ । ਮਾਹਰ ਦੱਸਦੇ ਹਨ ਕਿ ਭਵਿੱਖੀ ਪੰਜਾਬ ਦੀ ਚਿੰਤਾ ਇਹ ਹੈ ਕਿ ਪ੍ਰਵਾਸ ਦਾ ਯੂ-ਟਰਨ ਔਖਾ ਹੈ। ਇਸ ਨਾਲ ਲੱਖਾਂ ਪੰਜਾਬੀ ਆਪਣੇ ਪੇਟ ਨੂੰ ਗੰਢ ਮਾਰ ਕੇ ਵਿਕਸਤ ਦੇਸ਼ਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਤੁਲੇ ਹੋਏ ਹਨ । ਮਾਹੌਲ ਇਹ ਵੀ ਬਣ ਜਾਂਦਾ ਹੈ ਕਿ ਪੰਜਾਬੀਆਂ ਅੰਦਰ ਪੰਜਾਬ ਪ੍ਰਤੀ ਡਰ-ਭੈਅ ਹਊਆ ਬਣਿਆ ਰਹਿੰਦਾ ਹੈ। ਪੰਜਾਬ ਲਈ ਪੰਜਾਬੀਆਂ ਦੀ ਇਹ ਬੇਵਿਸਾਹੀ ਬੇਹੱਦ ਫਿਕਰ ਵਾਲਾ ਵਿਸ਼ਾ ਬਣ ਗਈ ਹੈ, ਜਿਸ ਲਈ ਵੇਲਾ ਬੀਤਣ ਤੋਂ ਬਾਅਦ ਜਾਗਣ ਨਾਲ ਹੋਰ ਵੀ ਔਖਾ ਹੋ ਜਾਵੇਗਾ। ਜਿਵੇਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਪੰਜਾਬ ਦਾ ਪ੍ਰਵਾਸ ਨਾਲ ਪੁਰਾਣਾ ਰਿਸ਼ਤਾ ਹੈ, ਉਸ ਤਰਜ਼ 'ਤੇ ਦੇਖਿਆ ਜਾਵੇ ਤਾਂ ਸਾਡੀ ਪਹਿਲੀ ਪੀੜ੍ਹੀ ਆਰਥਿਕਤਾ ਦੀ ਡੰਗੀ ਪ੍ਰਵਾਸ ਕਰ ਗਈ, ਦੂਜੀ ਪੀੜ੍ਹੀ ਹੋਂਦ ਦੀ ਲੜਾਈ ਵਿੱਚ ਭਟਕ ਕੇ ਗਈ, ਤੀਜੀ ਪੀੜ੍ਹੀ ਸਵੈਮਾਣ ਅਤੇ ਸਵੈ ਹੋਂਦ ਲਈ ਗਈ,ਚੌਥੀ ਪੀੜ੍ਹੀ ਉੱਥੋਂ ਦੇ ਕਲਚਰ ਵਿੱਚ ਢਲ ਗਈ ।

ਪ੍ਰਵਾਸ ਦੀ ਸਮੱਸਿਆ ਦਾ ਹੱਲ ਲੱਭਣਾ ਸਰਕਾਰ ਦੇ ਜ਼ਿੰਮੇ ਹੈ। ਸਰਕਾਰੀ ਢਾਂਚੇ ਨੂੰ ਸੁਧਾਰ ਕੇ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ। ਪੰਜਾਬੀ ਅਵਾਮ ਖੁਦ ਵੀ ਸੋਚੇ। ਨੌਜਵਾਨ ਅਜਿਹੇ ਤਾਣੇ-ਬਾਣੇ ਵਿੱਚ ਫਸ ਗਏ ਹਨ ਕਿ ਕੋਈ ਸੰਘਰਸ਼ ਵੀ ਨਹੀਂ ਕਰ ਸਕਦੇ।ਉਹ ਤਾਂ ਪ੍ਰਵਾਸ ਕਾਰਨ ਮਾਪਿਆਂ ਸਮੇਤ ਸਿਰ ਚੜ੍ਹੇ ਕਰਜ਼ੇ ਦੀ ਪੀੜਾ ਹੰਢਾ ਰਹੇ ਹਨ । ਪੰਜਾਬ 'ਚ ਰੁਜ਼ਗਾਰ ਦੇ ਨਾਕਾਫੀ ਮੌਕੇ ਮੌਜੂਦਾ ਸਰਕਾਰ ਸਹੀ ਕਰਨ ਵਲ ਕਦਮ ਚੁੱਕ ਰਹੀ ਹੈ। ਇੱਥੇ ਕੁਨਬਾਪ੍ਰਸਤੀ, ਬੇਇਨਸਾਫ਼ੀ, ਗੁੰਡਾਗਰਦੀ ਅਤੇ ਪੁਲਿਸ ਦਾ ਅਮਾਨਵੀ ਵਿਹਾਰ ਖਤਮ ਹੋਣਾ ਚਾਹੀਦਾ ਹੈ। ਇੱਥੇ ਮਾਪੇ ਅੱਜ ਵੀ ਕਹਿੰਦੇ ਹਨ ਕਿ ਅਸੀਂ ਤਾਂ ਲੰਘਾ ਲਈ, ਤੁਸੀਂ ਬਾਹਰ ਜਾ ਕੇ ਸੁਰੱਖਿਅਤ ਹੋ ਜਾਓ। ਅਜਿਹਾ ਕਿਉਂ? ਇੱਕ ਪਰਵਾਰ ਦੇ ਪ੍ਰਵਾਸ ਵਾਲੇ ਬੱਚੇ ਨੂੰ ਮਾਂ-ਪਿਓ ਮਿਲਣ ਜਾਂਦੇ ਹਨ ਤਾਂ ਚਾਰ ਪੰਜ ਲੱਖ ਦਾ ਫਾਇਦਾ ਦੂਜੇ ਮੁਲਕ ਨੂੰ ਦੇ ਆਉਂਦੇ ਹਨ। ਪੰਜਾਬ ਅਤੇ ਪੰਜਾਬੀ ਉਸੇ ਕਾਇਨਾਤ ਦਾ ਹਿੱਸਾ ਹਨ, ਜਿਸ ਵਿੱਚ ਕਾਰਪੋਰੇਟ ਵੱਲ ਝੁਕਾ ਹੈ। ਹੁਣੇ ਹਵਾਈ ਲਫ਼ੜਾ ਹੋਇਆ, ਹਵਾਈ ਟਿਕਟ ਵਧਾ ਦਿੱਤੀ।ਕੀ ਪੰਜਾਬੀ ਆਪਣੀ ਫਸਲ ਦਾ ਭਾਅ ਵਧਾ ਸਕਦੇ ਹਨ। ਨਹੀਂ ਕਦਾਚਿਤ ਨਹੀਂ। ਮੌਜੂਦਾ ਸਰਕਾਰ ਦੇ ਨਿਵੇਸ਼ ਦੇ ਯਤਨ ਜਾਰੀ ਹਨ, ਪਰ ਆਰਥਿਕ ਅਤੇ ਸਿਹਤ ਪੱਖੋਂ ਸੂਬਾ ਸਹਿਕਦਾ ਹੈ । ਉਜਰਤਾਂ ਘੱਟ ਹਨ।ਇਸ ਸਮੁੱਚੇ ਜ਼ੁਲਮ ਵਿਰੁੱਧ ਪੰਜਾਬੀ ਨੌਜਵਾਨ ਬੇਵੱਸ ਹਨ। ਪਿਛਲੀਆਂ ਸਰਕਾਰਾਂ ਪ੍ਰਵਾਸ ਨੂੰ ਰੋਕਣ 'ਚ ਠੋਸ ਉਪਰਾਲੇ ਨਹੀਂ ਕਰ ਸਕੀਆਂ । ਹੁਣ ਤਾਂ ਪੰਜਾਬੀ ਪ੍ਰਵਾਸ ਲੋਚਦੇ ਹਨ । ਪੰਜਾਬ ਨੂੰ ਹਮੇਸ਼ਾ ਛੱਡਦੇ ਹੋਏ ਕਿਸੇ ਸ਼ਾਇਰ ਦੀ ਜ਼ਬਾਨੀ ਇਹ ਗਵਾਹੀ ਭਰਦੇ ਹਨ:

'ਅਸੀਂ ਹਵਾਈ ਅੱਡਿਆਂ 'ਤੇ ਖੜੇ ਹਾਂ, ਅਸੀਂ ਵਾਪਿਸ ਨਹੀਂ ਆਉਣਾ, ਇਹ ਨਾੜੂ ਅਸੀਂ ਵੱਢ ਦਿੱਤਾ ਏ, ਅਸੀਂ ਪ੍ਰਦੇਸ਼ ਜਾਵਾਂਗੇ, ਪਿੰਡ ਆਪਣੇ ਉੱਥੇ ਵਸਾਵਾਂਗੇ, ਗੁਰੂ ਘਰ ਬਣਾ ਅਰਦਾਸ ਕਰਾਂਗੇ, ਪਿੰਡ ਪਿਛਲਾ ਵਸਦਾ ਰਹੇ, ਗੁਆਂਢੀਆਂ ਦਾ ਬਾਪੂ ਹੱਸਦਾ ਰਹੇ, ਸਾਡੇ ਨਾਲ ਨਾਰਾਜ਼ ਨਾ ਹੋਣਾ, ਬਿਰਖ ਤੋਂ ਵੱਖ ਹੋ ਰਹੇ ਪੱਤੇ ਹਾਂ ਅਸੀਂ, ਭੰਗੜੇ ਪਾ-ਪਾ ਸਭ ਦਾ ਧਿਆਨ ਖਿੱਚਦੇ, ਥਈਆਂ-ਥਈਆਂ ਨੱਚਦੇ, ਅਸੀਂ ਬਹੁਤ ਕੁਝ ਭੁੱਲਣਾ ਚਾਹੁੰਦੇ ਹਾਂ, ਗ਼ਦਰੀ ਬਾਬੇ, ਜਲ੍ਹਿਆਂਵਾਲਾ ਬਾਗ਼, ਰਬਾਬ 'ਚੋਂ ਉੱਠਦੇ ਰਾਗ, ਕੋਈ ਕਿੰਨਾ ਕੁਝ ਯਾਦ ਰੱਖੇ? ਦੁੱਖ ਕਿੰਨਾ ਕੁਝ ਵੰਡਾਏ ਕੋਈ? ਅਸੀਂ ਜਾ ਰਹੇ ਹਾਂ।'

**# ਸੰਪਰਕ : 98781-11445**

# ਵਪਾਰੀ ਨੂੰ ਮਹਿੰਗੇ ਭਾਅ 'ਤੇ ਘੋੜੇ ਵੇਚਣ ਦਾ ਲਾਲਚ ਦੇ ਕੇ ਇੱਕ ਕਰੋੜ ਠੱਗਣ ਵਾਲੇ ਗਰੋਹ ਦੇ ਦੋ ਮੈਂਬਰ ਗ੍ਰਿਫ਼ਤਾਰ

**ਇੱਕ ਘੋੜਾ ਬਰਾਮਦ, ਬਾਕੀ ਮੁਲਜ਼ਮਾਂ ਦੀ ਭਾਲ ਜਾਰੀ : ਡੀ ਐੱਸ ਪੀ ਭੁੱਚੋ**



**ਬਠਿੰਡਾ (ਬਖਤੌਰ ਢਿੱਲੋਂ, ਪਰਵਿੰਦਰ ਜੀਤ ਸਿੰਘ)**-ਨਥਾਣਾ ਪੁਲਸ ਨੇ ਇੱਕ ਗਰੋਹ ਦੇ ਦੋ ਮੈਂਬਰਾਂ ਮੇਵਾ ਸਿੰਘ ਤੇ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਨੇ ਇੱਕ ਸ਼ੈਲਰ ਮਾਲਕ ਨੂੰ ਮਹਿੰਗੇ ਭਾਅ 'ਤੇ ਘੋੜੇ ਵੇਚਣ ਦਾ ਲਾਲਚ ਦੇ ਕੇ ਇੱਕ ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰੀ ਸੀ।ਅਕਤੂਬਰ 2025 ਵਿੱਚ ਗਰੋਹ ਦੇ ਆਗੂਆਂ ਹਰਪ੍ਰੀਤ ਸਿੰਘ, ਮੇਵਾ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਸ਼ੈਲਰ ਮਾਲਕ ਸੁਲਤਾਨ ਗਰਗ ਨੂੰ ਘੱਟ ਭਾਅ 'ਤੇ ਘੋੜੇ ਵੇਚਣ ਦਾ ਲਾਲਚ ਦਿੱਤਾ, ਪਰ ਉਸ ਨੂੰ ਇੱਕ ਸਸਤਾ ਘੋੜਾ ਦਿੱਤਾ।ਜਦੋਂ ਸ਼ੈਲਰ ਮਾਲਕ ਨੂੰ ਇੱਕ ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਦਾ ਪਤਾ ਲੱਗਾ, ਤਾਂ ਉਸ ਨੇ ਗਰੋਹ ਤੋਂ ਨਿਰਾਸ਼ ਹੋ ਕੇ ਖੁਦਕੁਸ਼ੀ ਕਰ ਲਈ।ਮ੍ਰਿਤਕ ਦੇ ਪਰਵਾਰ ਦੇ ਬਿਆਨਾਂ ਦੇ ਆਧਾਰ 'ਤੇ ਨਥਾਣਾ ਪੁਲਸ ਸਟੇਸ਼ਨ ਨੇ ਮੇਵਾ ਸਿੰਘ, ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਤੇ ਹੋਰਨਾਂ ਵਿਰੁੱਧ ਕੇਸ ਦਰਜ ਕੀਤਾ।ਸੋਮਵਾਰ ਨੂੰ ਮੀਡੀਆ ਨਾਲ ਗੱਲ ਕਰਦੇ ਹੋਏ ਮ੍ਰਿਤਕ ਸ਼ੈਲਰ ਮਾਲਕ ਸੁਲਤਾਨ ਗਰਗ ਦੇ ਪੁੱਤਰ ਸ਼ਫੀ ਗਰਗ ਨੇ ਕਿਹਾ ਕਿ ਉਸ ਦੇ ਪਿਤਾ ਨੂੰ ਗਊਆਂ ਰੱਖਣ ਦਾ ਸ਼ੌਕ ਸੀ।ਇਸ ਦੌਰਾਨ ਅਕਤੂਬਰ ਵਿੱਚ ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਤੇ ਮੇਵਾ ਸਿੰਘ ਨੇ ਉਸ ਦੇ ਪਿਤਾ ਨਾਲ ਸੰਪਰਕ ਕੀਤਾ, ਉਸ ਨੂੰ ਗਾਵਾਂ ਰੱਖਣਾ ਬੰਦ ਕਰਨ ਤੇ ਉਨ੍ਹਾਂ ਨਾਲ ਘੋੜਿਆਂ ਦਾ ਵਪਾਰ ਸ਼ੁਰੂ ਕਰਨ ਦੀ ਅਪੀਲ ਕੀਤੀ।ਸ਼ਫੀ ਨੇ ਕਿਹਾ ਕਿ ਤਿੰਨਾਂ ਆਦਮੀਆਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ ਦੇ ਪਿਤਾ ਨੂੰ ਘੋੜਿਆਂ ਦਾ ਵਪਾਰ ਕਰਨ ਲਈ ਮਨਾ ਲਿਆ ਤੇ ਇੱਕ ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕਰਨ ਤੋਂ ਬਾਅਦ ਉਸ ਨੂੰ ਇੱਕ ਸਸਤਾ ਘੋੜਾ ਦੇ ਦਿੱਤਾ।ਸ਼ਫੀ ਨੇ ਦੱਸਿਆ ਕਿ ਮੇਵਾ ਸਿੰਘ, ਗੁਰਪ੍ਰੀਤ ਸਿੰਘ ਤੇ ਹਰਪ੍ਰੀਤ ਸਿੰਘ ਨੇ ਉਸ ਦੇ ਪਿਤਾ ਨੂੰ ਖਰੀਦੇ ਗਏ ਘੋੜਿਆਂ ਨੂੰ ਵੱਧ ਕੀਮਤ 'ਤੇ ਵੇਚਣ ਦਾ ਵਾਅਦਾ ਕਰਕੇ ਲੁਭਾਇਆ ਸੀ।ਸ਼ਫੀ ਨੇ ਦੱਸਿਆ ਕਿ ਜਦੋਂ ਉਸ ਦੇ ਪਿਤਾ ਸੁਲਤਾਨ ਨੂੰ ਪਤਾ ਲੱਗਾ ਕਿ ਉਸ ਨੂੰ ਦਿੱਤੇ ਗਏ ਘੋੜੇ ਸਸਤੇ ਸਨ ਤੇ ਦੋਸ਼ੀ ਨੇ ਉਸ ਨਾਲ ਇੱਕ ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਕੀਤੀ ਹੈ, ਤਾਂ ਉਹ ਬਹੁਤ ਦੁਖੀ ਹੋ ਗਿਆ।ਸ਼ਫੀ ਨੇ ਦੱਸਿਆ ਕਿ ਉਸ ਦੇ ਪਿਤਾ ਨੇ ਮੁਲਜ਼ਮਾਂ ਨਾਲ ਕਈ ਵਾਰ ਗੱਲ ਕੀਤੀ ਸੀ, ਪਰ ਜਦੋਂ ਕਿਸੇ ਨੇ ਉਸ ਦੀ ਗੱਲ ਨਹੀਂ ਸੁਣੀ ਤਾਂ ਉਸ ਨੇ ਗਰੋਹ ਤੋਂ ਨਿਰਾਸ਼ ਹੋ ਕੇ ਖੁਦਕੁਸ਼ੀ ਕਰ ਲਈ।ਸ਼ਫੀ ਨੇ ਦੱਸਿਆ ਕਿ ਉਸ ਦੇ ਬਿਆਨ ਦੇ ਆਧਾਰ 'ਤੇ ਨਥਾਣਾ ਪੁਲਸ ਸਟੇਸ਼ਨ ਨੇ ਮੇਵਾ ਸਿੰਘ, ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ ਤੇ ਹੋਰਨਾਂ ਵਿਰੁੱਧ ਕੇਸ ਦਰਜ ਕੀਤਾ ਹੈ।

ਉਸ ਨੇ ਮੰਗ ਕੀਤੀ ਕਿ ਮਾਮਲੇ ਦੇ ਸਾਰੇ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ ਤੇ ਧੋਖਾਧੜੀ ਕੀਤੀ ਗਈ ਸਾਰੀ ਰਕਮ ਬਰਾਮਦ ਕੀਤੀ ਜਾਵੇ।ਇਸ ਸਬੰਧੀ ਭੁੱਚੋ ਦੇ ਡੀਐੱਸਪੀ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਮੇਵਾ ਸਿੰਘ ਤੇ ਗੁਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂਕਿ ਇਸ ਮਾਮਲੇ ਨਾਲ ਸਬੰਧਤ ਹਰਪ੍ਰੀਤ ਤੇ ਹੋਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਭੁੱਖਮਰੀ ਦਾ ਸ਼ਿਕਾਰ ਨਰੇਗਾ ਕਾਮੇ 26 ਨੂੰ ਅੰਦੋਲਨ ਵਿੱਢਣਗੇ : ਕਸ਼ਮੀਰ ਗਦਾਈਆ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ 6 ਮਹੀਨੇ ਲਗਾਤਾਰ ਕੰਮ ਬੰਦ ਕਰਨ ਕਰਕੇ ਪੇਂਡੂ ਕਿਰਤੀ ਭੁੱਖੇ ਮਰਨ ਲਈ ਮਜਬੂਰ ਕਰ ਰੱਖੇ ਹਨ, ਮਜ਼ਦੂਰ ਵਾਰ ਵਾਰ ਡੀ ਸੀ ਦਫ਼ਤਰਾਂ ਅੱਗੇ ਧਰਨੇ ਮੁਜ਼ਾਹਰੇ ਕਰ ਚੁੱਕੇ ਹਨ, ਕੰਮ ਦੀਆਂ ਅਰਜ਼ੀਆਂ ਦੇ ਚੁੱਕੇ ਹਨ, ਪਰ ਜ਼ਾਲਮ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕੀ। ਇਸ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ. ਏਟਕ ਵੱਲੋਂ 26 ਦਸੰਬਰ ਨੂੰ ਪੰਜਾਬ ਦੇ ਡੀ ਸੀ ਦਫ਼ਤਰਾਂ ਅੱਗੇ ਧਰਨੇ ਲਾ ਕੇ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜੇ ਜਾਣਗੇ। ਜੇਕਰ ਫਿਰ ਸਰਕਾਰ ਆਨਾਕਾਨੀ ਕਰਦੀ ਹੈ ਤਾਂ ਥੋੜ੍ਹੇ ਸਮੇਂ ਬਾਅਦ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ ਜਾਣਗੀਆਂ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਰਜਿ. ਏਟਕ ਦੇ ਸੂਬਾ ਪ੍ਰਧਾਨ ਕਾਮਰੇਡ ਕਸ਼ਮੀਰ ਸਿੰਘ ਗਦਾਈਆ ਨੇ ਪਿੰਡ ਗਦਾਈਆ ਵਿਖੇ ਨਰੇਗਾ ਕਾਮਿਆਂ ਦੀ ਪ੍ਰਭਾਵਸ਼ਾਲੀ ਮੀਟਿੰਗ ਨੂੰ ਸੰਬੋਧਨ ਕਰਨ ਉਪਰੰਤ ਦੱਸਿਆ ਕਿ 26 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ ਕਰਕੇ ਫਹਿਤਗੜ੍ਹ ਤੇ ਪਟਿਆਲਾ ਜ਼ਿਲ੍ਹੇ ਵਿੱਚ ਇਹ ਧਰਨੇ 26 ਦਸੰਬਰ ਨੂੰ ਦਿੱਤੇ ਜਾਣਗੇ।ਨਰੇਗਾ ਕਾਮਿਆਂ ਦੇ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਮਗਨਰੇਗਾ ਤੋਂ ਨਾਮ ਬਦਲ ਕੇ ਪੂਜਿਆ ਬਾਪੂ ਗ੍ਰਾਮੀਣ ਰੁਜ਼ਗਾਰ ਯੋਜਨਾਂ ਰੱਖ ਦਿੱਤਾ, ਨਰੇਗਾ ਕਾਮਿਆਂ ਨੇ ਕੰਮ ਦਿਨਾਂ 'ਚ 25 ਦਿਨ ਦਾ ਬੇਮਾਮੂਲੀ ਵਾਧਾ ਕਰਕੇ ਊਠ ਦੇ ਮੂੰਹ ਜ਼ੀਰਾ ਦੇਣ ਦਾ ਕੰਮ ਕੀਤਾ ਹੈ, ਜਦੋਂ ਦੇਸ਼ ਭਰ ਦੇ ਨਰੇਗਾ ਕਾਮੇ 200 ਦਿਨ ਕੰਮ ਤੇ ਦਿਹਾੜੀ 1000 ਰੁਪਏ ਪ੍ਰਤੀ ਦਿਨ ਦੀ ਮੰਗ ਕਰ ਰਹੇ। ਇਸ ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਪੰਜਾਬ ਇਸਤਰੀ ਸਭਾ ਦੀ ਆਗੂ ਬਲਜੀਤ ਕੌਰ ਗਦਾਈਆ, ਕਰਮਜੀਤ ਕੌਰ ਧੀਰੋ, ਅੰਗਰੇਜ਼ ਕੌਰ ਤੇ ਇਕਾਈ ਪ੍ਰਧਾਨ ਭਿੰਦਰ ਸਿੰਘ ਨੇ ਕਿਹਾ ਕਿ ਗਦਾਈਆ ਪਿੰਡ ਦੇ ਨਰੇਗਾ ਕਾਮਿਆਂ ਨੇ ਤਿੰਨ ਮਹੀਨੇ ਪਹਿਲਾਂ ਕੰਮ ਦੀਆਂ ਅਰਜ਼ੀਆਂ ਦਿੱਤੀਆਂ ਸਨ, ਬੀ ਡੀ ਪੀ ਓ ਦਫ਼ਤਰ ਨਾਭਾ ਵੱਲੋਂ ਅੱਜ ਤੱਕ ਕੰਮ ਨਹੀਂ ਦਿੱਤਾ ਤੇ ਨਾ ਹੀ ਬੇਰੁਜ਼ਗਾਰੀ ਭੱਤੇ ਦੀਆਂ ਅਰਜ਼ੀਆਂ ਹੀ ਦਰਜ ਕੀਤੀਆਂ ਨੇ ਉਨ੍ਹਾਂ ਕਿਹਾ ਕਿ ਨਰੇਗਾ ਕਾਮਿਆਂ ਵਿੱਚ ਬਹੁਤ ਗੁੱਸਾ ਹੈ।ਇਸ ਕਾਮੇ ਇਸ ਅੰਦੋਲਨ ਨੂੰ ਲਗਾਤਾਰ ਯਾਰੀ ਰੱਖਣਗੇ।

# ਡੀ ਪੀ ਮੌੜ ਦੀ ਮਾਤਾ ਨੂੰ ਬਰਾੜ, ਅਰਸ਼ੀ ਤੇ ਹੋਰਨਾਂ ਵੱਲੋਂ ਸ਼ਰਧਾਂਜਲੀਆਂ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**

ਲੰਮੇ ਸਮੇਂ ਤੋਂ ਖੱਬੇਪੱਖੀ ਵਿਚਾਰਧਾਰਾ ਨਾਲ ਜੁੜੇ ਹੋਏ ਕਾਮਰੇਡ ਡੀ ਪੀ ਮੌੜ ਜ਼ਿਲ੍ਹਾ ਸਕੱਤਰ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਹੁਰਾਂ ਦੀ ਮਾਤਾ ਮਾਇਆ ਦੇਵੀ, ਜਿਨ੍ਹਾਂ ਦਾ ਪਿਛਲੇ ਦਿਨੀਂ ਦੇਹਾਂਤ ਹੋ ਗਿਆ ਸੀ, ਨਮਿੱਤ ਸ਼ੋਕ ਇਕੱਤਰਤਾ ਲੁਧਿਆਣਾ ਦੇ ਲਕਸ਼ਮੀ ਨਰਾਇਣ ਮੰਦਰ ਵਿਖੇ ਹੋਈ।

ਇਸ ਮੌਕੇ ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਬਰਾੜ, ਸਾਬਕਾ ਵਿਧਾਇਕ ਹਰਦੇਵ ਅਰਸ਼ੀ, ਮਲਕੀਤ ਸਿੰਘ ਦਾਖਾ, ਭਾਰਤ ਭੂਸ਼ਣ ਆਸ਼ੂ, ਇੰਦਰਜੀਤ ਰਿੰਦੀ, ਹਰੀਸ਼ ਰਾਏ ਢਾਂਡਾ, ਵਰਸ਼ਾ ਰਾਮਪਾਲ, ਪਵਨ ਦੀਵਾਨ, ਮਨਿੰਦਰ ਭਾਟੀਆ, ਡਾ. ਅਰੁਣ ਮਿੱਤਰਾ, ਚਮਕੌਰ ਬਰਮੀ, ਚਮਕੌਰ ਜਗਰਾਉਂ, ਸੁਰਿੰਦਰ ਜਲਾਲਦੀਵਾਲ, ਨਰਕੇਸ਼ਰ ਰਾਏ, ਭਰਪੂਰ ਸਿੰਘ ਸਵੱਦੀ, ਭਗਵਾਨ ਸਿੰਘ ਸੋਮਲਖੇੜੀ, ਜਗਦੀਸ਼ ਬੌਬੀ ਮਾਛੀਵਾੜਾ, ਨਿਰੰਜਨ ਸਿੰਘ ਦੋਰਾਹਾ, ਹਰਮਿੰਦਰ ਸੇਠ ਦੋਰਾਹਾ, ਗੁਰਮੇਲ ਮੈਲਡੇ, ਮਲਕੀਤ ਸਿੰਘ ਮਾਲੜਾ, ਬਲਦੇਵ ਵਾਲੀਆ, ਚਰਨ ਗੁਰਮ, ਨਰੇਸ਼ ਗੌੜ, ਜਗਦੀਸ਼ ਨਾਰੰਗ ਜ਼ਿਲ੍ਹਾ ਰਾਮ ਬਾਂਸਲ, ਪ੍ਰੋਫੈਸਰ ਜੈਪਾਲ, ਰਘਵੀਰ ਸਿੰਘ ਬੈਨੀਪਾਲ, ਪਰਮਜੀਤ ਸਿੰਘ ਗਿੱਲ, ਜਗਦੀਸ਼ ਚੰਦ, ਡਾ. ਹਰਮੀਤ ਕਿੰਗਰਾ, ਡਾ. ਰਜਿੰਦਰਪਾਲ ਸਿੰਘ ਔਲਖ, ਰਮੇਸ਼ ਰਤਨ, ਗੁਲਜਾਰ ਗੋਰੀਆ, ਨਵਲ ਛਿੱਬੜ, ਅਵਤਾਰ ਛਿੱਬੜ, ਗੁਰਮੀਤ ਸਿੰਘ ਖੰਨਾ, ਗੁਲਜਾਰ ਪੰਧੇਰ, ਗੁਰਵੰਤ ਸਿੰਘ, ਨਵਨੀਤ ਸ਼ਰਮਾ, ਬਲਦੇਵ ਸਿੰਘ ਵਾਲੀਆ, ਕੁਲਵੰਤ ਕੌਰ, ਕੁਸਮ ਲਤਾ, ਕੇਵਲ ਸਿੰਘ ਬਨਵੈਤ, ਰਸ਼ਪਾਲ ਸਿੰਘ ਪਾਲੀ, ਬਲਵੀਰ ਸਿੰਘ ਮਾਨ, ਮਹਿੰਦਰ ਪਾਲ ਸਿੰਘ ਤੇ ਕਈ ਹੋਰ ਅਨੇਕਾਂ ਕਾਮਰੇਡ ਸਾਥੀ ਪੁੱਜੇ। ਲੁਧਿਆਣਾ ਦੇ ਪਾਰਟੀ ਹਲਕਿਆਂ ਵਿੱਚੋਂ ਕਾਮੇਸ਼ਵਰ ਯਾਦਵ, ਰਾਮ ਪ੍ਰਤਾਪ, ਜੋਗਿੰਦਰ ਰਾਮ, ਡਾ. ਹਰਜੀਤ ਧਾਲੀਵਾਲ, ਵਿਜੇ ਕੁਮਾਰ, ਡਾ. ਹਰਵਿੰਦਰ ਧਾਲੀਵਾਲ, ਅਜੀਤ ਜਵੱਦੀ, ਟਰੇਡ ਯੂਨੀਅਨ ਹਲਕਿਆਂ ਵਿੱਚ ਭਰਾਤਰੀ ਜਥੇਬੰਦੀਆਂ ਦੇ ਆਗੂ ਤੇ ਵਰਕਰ ਵੀ ਪੁੱਜੇ।

ਇਸ ਤੋਂ ਇਲਾਵਾ ਖੱਬੇਪੱਖੀ ਸਰਗਰਮੀਆਂ ਦੀ ਕਵਰੇਜ ਕਰਨ ਵਾਲੇ ਮੀਡੀਆ ਸਰਕਲਾਂ ਵਿੱਚੋਂ ਕਈ ਸੀਨੀਅਰ ਪੱਤਰਕਾਰ, ਫੋਟੋਗ੍ਰਾਫਰ, ਚੈਨਲਾਂ ਦੇ ਪ੍ਰਤੀਨਿਧੀ ਤੇ ਜਾਣੇ ਪਛਾਣੇ ਲੇਖਕ ਵੀ ਪੁੱਜੇ ਹੋਏ ਸਨ। ਇਨ੍ਹਾਂ ਵਿੱਚੋਂ ਸੀਨੀਅਰ ਫੋਟੋਗ੍ਰਾਫਰ ਇੰਦਰਜੀਤ, ਲੇਖਕ ਤੇ ਪੱਤਰਕਾਰ ਅਸ਼ਵਨੀ ਜੇਤਲੀ ਅਸ਼ਕ, ਰਵਿੰਦਰ ਨਿੱਝਰ, ਟੀ ਵੀ ਜਰਨਲਿਸਟ ਪ੍ਰਦੀਪ ਸ਼ਰਮਾ, ਕਾਰਤਿਕ ਸਿੰਘ ਤੇ ਕਈ ਹੋਰ ਸ਼ਾਮਲ ਸਨ।ਆਰ ਆਈ ਪੀ ਆਈ ਵੱਲੋਂ ਪ੍ਰੋਫੈਸਰ ਜੈਪਾਲ ਵੀ ਪੁੱਜੇ।ਕਈ ਸੰਸਥਾਵਾਂ ਤੇ ਜਥੇਬੰਦੀਆਂ ਨੇ ਸ਼ੋਕ ਸੁਨੇਹੇ ਵੀ ਭੇਜੇ।ਮਹਿਲਾ ਬੁੱਧੀਜੀਵੀਆਂ ਵਿੱਚੋਂ ਕੁਸਮ ਲਤਾ ਤੇ ਕਈ ਹੋਰਨਾਂ ਨੇ ਹਾਜ਼ਰੀ ਲਵਾਈ।ਲੇਖਕਾਂ ਵਿੱਚੋਂ ਉੱਘੇ ਤੇ ਸਰਗਰਮ ਲੇਖਕ ਮਿੱਤਰ ਸੇਨ ਮੀਤ ਤੇ ਗੁਲਜ਼ਾਰ ਪੰਧੇਰ ਵੀ ਪੁੱਜੇ।

## ਕਾਤਰਾਂ

### ਸੱਤ ਪ੍ਰਤਾਪ ਸਿੰਘ ਭੀਖੀ ਬੀ ਐੱਲ ਓ ਯੂਨੀਅਨ ਦੇ ਬਣੇ ਪ੍ਰਧਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਬੀ.ਐਲ.ਓਜ਼ ਵੱਲੋਂ ਸੱਤ ਪ੍ਰਤਾਪ ਸਿੰਘ ਭੀਖੀ ਨੂੰ ਸਰਬਸੰਮਤੀ ਨਾਲ ਆਪਣਾ ਪ੍ਰਧਾਨ ਚੁਣ ਲਿਆ ਗਿਆ ਹੈ।ਸੱਤ ਪ੍ਰਤਾਪ ਸਿੰਘ ਵੱਲੋਂ ਪਿਛਲੇ ਹਫਤੇ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਦੀਆਂ ਵੋਟਾਂ 'ਚ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਵੱਡੇ ਪੱਧਰ ਤੇ ਲੱਗੀਆਂ ਇਲੈਕਸ਼ਨ ਡਿਊਟੀਜ਼ ਤੋਂ ਬੀ.ਐਲ.ਓਜ਼ ਨੂੰ ਰਾਹਤ ਦਿਵਾਉਣ ਦਾ ਕੰਮ ਕੀਤਾ ਗਿਆ ਸੀ।ਜ਼ਿਕਰਯੋਗ ਹੈ ਕਿ ਇਸ ਮੁਲਾਜ਼ਮ ਆਗੂ ਵੱਲੋਂ ਲੰਘੇ ਸਾਲ ਪੰਚਾਇਤੀ ਚੋਣਾਂ ਦੌਰਾਨ ਹਾਦਸਾਗ੍ਰਸਤ ਹੋ ਕੇ ਆਪਣੀ ਜਾਨ ਗਵਾਉਣ ਵਾਲੇ ਨੌਜਵਾਨ ਦੇ ਆਸ਼ਰਤਾਂ ਨੂੰ ਇਨਸਾਫ ਦਿਵਾਉਣ 'ਚ ਵੀ ਅਹਿਮ ਭੂਮਿਕਾ ਅਦਾ ਕੀਤੀ ਗਈ ਸੀ।ਜ਼ਿਕਰਯੋਗ ਹੈ ਕਿ ਸੱਤ ਪ੍ਰਤਾਪ ਸਿੰਘ ਪਹਿਲਾਂ ਹੀ ਕੰਪਿਊਟਰ ਅਧਿਆਪਕ ਯੂਨੀਅਨ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।ਇਹ ਨੌਜਵਾਨ ਅਧਿਆਪਕ ਆਗੂ ਸਮੇਂ-ਸਮੇਂ ਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਹੱਲ ਲਈ ਸ਼ਾਂਤਮਈ ਸੰਘਰਸ਼ ਵਾਸਤੇ ਹਮੇਸ਼ਾ ਤਤਪਰ ਰਹਿੰਦੇ ਹਨ।

### ਪਸਸਫ ਵਿਗਿਆਨਕ ਦੀ ਚੋਣ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਦੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ ਤੇ ਜਰਨਲ ਸਕੱਤਰ ਸੁਖਵਿੰਦਰ ਸਿੰਘ ਦੋਦਾ ਨੇ ਦੱਸਿਆ ਕਿ ਮੁਲਾਜ਼ਮਾਂ ਦੀ ਸਿਰਮੌਰ ਜਥੇਬੰਦੀ ਤੇ ਮੁਲਾਜ਼ਮ ਹਿੱਤਾਂ ਨੂੰ ਪ੍ਰਣਾਈ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵਿਗਿਆਨਕ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਤਿੰਨ ਸਾਲਾਂ ਚੋਣ 16 ਦਸੰਬਰ 2025 ਦੁਪਹਿਰ ਤਿੰਨ ਵਜੇ ਪੰਜਾਬ ਰੋਡਵੇਜ਼ ਯੂਨੀਅਨ ਦੇ ਦਫ਼ਤਰ ਨੇੜੇ ਬੱਸ ਸਟੈਂਡ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਵੇਗੀ।ਇਹ ਸਟੇਟ ਕਮੇਟੀ ਦੇ ਆਗੂਆਂ ਦੀ ਅਗਵਾਈ ਹੇਠ ਕਰਵਾਈ ਜਾਵੇਗੀ।

### ਗੁਰਦੁਆਰਾ ਚਰਨ ਕੰਵਲ ਵਿਖੇ ਕਥਾ ਕੀਰਤਨ ਸਮਾਗਮ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਦੇ ਦੀਵਾਨ ਹਾਲ ਵਿਖੇ ਦਸਮਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਮਹਾਨ ਕਥਾ ਕੀਰਤਨ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਵਾਰ 16 ਦਸੰਬਰ ਨੂੰ ਰਾਤ 7 ਵਜੇ ਤੋਂ 11 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿੱਚ ਪੰਥ ਪ੍ਰਸਿੱਧ ਵਿਦਵਾਨ ਤੇ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਕਥਾ ਦਾ ਪ੍ਰਵਾਹ ਚਲਾਉਣਗੇ। ਉਨ੍ਹਾਂ ਦੇ ਨਾਲ ਪੰਥ ਦੇ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ, ਰਾਗੀ ਜੱਥਾ ਜਵੱਦੀ ਟਕਸਾਲ ਲੁਧਿਆਣਾ ਦੇ ਜੱਥੇ ਵਲੋਂ ਵੀ ਕੀਰਤਨ ਕੀਤਾ ਜਾਵੇਗਾ ਜਦਕਿ ਸ਼ੁਰੂਆਤ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ ਦੇ ਜੱਥੇ ਵੱਲੋਂ ਕੀਤੀ ਜਾਵੇਗੀ।

# ਐੱਸ ਕੇ ਐੱਮ ਵੱਲੋਂ ਬਿਜਲੀ ਬਿੱਲ, ਸੀਡ ਐਕਟ ਤੇ ਚਾਰ ਲੇਬਰ ਕੋਡਾਂ ਵਿਰੁੱਧ ਸੰਘਰਸ਼ ਦਾ ਐਲਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਪੰਜਾਬ ਤੇ ਭਰਾਤਰੀ ਜਥੇਬੰਦੀਆਂ ਦੇ ਸਾਂਝੇ ਫੈਸਲੇ ਅਨੁਸਾਰ ਬਠਿੰਡਾ ਵਿਖੇ ਕਿਸਾਨ, ਮਜ਼ਦੂਰ, ਮੁਲਾਜ਼ਮ, ਠੇਕਾ ਮੁਲਾਜ਼ਮ ਤੇ ਵਿਦਿਆਰਥੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਬਲਕਰਨ ਸਿੰਘ ਬਰਾੜ ਸੂਬਾ ਜਨਰਲ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਦੀ ਪ੍ਰਧਾਨਗੀ ਹੇਠ ਟੀਚਰਜ਼ ਹੋਮ ਬਠਿੰਡਾ ਵਿਖੇ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਬਿਜਲੀ ਵਰਗੀ ਜ਼ਰੂਰੀ ਸਹੂਲਤ ਆਮ ਲੋਕਾਂ ਤੋਂ ਖੋਹਣ ਉੱਪਰ ਤੁਲੀ ਹੋਈ ਹੈ।ਉਹ ਬਿਜਲੀ ਬਿੱਲ 2025 ਲਿਆ ਕੇ ਜਿੱਥੇ ਬਿਜਲੀ ਦਾ ਕੇਂਦਰੀਕਰਨ ਕਰਨਾ ਚਾਹੁੰਦੀ ਹੈ, ਉੱਥੇ ਬਿਜਲੀ ਦਾ ਸਮੁੱਚਾ ਢਾਂਚਾ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਜਾ ਰਹੀ ਹੈ।ਸਰਕਾਰ ਦੇ ਇਨ੍ਹਾਂ ਕਦਮਾਂ ਨਾਲ ਨਾ ਕੇਵਲ ਬਿਜਲੀ ਮਹਿੰਗੀ ਹੋਵੇਗੀ, ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ।ਸੀਡ ਐਕਟ ਲਿਆ ਕੇ ਸਰਕਾਰ ਪੂਰਾ ਖੇਤੀ ਬਾਜ਼ਾਰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣਾ ਚਾਹੁੰਦੀ ਹੈ, ਜਿਸ ਨਾਲ ਬੀਜ ਕਿਸਾਨੀ ਦੀ ਪਹੁੰਚ ਤੋਂ ਬਾਹਰ ਹੋ ਜਾਵੇਗਾ।ਪ੍ਰਾਈਵੇਟ ਬੀਜ ਕੰਪਨੀਆਂ ਖੇਤੀ ਖੋਜ ਅਤੇ ਵਪਾਰ ਉੱਪਰ ਕਾਬਜ਼ ਹੋ ਕੇ ਕਿਸਾਨੀ ਦੀ ਅੰਨ੍ਹੇਵਾਹ ਲੁੱਟ ਕਰਨਗੀਆਂ।ਪੰਜਾਬ ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਵੇਚਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਆਗੂਆਂ ਨੇ ਮੰਗ ਕੀਤੀ ਕਿ ਸਰਕਾਰ ਇਹ ਫੈਸਲੇ ਤੁਰੰਤ ਵਾਪਸ ਲਵੇ ਨਹੀਂ ਤਾਂ ਵੱਡੇ ਲੋਕ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।ਮੀਟਿੰਗ ਵੱਲੋਂ ਕੇਂਦਰ ਸਰਕਾਰ ਵੱਲੋਂ ਮਜ਼ਦੂਰਾਂ ਤੇ ਮੁਲਾਜ਼ਮਾ ਉੱਪਰ ਠੋਸੇ ਜਾ ਰਹੇ ਚਾਰ ਲੇਬਰ ਕੋਡ ਜੋ ਕਿ ਮਜ਼ਦੂਰਾਂ ਦੇ ਹੱਕ ਤੇ ਹਕੂਕ ਖਤਮ ਕਰਨ ਵਾਲੇ ਹਨ, ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ।ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਬਿਜਲੀ ਬਿੱਲ ਪਾਰਲੀਮੈਂਟ ਵਿੱਚ ਪੇਸ਼ ਹੋਣ ਤੋਂ ਅਗਲੇ ਦਿਨ ਬਠਿੰਡਾ ਜ਼ਿਲ੍ਹਾ ਵਿੱਚ ਪੈਂਦੇ ਚਾਰ ਟੋਲ ਪਲਾਜੇ ਬੱਲੂਆਣਾ, ਜੀਦਾ, ਲਹਿਰਾ ਬੇਗਾ ਤੇ ਸ਼ੇਖਪੁਰਾ 12 ਤੋਂ 3 ਵਜੇ ਤੱਕ ਫਰੀ ਕੀਤੇ ਜਾਣਗੇ।30 ਤੇ 31 ਦਸੰਬਰ ਨੂੰ ਪੂਰੇ ਜ਼ਿਲ੍ਹੇ ਵਿੱਚ ਪਿੰਡ ਪਿੰਡ ਝੰਡਾ ਮਾਰਚ, ਮੀਟਿੰਗਾਂ ਤੇ ਰੈਲੀਆਂ ਕੀਤੀਆਂ ਜਾਣਗੀਆਂ, ਜਿਸ ਦੀ ਤਿਆਰੀ ਲਈ 26 ਦਸੰਬਰ ਨੂੰ ਜ਼ਿਲ੍ਹਾ ਪੱਧਰੀ ਮੀਟਿੰਗ ਟੀਚਰ ਹੋਮ ਬਠਿੰਡਾ ਵਿਖੇ ਹੋਵੇਗੀ।16 ਜਨਵਰੀ ਨੂੰ ਐੱਸ ਈ ਦਫ਼ਤਰ ਬਠਿੰਡਾ ਵਿਖੇ ਵਿਸ਼ਾਲ ਰੋਸ ਮੁਜਾਹਰਾ ਕੀਤਾ ਜਾਵੇਗਾ।ਮੀਟਿੰਗ ਨੂੰ ਹਰਜਿੰਦਰ ਸਿੰਘ ਬੱਗੀ (ਸੂਬਾ ਆਗੂ) ਤੇ ਜਗਸੀਰ ਸਿੰਘ ਝੁੰਬਾ ਬੀਕੇਯੂ ਉਗਰਾਹਾਂ, ਬਲਦੇਵ ਸਿੰਘ ਭਾਈ ਰੂਪਾ (ਸੂਬਾ ਮੀਤ ਪ੍ਰਧਾਨ) ਤੇ ਰਾਜ ਮਹਿੰਦਰ ਸਿੰਘ ਕੋਟਭਾਰਾ ਬੀਕੇਯੂ ਡਕੌਂਦਾ (ਬੁਰਜ ਗਿੱਲ), ਗੁਰਦੀਪ ਸਿੰਘ ਰਾਮਪੁਰਾ (ਸੂਬਾ ਮੀਤ ਪ੍ਰਧਾਨ) ਤੇ ਹਰਵਿੰਦਰ ਸਿੰਘ ਕੋਟਲੀ ਬੀਕੇਯੂ ਡਕੌਂਦਾ (ਧਨੇਰ), ਬਲਵਿੰਦਰ ਸਿੰਘ ਗੰਗਾ ਸੂਬਾ ਮੀਤ ਪ੍ਰਧਾਨ ਬੀਕੇਯੂ ਮਾਨਸਾ, ਜਗਜੀਤ ਸਿੰਘ ਕੋਟ ਸਮੀਰ ਸੂਬਾ ਆਗੂ ਬੀਕੇਯੂ ਮਾਲਵਾ, ਸੁਖਮੰਦਰ ਸਿੰਘ ਜਲਾਲ ਜ਼ਿਲ੍ਹਾ ਪ੍ਰਧਾਨ ਬੀਕੇਯੂ ਲੱਖੋਵਾਲ, ਸੁਖਮੰਦਰ ਸਿੰਘ ਧਾਲੀਵਾਲ ਜ਼ਿਲ੍ਹਾ ਪ੍ਰਧਾਨ ਜਮਹੂਰੀ ਕਿਸਾਨ ਸਭਾ, ਦਰਸ਼ਨ ਸਿੰਘ ਫੁੱਲੋ ਮਿੱਠੀ ਜ਼ਿਲ੍ਹਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ, ਬਖਸ਼ੀਸ ਸਿੰਘ ਖਾਲਸਾ ਜ਼ਿਲ੍ਹਾ ਆਗੂ ਕਿਰਤੀ ਕਿਸਾਨ ਯੂਨੀਅਨ, ਜੋਰਾ ਸਿੰਘ ਨਸਰਾਲੀ ਸੂਬਾ ਪ੍ਰਧਾਨ ਖੇਤ ਮਜ਼ਦੂਰ ਯੂਨੀਅਨ, ਕਾ. ਅਮੀ ਲਾਲ ਜ਼ਿਲ੍ਹਾ ਪ੍ਰਧਾਨ ਮਜ਼ਦੂਰ ਮੁਕਤੀ ਮੋਰਚਾ, ਮਿੱਠੂ ਸਿੰਘ ਘੁੱਦਾ ਜ਼ਿਲ੍ਹਾ ਆਗੂ ਪੰਜਾਬ ਖੇਤ ਮਜ਼ਦੂਰ ਸਭਾ, ਅਮਰੀਕ ਸਿੰਘ ਜ਼ਿਲ੍ਹਾ ਆਗੂ ਦਿਹਾਤੀ ਮਜ਼ਦੂਰ ਸਭਾ, ਜਸਪਾਲ ਸਿੰਘ ਬੰਗੀ ਸੂਬਾ ਪ੍ਰਧਾਨ ਡੀਟੀਐੱਫ, ਮੁਲਾਜ਼ਮ ਆਗੂ ਸਿਕੰਦਰ ਸਿੰਘ ਧਾਲੀਵਾਲ, ਬਿੰਦਰ ਸਿੰਘ ਸੂਬਾ ਆਗੂ ਪੀਐੱਸਯੂ ਸ਼ਹੀਦ ਰੰਧਾਵਾ, ਬਲਕਾਰ ਸਿੰਘ ਸੂਬਾ ਆਗੂ ਪੀਆਰਟੀਸੀ ਠੇਕਾ ਮੁਲਾਜ਼ਮ ਯੂਨੀਅਨ, ਰੇਸ਼ਮ ਕੁਮਾਰ ਜ਼ਿਲ੍ਹਾ ਪ੍ਰਧਾਨ ਪੰਜਾਬ ਟੈਕਨੀਕਲ ਸਰਵਿਸ ਯੂਨੀਅਨ, ਜਗਸੀਰ ਸਿੰਘ ਭੰਗੂ ਸੂਬਾ ਆਗੂ ਮੁਲਾਜ਼ਮ ਯੂਨੀਅਨ, ਲਖਵਿੰਦਰ ਸਿੰਘ ਜਲ ਸਪਲਾਈ ਯੂਨੀਅਨ, ਠੇਕਾ ਮੁਲਾਜ਼ਮ ਆਗੂ ਜਗਰੂਪ ਸਿੰਘ, ਵੇਰਕਾ ਮੁਲਾਜ਼ਮਾਂ ਦੇ ਆਗੂ, ਕਿਸਾਨ ਆਗੂ ਮਲਕੀਤ ਸਿੰਘ, ਜਗਦੇਵ ਸਿੰਘ ਜੋਗੇਵਾਲਾ, ਜਸਵੀਰ ਸਿੰਘ, ਕਰਮ ਸਿੰਘ ਭਾਈ ਰੂਪਾ ਤੇ ਹੋਰ ਬਹੁਤ ਸਾਰੀਆਂ ਵੱਖ ਵੱਖ ਖੇਤਰਾਂ ਦੀਆਂ ਜਥੇਬੰਦੀਆਂ ਦੇ ਆਗੂਆਂ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ। ਮੀਟਿੰਗ ਵਿੱਚ ਮਤਾ ਪਾ ਕੇ ਪਿਛਲੇ ਦਿਨੀ ਰਾਜਸਥਾਨ ਦੇ ਹਨੂੰਮਾਨਗੜ੍ਹ ਜ਼ਿਲ੍ਹੇ ਵਿੱਚ ਇਥਾਨੋਲ ਪ੍ਰੋਜੈਕਟ ਦਾ ਵਿਰੋਧ ਕਰ ਰਹੇ ਲੋਕਾਂ ਉੱਪਰ ਸਰਕਾਰੀ ਜਬਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਪੰਜਾਬ ਸਰਕਾਰ ਦੁਆਰਾ ਪੀ ਆਰ ਟੀ ਸੀ ਦੇ ਠੇਕਾ ਮੁਲਾਜ਼ਮਾਂ ਉੱਪਰ ਦਰਜ ਕੀਤੇ ਗਏ ਕੇਸ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ ਤੇ ਗ੍ਰਿਫਤਾਰ ਕੀਤੇ ਗਏ ਮੁਲਾਜ਼ਮਾਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਵੀ ਕੀਤੀ ਗਈ।

# ਹਜ਼ਾਰਾਂ ਨਮ ਅੱਖਾਂ ਨੇ ਦਿੱਤੀ ਵਿੱਛੜੇ ਅਧਿਆਪਕ ਸਾਥੀਆਂ ਨੂੰ ਅੰਤਮ ਵਿਦਾਇਗੀ

**ਹਾਦਸੇ 'ਚ ਮਾਰੇ ਗਏ ਅਧਿਆਪਕ ਜੋੜੇ ਦੇ ਪਰਿਵਾਰ ਨੂੰ 2-2 ਕਰੋੜ ਤੇ ਮੂਨਕ ਵਿਖੇ ਫੱਟੜ ਹੋਈ ਅਧਿਆਪਕਾਂ ਨੂੰ 20 ਲੱਖ ਮੁਆਵਜ਼ਾ ਦੇਣ ਦੀ ਮੰਗ**



**ਮੋਗਾ (ਇਕਬਾਲ ਸਿੰਘ ਖਹਿਰਾ)**-ਬੀਤੇ ਦਿਨੀਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀ ਚੋਣ ਡਿਊਟੀ 'ਤੇ ਜਾ ਰਹੇ ਮੋਗਾ ਜ਼ਿਲ੍ਹੇ ਦੇ ਪਿੰਡ ਸੰਗਤਪੁਰਾ ਕੋਲ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ (ਵਾਸੀ ਧੂੜਕੋਟ ਰਣਸੀਂਹ, ਪੱਕੇ ਨਿਵਾਸੀ ਮਾਨਸਾ) ਤੇ ਉਨ੍ਹਾਂ ਦੀ ਪਤਨੀ ਕਮਲਜੀਤ ਕੌਰ ਦੀ ਸੰਘਣੀ ਧੁੰਦ ਕਾਰਨ ਕਾਰ ਸੂਏ ਦੇ ਪਾਣੀ ਵਿੱਚ ਡਿੱਗਣ ਕਾਰਨ ਮੌਕੇ 'ਤੇ ਬੇਵਕਤੀ ਮੌਤ ਹੋ ਗਈ। ਉਨ੍ਹਾਂ ਅੱਜ ਹਜ਼ਾਰਾਂ ਨਮ ਅੱਖਾਂ ਨੇ ਅੰਤਿਮ ਵਿਦਾਇਗੀ ਦਿੱਤੀ। ਇਸੇ ਤਰ੍ਹਾਂ ਰਾਜਵੀਰ ਕੌਰ ਐਸੋਸੀਏਟ ਅਧਿਆਪਕ, ਜੋ ਆਪਣੀ ਚੋਣ ਡਿਊਟੀ ਕਰਨ ਲਈ ਆਪਣੇ ਪਤੀ ਮਲਕੀਤ ਸਿੰਘ ਨਾਲ ਜਾ ਰਹੇ ਸਨ, ਉਨ੍ਹਾਂ ਦੀ ਗੱਡੀ ਵੀ ਸੁੱਕੇ ਸੂਏ ਵਿੱਚ ਜਾ ਡਿੱਗੀ, ਜਿਸ ਕਾਰਨ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ ਤੇ ਪਟਿਆਲਾ ਵਿਖੇ ਜ਼ੇਰੇ ਇਲਾਜ ਹਨ।ਇਸੇ ਤਰ੍ਹਾਂ ਹੋਰ ਵੀ ਘਟਨਾਵਾਂ ਸਾਹਮਣੇ ਆਈਆਂ ਹਨ।

ਮੋਗਾ ਵਿਖੇ ਅਧਿਆਪਕ ਜੋੜੇ ਦੀ ਹੋਈ ਦਰਦਨਾਕ ਮੌਤ ਤੇ ਚੋਣ ਡਿਊਟੀਆਂ ਦੌਰਾਨ ਵਾਪਰੇ ਬਾਕੀ ਗੰਭੀਰ ਮਾਮਲਿਆਂ ਦੇ ਰੋਸ ਵਜੋਂ ਪੰਜਾਬ ਦੀਆਂ 15 ਪ੍ਰਮੁੱਖ ਅਧਿਆਪਕ ਜਥੇਬੰਦੀਆਂ ਨੇ ਹੰਗਾਮੀ ਆਨ ਲਾਈਨ ਮੀਟਿੰਗ ਕਰਕੇ ਪੰਜਾਬ ਸਰਕਾਰ ਤੇ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਕੀਤੀਆਂ ਧੱਕੇਸ਼ਾਹੀ ਖਿਲਾਫ ਇਕਜੁੱਟ ਹੋ ਕੇ ਸੰਘਰਸ਼ ਛੇੜਨ ਦਾ ਐਲਾਨ ਕੀਤਾ ਹੈ।ਸਮੂਹ ਜਥੇਬੰਦੀਆਂ ਵੱਲੋਂ 16 ਦਸੰਬਰ ਨੂੰ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਅੱਗੇ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਤੇ ਚੋਣ ਕਮਿਸ਼ਨ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਹੈ।ਸਮੂਹ ਅਧਿਆਪਕ ਜਥੇਬੰਦੀਆਂ ਵੱਲੋਂ ਮੋਗੇ ਵਿਖੇ ਹਾਦਸੇ ਵਿੱਚ ਮਾਰੇ ਗਏ ਦੋਵੇਂ ਅਧਿਆਪਕਾਂ ਦੇ ਪਰਿਵਾਰ ਨੂੰ 2-2 ਕਰੋੜ ਰੁਪਏ ਮੁਆਵਜ਼ਾ ਤੁਰੰਤ ਜਾਰੀ ਕਰਨ, ਉਨ੍ਹਾਂ ਦੇ ਬੱਚਿਆਂ ਲਈ ਪੜ੍ਹਾਈ ਪੂਰੀ ਕਰਨ ਤੱਕ ਦਾ ਸਾਰਾ ਖਰਚ ਉਠਾਉਣ ਤੇ ਬੱਚਿਆਂ ਦੇ ਬਾਲਗ ਹੋਣ 'ਤੇ ਨੌਕਰੀ ਦਾ ਪ੍ਰਬੰਧ ਕਰਨ, ਮੂਣਕ ਹਾਦਸੇ ਵਿੱਚ ਜ਼ਖਮੀ ਹੋਈ ਅਧਿਆਪਕਾ ਰਾਜਵੀਰ ਕੌਰ ਦੇ ਇਲਾਜ ਦਾ ਸਾਰਾ ਖਰਚ ਉਠਾਉਣ ਦੇਣ ਦੇ ਨਾਲ 20 ਲੱਖ ਰੁਪਏ ਮੁਆਵਜ਼ਾ ਰਾਸ਼ੀ ਦੇਣ ਅਤੇ ਠੀਕ ਹੋਣ ਤੱਕ ਡਿਊਟੀ 'ਤੇ ਹਾਜ਼ਰ ਮੰਨਿਆ ਦੀ ਮੰਗ ਰੱਖੀ ਗਈ।

ਇਸ ਮੌਕੇ ਵੱਖ ਵੱਖ ਜਥੇਬੰਦੀਆਂ ਦੇ ਸੂਬਾਈ ਆਗੂਆਂ ਦਿਗਵਿਜੈਪਾਲ ਸ਼ਰਮਾ, ਵਿਕਰਮਦੇਵ ਸਿੰਘ ਸੁਖਵਿੰਦਰ ਚਾਹਲ, ਨਵਪ੍ਰੀਤ ਬੱਲੀ, ਬਲਜਿੰਦਰ ਸਿੰਘ ਧਾਲੀਵਾਲ, ਹਰਜਿੰਦਰਪਾਲ ਪੰਨੂ, ਲੱਛਮਣ ਸਿੰਘ ਨਬੀਪੁਰ, ਸੁਰਿੰਦਰ ਪੁਆਰੀ, ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਦੀਪਕ ਕੰਬੋਜ, ਹਰਜੰਟ ਸਿੰਘ, ਹਰਜਿੰਦਰ ਸਿੰਘ, ਪਤਵੰਤ ਸਿੰਘ, ਸੰਦੀਪ ਗਿੱਲ ਅਤੇ ਗੁਰਮੇਲ ਕੁਲਰੀਆਂ ਸ਼ਾਮਲ ਸਨ, ਇਨ੍ਹਾਂ ਤੋਂ ਇਲਾਵਾ ਰੇਸ਼ਮ ਬਠਿੰਡਾ, ਗੁਰਵਿੰਦਰ ਸਿੰਘ ਸਸਕੌਰ, ਮਹਿੰਦਰ ਕੌੜਿਆਂ ਵਾਲੀ, ਗੁਰਮੀਤ ਸਿੰਘ ਭੁੱਲਰ, ਕਿਸ਼ਨ ਸਿੰਘ ਦੁਗਾ, ਸੁਰਿੰਦਰ ਕੰਬੋਜ, ਸੁਖਵਿੰਦਰ ਸਿੰਘ ਸੁੱਖੀ, ਸ਼ਲਿੰਦਰ ਕੰਬੋਜ, ਹਰਮਨ ਪ੍ਰੀਤ ਸਿੰਘ ਤੇ ਹੋਰ ਆਗੂ ਸ਼ਾਮਲ ਰਹੇ।

# ਸੰਸਦ 'ਚ ਬਿਜਲੀ ਬਿੱਲ ਪੇਸ਼ ਕਰਨ ਦੇ ਅਗਲੇ ਹੀ ਦਿਨ 3 ਘੰਟੇ ਲਈ ਰੇਲਾਂ ਜਾਮ ਤੇ ਟੋਲ ਪਲਾਜ਼ੇ ਫ੍ਰੀ ਕੀਤੇ ਜਾਣਗੇ : ਹਰਿੰਦਰ ਸਿੰਘ ਲੱਖੋਵਾਲ

**ਬਿਜਲੀ ਸੋਧ ਬਿੱਲ, ਬੀਜ ਬਿੱਲ 2025 ਵਿਰੁੱਧ, ਨਿੱਜੀਕਰਨ ਤੇ ਚਾਰ ਲੇਬਰ ਕੋਡ ਵਿਰੁੱਧ ਵਿਸ਼ਾਲ ਜਨਤਕ ਲਾਮਬੰਦੀ ਦਾ ਬੱਝਾ ਮੁੱਢ**



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਹੋਈ ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਨੇ ਦੱਸਿਆ ਕਿ ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਜਰਨਲ ਸਕੱਤਰ ਰਵਿੰਦਰ ਸਿੰਘ ਭੋਲਾ ਨੇ ਚਲਾਈ ਅੱਜ ਦੀ ਮਹੀਨਾਵਾਰ ਮੀਟਿੰਗ ਵਿੱਚ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ, ਸੂਬਾ ਮੀਤ ਪ੍ਰਧਾਨ ਮੋਹਨ ਸਿੰਘ ਜੀਂਦੜਾਂ, ਸੂਬਾ ਮੀਤ ਪ੍ਰਧਾਨ ਸੂਰਤ ਸਿੰਘ ਕਾਦਰ ਵਾਲਾ, ਸੂਬਾ ਮੀਤ ਪ੍ਰਧਾਨ ਜਰਨੈਲ ਸਿੰਘ, ਐਗਜ਼ੈਕਟਿਵ ਮੈਂਬਰ ਗੁਰਜੰਟ ਸਿੰਘ ਗਗੜਾ, ਮੰਦਰਜੀਤ ਸਿੰਘ ਮਨਾਵਾਂ, ਸੂਬਾ ਆਗੂ ਗੁਲਜ਼ਾਰ ਸਿੰਘ ਘੱਲ ਕਲਾਂ, ਸੂਬਾ ਆਗੂ ਮੁਖਤਿਆਰ ਸਿੰਘ ਦੀਨਾ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਸੰਬੋਧਨ ਕਰਦੇ ਹੋਏ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ, ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਤੇ ਸਮੂਹ ਆਗੂਆਂ ਨੇ ਬਿਜਲੀ ਬਿੱਲ 2025 ਤੇ ਬੀਜ ਬਿੱਲ 2025 ਨੂੰ ਵਾਪਸ ਲੈਣ, ਜਨਤਕ ਖੇਤਰ ਦੇ ਨਿੱਜੀਕਰਨ ਅਤੇ ਸਰਕਾਰੀ ਤੇ ਜਨਤਕ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਵਿਰੁੱਧ ਤੇ ਚਾਰ ਲੇਬਰ ਕੋਡ ਰੱਦ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਬੀ.ਕੇ.ਯੂ. ਲੱਖੋਵਾਲ ਦੇ ਆਗੂਆਂ ਨੂੰ ਇੱਕ ਵੱਡੀ ਜਨਤਕ ਲਾਮਬੰਦੀ ਕਰਦੇ ਹੋਏ ਸੰਘਰਸ਼ ਤੇਜ਼ ਕਰਨ ਦਾ ਮੁੱਢ ਬੰਨ੍ਹ ਦਿੱਤਾ।

ਮੀਟਿੰਗ 'ਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਉਲੀਕੇ ਗਏ ਪ੍ਰੋਗਰਾਮਾਂ ਨੂੰ ਅਮਲ ਵਿੱਚ ਲਿਆਉਣ ਲਈ ਵਿਚਾਰਾਂ ਕੀਤੀਆਂ ਤੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ 2025 ਸੰਸਦ 'ਚ ਪੇਸ਼ ਕਰਨ ਤੋਂ ਅਗਲੇ ਦਿਨ ਸੂਬੇ ਭਰ ਵਿੱਚ ਕਾਲਾ ਦਿਨ ਮਨਾਇਆ ਜਾਵੇਗਾ।ਉਸ ਦਿਨ ਸੂਬੇ ਭਰ 'ਚ 12 ਤੋਂ 3 ਵਜੇ ਤੱਕ ਤਿੰਨ ਘੰਟਿਆਂ ਲਈ ਰੇਲਾਂ ਦਾ ਚੱਕਾ ਜਾਮ ਕਰਨ ਦੇ ਨਾਲ ਨਾਲ ਟੋਲ ਪਲਾਜੇ ਫ੍ਰੀ ਕੀਤੇ ਜਾਣਗੇ। ਬਿਜਲੀ ਮੁਲਾਜ਼ਮ ਤੇ ਅਧਿਆਪਕ ਜਥੇਬੰਦੀਆਂ ਸਮੇਤ ਕਈ ਮੁਲਾਜ਼ਮ ਜਥੇਬੰਦੀਆਂ ਕਾਲੇ ਬਿੱਲੇ ਤੇ ਕਾਲੇ ਕੱਪੜੇ ਪਾ ਕੇ ਐੱਸ ਕੇ ਐੱਮ ਦੇ ਦਿਸ਼ਾ ਨਿਰਦੇਸ਼ ਅਨੁਸਾਰ ਗੇਟ ਰੈਲੀਆਂ ਕਰਨਗੀਆਂ, ਜਿਸ ਵਿਚ ਬੀ.ਕੇ.ਯੂ. ਲੱਖੋਵਾਲ ਖੁੱਲ੍ਹਾ ਸਮਰਥਨ ਕਰੇਗੀ।ਇਨ੍ਹਾਂ ਪ੍ਰੋਗਰਾਮਾਂ ਦੀ ਸਫਲਤਾ ਲਈ ਵੱਖ ਵੱਖ ਜ਼ਿਲ੍ਹਿਆਂ ਵਿੱਚ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ। ਮੀਟਿੰਗ 'ਚ ਕੇਂਦਰ ਸਰਕਾਰ ਵੱਲੋਂ ਬਿਜਲੀ ਨੂੰ ਜਨਤਕ ਸੇਵਾ ਦੀ ਥਾਂ ਮੰਡੀ ਦੀ ਵਸਤੂ ਬਣਾਉਣ ਦੇ ਇਰਾਦੇ ਨਾਲ ਲਿਆਂਦੇ ਜਾ ਰਹੇ ਬਿਜਲੀ ਬਿੱਲ 2025 ਨੂੰ ਆਮ ਲੋਕਾਂ ਵਿਰੁੱਧ ਮੋਦੀ ਸਰਕਾਰ ਵੱਲੋਂ ਵਿੱਢੇ ਕਾਰਪੋਰੇਟ ਪੱਖੀ ਹਮਲੇ ਦੀ ਅਗਲੀ ਕੜੀ ਵਜੋਂ ਸਮਝਦਿਆਂ ਇਸ ਨੂੰ ਵਾਪਸ ਕਰਵਾਉਣ ਲਈ ਜਨਤਕ ਲਾਮਬੰਦੀ ਕਰਕੇ ਘਰ ਘਰ ਸੰਘਰਸ਼ ਦਾ ਸੁਨੇਹਾ ਦੇਣ ਦਾ ਪ੍ਰੋਗਰਾਮ ਉਲੀਕਿਆ ਹੈ, ਜਿਸ ਤਹਿਤ ਦੋ ਵਰਕੀ ਵੰਡਣ ਤੋਂ ਇਲਾਵਾ 28 ਦਸੰਬਰ ਤੋਂ 4 ਜਨਵਰੀ ਤੱਕ ਪਿੰਡਾਂ ਕਸਬਿਆਂ ਤੇ ਸ਼ਹਿਰਾਂ 'ਚ ਮੋਟਰਸਾਈਕਲ ਮਾਰਚ, ਝੰਡਾ ਤੇ ਢੋਲ ਮਾਰਚ ਜਾਗੋ, ਰੈਲੀਆਂ ਤੇ ਮੁਜ਼ਾਹਰੇ ਕਰਕੇ ਜਨਤਕ ਮੁਹਿੰਮ ਭਖਾਉਣ ਦਾ ਸੱਦਾ ਦੇਣ ਦੇ ਨਾਲ ਨਾਲ 16 ਜਨਵਰੀ ਨੂੰ ਬਿਜਲੀ ਵਿਭਾਗ ਦੇ ਐੱਸ. ਈ. ਦਫਤਰਾਂ ਉੱਪਰ ਇੱਕ ਦਿਨ ਦੇ ਵਿਸ਼ਾਲ ਧਰਨੇ ਦੇਣ ਦਾ ਐਲਾਨ ਵੀ ਕੀਤਾ ਹੈ।ਮੀਟਿੰਗ ਵਿੱਚ ਚਾਰ ਲੇਬਰ ਕੋਡ ਰੱਦ ਕਰਨ, ਸਰਕਾਰੀ ਤੇ ਜਨਤਕ ਅਦਾਰਿਆਂ ਦੀਆਂ ਜ਼ਮੀਨਾਂ ਵੇਚਣ ਵਿਰੁੱਧ ਵੀ ਆਵਾਜ਼ ਚੁੱਕਣ ਦਾ ਫੈਸਲਾ ਕੀਤਾ ਗਿਆ।ਪੰਜਾਬ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ ਤੇ ਬੀਜ ਬਿਲ 2025 ਵਿਰੁੱਧ ਧਾਰੀ ਚੁੱਪ ਨੂੰ ਆੜੇ ਹੱਥੀਂ ਲੈਂਦਿਆਂ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਪੰਜਾਬ ਸਰਕਾਰ ਦੀ ਚੁੱਪ ਨੂੰ ਕੇਂਦਰ ਸਰਕਾਰ ਦੇ ਕਾਰਪੋਰੇਟ ਪੱਖੀ ਲੋਕ ਵਿਰੋਧੀ ਕਦਮਾਂ ਦੀ ਪੈੜ 'ਚ ਪੈਰ ਧਰਨ ਦੇ ਸਮਾਨ ਕਦਮ ਕਰਾਰ ਦਿੱਤਾ। ਇਸ ਸਮੇਂ ਬਲਾਕ ਪ੍ਰਧਾਨ ਜਸਵੰਤ ਸਿੰਘ ਪੰਡੋਰੀ, ਬਲਾਕ ਪ੍ਰਧਾਨ ਸੁਖਵੀਤ ਸਿੰਘ, ਬਲਾਕ ਪ੍ਰਧਾਨ ਸਤਿੰਦਰ ਪਾਲ ਸਿੰਘ ਧਾਲੀਵਾਲ, ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ, ਜਸਵੀਰ ਸਿੰਘ ਬੱਧਨੀ, ਇਕਬਾਲ ਸਿੰਘ ਗਲੋਟੀ ਸਰਪੰਚ, ਪ੍ਰੇਮ ਲਾਲ ਪੁਰੀ ਦੌਲਤਪੁਰਾ, ਜਗਤਾਰ ਸਿੰਘ ਚੋਟੀਆਂ ਖੁਰਦ, ਸੁਖਦੇਵ ਸਿੰਘ, ਜਗਮੋਹਣ ਸਿੰਘ ਮੋਗਾ, ਬਲਦੇਵ ਸਿੰਘ, ਮੇਜਰ ਸਿੰਘ ਹਰਦੀਪ ਸਿੰਘ, ਬੂਟਾ ਸਿੰਘ ਪੰਡੋਰੀ, ਕਰਨਵੀਰ ਸਿੰਘ ਬਲਾਕ ਜਨਰਲ ਸਕੱਤਰ, ਲਖਬੀਰ ਸਿੰਘ ਸੰਧੂ ਸਰਪੰਚ, ਹਰਜੀਤ ਸਿੰਘ ਮਨਾਵਾਂ, ਜਗਸੀਰ ਸਿੰਘ ਜੱਗੀ ਮੀਤ ਪ੍ਰਧਾਨ ਬਾਘਾ ਪੁਰਾਣਾ, ਕੁੰਡਾ ਸਿੰਘ, ਜਸਵੰਤ ਸਿੰਘ, ਹਰਦੀਪ ਸਿੰਘ ਭਲੂਰ, ਜਸਵੀਰ ਸਿੰਘ ਚੋਟੀਆਂ, ਰਾਮਪਾਲ ਸਿੰਘ, ਬਲਦੇਵ ਸਿੰਘ, ਜਸਵੀਰ ਸਿੰਘ ਆਦਿ ਬਹੁਤ ਵੱਡੀ ਗਿਣਤੀ ਕਿਸਾਨ ਆਗੂ ਹਾਜ਼ਰ ਸਨ।

# ਅਗਰਵਾਲ ਸਭਾ ਦੇ ਅਹੁਦੇਦਾਰਾਂ ਸ੍ਰੀ ਭਾਗਵਤ ਕਥਾ 'ਚ ਲਵਾਈ ਹਾਜ਼ਰੀ

*ਕਥਾ ਵਾਚਕ ਤੇ ਉਨ੍ਹਾਂ ਦੀ ਟੀਮ ਨੂੰ ਕੀਤਾ ਸਨਮਾਨਤ*



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਮੁਕਤਸਰ ਸਾਹਿਬ ਦੇ ਥਾਂਦੇਵਾਲਾ ਰੋਡ ਸਥਿਤ ਸ੍ਰੀ ਬਾਲਾ ਜੀ ਮੰਦਰ ਵਿਖੇ ਸ੍ਰੀਭਾਗਵਤ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿੱਥੇ ਵੱਡੀ ਗਿਣਤੀ 'ਚ ਸ਼ਰਧਾਲੂਆਂ ਵੱਲੋਂ ਆਪਣੀਆਂ ਹਾਜ਼ਰੀਆਂ ਲਗਾ ਕੇ ਕਥਾ ਦਾ ਆਨੰਦ ਮਾਣਦੇ ਹੋਏ ਪ੍ਰਵਚਨਾਂ ਦੇ ਸਾਗਰ 'ਚ ਡੁਬਕੀਆਂ ਲਗਾਈਆਂ ਜਾ ਰਹੀਆਂ ਹਨ।ਇਸੇ ਲੜੀ ਤਹਿਤ ਅਗਵਾਲ ਸਭਾ ਸ੍ਰੀ ਮੁਕਤਸਰ ਸਾਹਿਬ ਦੇ ਸ਼ਹਿਰੀ ਪ੍ਰਧਾਨ ਤਰਸੇਮ ਗੋਇਲ ਨੇ ਆਪਣੀ ਹਾਜ਼ਰੀ ਲਗਾਈ ਤੇ ਆਨੰਦਮਈ ਕਥਾ ਦਾ ਆਨੰਦ ਮਾਣਿਆ। ਇਸ ਮੌਕੇ ਪ੍ਰਧਾਨ ਤਰਸੇਮ ਗੋਇਲ ਨੇ ਕਥਾ ਵਾਚਕ ਤੇ ਉਨ੍ਹਾਂ ਦੀ ਟੀਮ ਨੂੰ ਸਨਮਾਨਤ ਕੀਤਾ।ਇਸ ਮੌਕੇ ਪ੍ਰਧਾਨ ਤਰਸੇਮ ਗੋਇਲ ਨੇ ਕਿਹਾ ਕਿ ਅਜਿਹੇ ਧਾਰਮਿਕ ਪ੍ਰੋਗਰਾਮ ਸਾਡੀ ਨੌਜਵਾਨ ਪੀੜ੍ਹੀ ਨੂੰ ਸਾਡੇ ਪੁਰਾਤਨ ਵਿਰਸੇ ਨਾਲ ਜੋੜ ਕੇ ਰੱਖਣ 'ਚ ਸਹਾਈ ਹੁੰਦੇ ਹਨ ਤੇ ਚੰਗਾ ਜੀਵਨ ਜਿਉਣ ਦੀ ਸੇਧ ਦਿੰਦੇ ਹਨ।ਇਸ ਮੌਕੇ ਉਨ੍ਹਾਂ ਨਾਲ ਸ਼ਾਮ ਲਾਲ ਗੋਇਲ, ਸੁਨੀਲ ਜੈਨ ਤੇ ਕੁਲਦੀਪ ਗੋਇਲ ਆਦਿ ਮੌਜੂਦ ਸਨ।ਇਸ ਮੌਕੇ ਮੰਦਰ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਅਗਰਵਾਲ ਸਭਾ ਦੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ।

# ਪੰਜਾਬੀ ਸਾਹਿਤ ਸਭਾ ਵੱਲੋਂ ਕੁਲਦੀਪ ਕੌਰ ਭੁੱਲਰ ਦਾ ਨਾਵਲ 'ਇਸਤਰੀ ਕਥਾ' ਲੋਕ ਅਰਪਣ

**ਸਾਹਿਤ ਸਭਾ ਤਿੰਨ ਪੀੜ੍ਹੀਆਂ ਦੇ ਕਲਮਕਾਰਾਂ ਦਾ ਉਸਾਰੂ ਪਲੇਟਫਾਰਮ : ਡਾ. ਆਸ਼ਟ**




**ਪਟਿਆਲਾ (ਪੱਤਰ ਪ੍ਰੇਰਕ)**-ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪਟਿਆਲਾ ਵਿਖੇ ਨਾਵਲਕਾਰ ਕੁਲਦੀਪ ਕੌਰ ਭੁੱਲਰ ਦੇ ਨਵੇਂ ਨਾਵਲ 'ਇਸਤਰੀ ਕਥਾ' ਦਾ ਲੋਕ ਅਰਪਣ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਡੀ.ਏ.ਵੀ. ਪਬਲਿਕ ਸਕੂਲ ਪਟਿਆਲਾ ਦੇ ਪ੍ਰਿੰਸੀਪਲ ਸ੍ਰੀ ਵਿਵੇਕ ਤਿਵਾਰੀ, ਉੱਘੇ ਸਮਾਜ ਸੇਵੀ ਸ੍ਰੀ ਭਗਵਾਨ ਦਾਸ ਗੁਪਤਾ, ਬੈਰਿਸਟਰ ਤੇ ਸੋਲਿਸਟਰ ਪਰਮਜੀਤ ਸਿੰਘ ਗਿੱਲ (ਕੈਨੇਡਾ), ਉੱਘੇ ਨਾਵਲਕਾਰ ਪਰਗਟ ਸਿੰਘ ਸਿੱਧੂ (ਬਰਨਾਲਾ), ਬਹੁਪੱਖੀ ਲੇਖਕ ਸੁਖਦੇਵ ਸਿੰਘ ਸ਼ਾਂਤ (ਅਮਰੀਕਾ), ਪ੍ਰੋ. ਹਰਜਸਪ੍ਰੀਤ ਕੌਰ ਗਿੱਲ (ਕੈਨੇਡਾ) ਤੇ ਹਰਪਾਲ ਸਿੰਘ ਸੇਵਕ (ਸ੍ਰੀ ਭੈਣੀ ਸਾਹਿਬ) ਸ਼ਾਮਲ ਹੋਏ।

ਸਮਾਗਮ ਦੇ ਆਰੰਭ ਵਿੱਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਦੇਸ਼-ਵਿਦੇਸ਼ ਤੋਂ ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਕੁਲਦੀਪ ਕੌਰ ਭੁੱਲਰ ਦੇ ਇਸ ਨਾਵਲ ਦੇ ਹਵਾਲੇ ਨਾਲ ਕਿਹਾ ਕਿ ਸਾਹਿਤ ਸਭਾ ਤਿੰਨ ਪੀੜ੍ਹੀਆਂ ਨੂੰ ਇਕ ਉਸਾਰੂ ਪਲੇਟਫਾਰਮ ਤੋਂ ਇਕੱਠਾ ਕਰਕੇ ਪਿਛਲੇ ਸੱਤ ਦਹਾਕਿਆਂ ਤੋਂ ਲਗਾਤਾਰ ਮਾਤ-ਭਾਸ਼ਾ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਵਿਚ ਸ਼ਿੱਦਤ ਨਾਲ ਯੋਗਦਾਨ ਪਾਉਂਦੀ ਆ ਰਹੀ ਹੈ। ਪ੍ਰਿੰਸੀਪਲ ਵਿਵੇਕ ਤਿਵਾਰੀ ਨੇ ਭੁੱਲਰ ਦੀ ਲੇਖਣੀ ਦਾ ਸਮਰਥਨ ਕਰਦਿਆਂ ਕਿਹਾ ਕਿ ਇਹ ਨਾਵਲ ਇਸਤਰੀ ਭਾਵਨਾਵਾਂ ਨੂੰ ਬਹੁਤ ਨੇੜਿਉਂ ਰੂਪਮਾਨ ਕਰਦਾ ਹੈ ਅਤੇ ਨਾਰੀ ਮਨ ਦੀ ਪਛਾਣ ਨੂੰ ਦ੍ਰਿੜ੍ਹ ਕਰਵਾਉਂਦਾ ਹੈ। ਹਰ ਪੱਖ ਤੋਂ ਭਰਵਾਂ ਸਹਿਯੋਗ ਦੇਣ ਵਾਲੇ ਸ੍ਰੀ ਭਗਵਾਨ ਦਾਸ ਗੁਪਤਾ ਦਾ ਕਹਿਣਾ ਸੀ ਕਿ ਸਾਹਿਤ ਸਭਾ ਦੇ ਅਜਿਹੇ ਸਮਾਗਮ ਸਾਹਿਤਕ ਸੰਤੁਲਨ ਬਰਕਰਾਰ ਰੱਖਦੇ ਹੋਏ ਸਮਾਜ ਨੂੰ ਨਿੱਗਰ ਸੇਧ ਦਿੰਦੇ ਹਨ। ਕੈਨੇਡਾ ਤੋਂ ਉਚੇਚੇ ਤੌਰ 'ਤੇ ਪਹੁੰਚੇ ਪਰਮਜੀਤ ਸਿੰਘ ਗਿੱਲ ਨੇ ਤਰੰਨੁਮ ਵਿੱਚ ਖ਼ੂਬਸੂਰਤ ਗ਼ਜ਼ਲ ਸਾਂਝੀ ਕਰਨ ਉਪਰੰਤ ਧਾਰਣਾ ਪ੍ਰਗਟ ਕੀਤੀ ਕਿ ਪੰਜਾਬੀ ਸਾਹਿਤ ਸਭਾ ਪਟਿਆਲਾ ਨੇ ਆਪਣੀ ਸਾਹਿਤਕ ਖ਼ੁਸ਼ਬੋਈ ਨਾਲ ਉਨ੍ਹਾਂ ਨੂੰ ਕੈਨੇਡਾ ਤੋਂ ਖਿੱਚ ਕੇ ਇਸ ਗੋਸ਼ਟੀ ਵਿੱਚ ਲਿਆ ਕੇ ਸਕੂਨ ਪ੍ਰਦਾਨ ਕੀਤਾ ਹੈ। ਪ੍ਰਸਿੱਧ ਨਾਵਲਕਾਰ ਪ੍ਰਗਟ ਸਿੰਘ ਸਿੱਧੂ ਦਾ ਮੱਤ ਸੀ ਕਿ ਭੁੱਲਰ ਨੂੰ ਔਰਤ ਦੀ ਮਨੋਵੇਦਨਾ ਤੇ ਯਥਾਰਥ ਨੂੰ ਪੇਸ਼ ਕਰਨ ਵਾਲੇ ਅਜਿਹੇ ਹੋਰ ਨਾਵਲਾਂ ਦੀ ਸਿਰਜਣਾ ਕਰਨੀ ਚਾਹੀਦੀ ਹੈ। ਪ੍ਰੋ. ਹਰਜਸਪ੍ਰੀਤ ਕੌਰ ਗਿੱਲ ਨੇ ਇਸ ਗੋਸ਼ਟੀ ਨੂੰ ਸਾਰਥਿਕ ਆਖਿਆ।

ਇਸ ਪੁਸਤਕ ਉੱਪਰ ਮੁੱਖ ਪੇਪਰ ਵਕਤਾ ਨਾਵਲਕਾਰ ਹਰਜੀਤ ਕੌਰ ਵਿਰਕ ਨੇ ਕਿਹਾ ਕਿ ਹੋਰ ਵਧੇਰੇ ਮਿਹਨਤ ਨਾਲ ਕੁਲਦੀਪ ਕੌਰ ਭੁੱਲਰ ਭਵਿੱਖ ਵਿੱਚ ਲਿਖੇ ਜਾਣ ਵਾਲੇ ਨਾਵਲਾਂ ਦੀ ਇੱਕ ਵਧੀਆ ਨਾਵਲਕਾਰ ਵਜੋਂ ਸਾਹਮਣੇ ਆਵੇਗੀ। ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਸਹਾਇਕ ਡਾਇਰੈਕਟਰ ਡਾ. ਹਰਨੇਕ ਸਿੰਘ ਢੋਟ, ਕੁਲਵਿੰਦਰ ਚਾਵਲਾ ਤੇ ਪਟੇਲ ਨਹਿਰੂ ਮੈਮੋਰੀਅਲ ਕਾਲਜਾ ਰਾਜਪੁਰਾ ਦੇ ਅਸਿਸਟੈਂਟ ਪ੍ਰੋਫੈਸਰ ਡਾ. ਸਵਰਨਜੀਤ ਕੌਰ ਨੇ ਵੱਖ ਵੱਖ ਨਜ਼ਰੀਏ ਤੋਂ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ। ਸਭਾ ਦੇ ਸਰਪ੍ਰਸਤ ਬਾਬੂ ਸਿੰਘ ਰੈਹਲ, ਜਨਰਲ ਸਕੱਤਰ ਦਵਿੰਦਰ ਪਟਿਆਲਵੀ ਤੋਂ ਇਲਾਵਾ ਬਲਬੀਰ ਸਿੰਘ ਦਿਲਦਾਰ ਤੇ ਨਵਦੀਪ ਸਿੰਘ ਮੁੰਡੀ ਨੇ ਵੀ ਚਰਚਾ ਨੂੰ ਅੱਗੇ ਤੋਰਿਆ। ਕੁਲਦੀਪ ਕੌਰ ਭੁੱਲਰ ਨੇ ਆਪਣੀ ਨਾਵਲ ਪ੍ਰਕਿਰਿਆ ਬਾਰੇ ਚਰਚਾ ਕਰਦਿਆਂ ਕਿਹਾ ਕਿ ਸਮੂਹ ਵਿਦਵਾਨਾਂ ਵੱਲੋਂ ਪ੍ਰਗਟਾਏ ਗਏ ਮੁੱਲਵਾਨ ਨੁਕਤੇ ਉਸ ਦੀ ਭਵਿੱਖ-ਮੁਖੀ ਲੇਖਣੀ ਨੂੰ ਨਿਖਾਰਨ ਲਈ ਪਥ-ਪ੍ਰਦਰਸ਼ਕ ਬਣਨਗੇ। ਗੋਸ਼ਟੀ ਦੇ ਦੂਜੇ ਦੌਰ ਵਿੱਚ ਡਾ. ਜੀ. ਐੱਸ. ਆਨੰਦ, ਮੈਡਮ ਅਨੂ ਤਿਵਾਰੀ, ਗੁਰਚਰਨ ਸਿੰਘ ਪੱਬਾਰਾਲੀ, ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਅੰਗਰੇਜ਼ ਸਿੰਘ ਕਕਰਾਲਾ, ਅਮਰ ਗਰਗ ਕਲਮਦਾਨ ਧੂਰੀ, ਨੈਬ ਸਿੰਘ ਬਦੇਸ਼ਾ, ਰਘਬੀਰ ਸਿੰਘ ਮਹਿਮੀ, ਸਾਬਕਾ ਡੀ.ਐੱਸ.ਪੀ. ਨਾਹਰ ਸਿੰਘ, ਮੋਹਨਜੀਤ ਸਿੰਘ, ਪ੍ਰਿੰ. ਗੁਰਨਾਮ ਸਿੰਘ ਜੱਜ, ਹਰਪ੍ਰੀਤ ਕੌਰ ਜੌਲੀ, ਵਿਜੈ ਕੁਮਾਰ, ਗੋਪਾਲ ਸਮਾਣਾ, ਗੁਰਧਿਆਨ ਸਿੰਘ ਗਿੱਲ, ਬਚਨ ਸਿੰਘ ਗੁਰਮ, ਕੈਪਟਨ ਚਮਕੌਰ ਸਿੰਘ ਚਹਿਲ, ਕਿਰਨ ਸਿੰਗਲਾ, ਜੱਗਾ ਸਿੰਘ ਰੰਗੂਵਾਲ, ਬਜਿੰਦਰ ਠਾਕੁਰ, ਅਜਾਇਬ ਰਾਜ, ਗੁਰਕੀਰਤ, ਰਾਜੇਸ਼ਵਰ ਕੁਮਾਰ ਆਦਿ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਇਸ ਸਮਾਗਮ 'ਚ ਡਾ. ਸੁਰਜੀਤ ਸਿੰਘ ਖੁਰਮਾ, ਕੁਲਦੀਪ ਸਿੰਘ ਭੁੱਲਰ, ਪ੍ਰੋ. ਐੱਮ ਪੀ ਸਿੰਘ, ਸਤਨਾਮ ਕੌਰ ਚੌਹਾਨ, ਸੁਖਮਨਦੀਪ ਸਿੰਘ, ਕਮਲ ਸੇਖੋਂ, ਸੁਖਦੇਵ ਸਿੰਘ ਚਹਿਲ, ਵਿਸ਼ਾਲ ਕੁਮਾਰ ਗੋਇਲ, ਗੁਰਪ੍ਰੀਤ ਡਿੰਪੀ ਪਟਿਆਲਾ, ਪ੍ਰੋ. ਜੇ. ਕੇ. ਮਿਗਲਾਨੀ, ਪ੍ਰੋਫੈਸਰ ਤਰਲੋਚਨ ਕੌਰ, ਜੋਗਾ ਸਿੰਘ ਧਨੌਲਾ, ਸਿਮਰਜੀਤ ਕੌਰ (ਯੂ.ਕੇ.), ਮੰਗਤ ਖ਼ਾਨ, ਜਸਲੀਨ ਸਿੰਘ ਸਿੱਧੂ, ਕਿਰਨਦੀਪ ਕੌਰ, ਗੁਰਪ੍ਰੀਤ ਸਿੰਘ, ਹਰਦੀਪ ਸੱਭਰਵਾਲ, ਰਾਕੇਸ਼ ਕੁਮਾਰ ਜਲੋਤਰਾ, ਸਤੀਸ਼ ਵਿਦਰੋਹੀ, ਸ਼ਾਮ ਸਿੰਘ ਰਾਗੀ, ਕੁਲਦੀਪ ਸਿੰਘ, ਕ੍ਰਿਸ਼ਨ ਲਾਲ ਧੀਮਾਨ, ਸੁਰਵਿੰਦਰ ਸਿੰਘ ਛਾਬੜਾ, ਗੁਰਿੰਦਰ ਸਿੰਘ ਸੇਠੀ, ਦਵਿੰਦਰ ਸਿੰਘ, ਚਰਨ ਸਿੰਘ ਬੰਬੀਹਾ ਭਾਈ, ਕਾਮਰੇਡ ਸੁਰਜੀਤ ਸਿੰਘ ਰਾਜੇਸ਼ ਕੋਟੀਆ, ਮੁਕੇਸ਼ ਆਦਿ ਸ਼ਾਮਲ ਸਨ। ਇਸ ਮੌਕੇ ਆਲੋਚਕ ਤੇ ਕਵੀ ਡਾ. ਗੁਰਮੀਤ ਸਿੰਘ ਕੱਲਰਮਾਜਰੀ ਵੱਲੋਂ ਆਪਣੀਆਂ ਦੋ ਕਾਵਿ-ਪੁਸਤਕਾਂ 'ਠੰਢੇ ਬੁਰਜ ਦਾ ਹਲਫੀਆ ਬਿਆਨ' ਤੇ 'ਜਿੱਥੇ ਬਾਬਾ ਪੈਰ ਧਰਿ' ਸਭਾ ਦੇ ਪ੍ਰਧਾਨ ਡਾ. ਆਸ਼ਟ ਨੂੰ ਭੇਟ ਕਰਨ ਉਪਰੰਤ ਸਮੁੱਚੇ ਮਹਿਮਾਨਾਂ ਨੂੰ ਵੀ ਪ੍ਰਦਾਨ ਕੀਤੀਆਂ। ਅੰਤ ਵਿੱਚ ਬਾਬੂ ਸਿੰਘ ਰੈਹਲ ਵੱਲੋਂ ਪੁੱਜੇ ਲੇਖਕਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਜਨਰਲ ਸਕੱਤਰ ਪਟਿਆਲਵੀ ਤੇ ਨਵਦੀਪ ਸਿੰਘ ਮੁੰਡੀ ਨੇ ਬਾਖ਼ੂਬੀ ਨਿਭਾਈ। ਮਹਿਮਾਨਾਂ ਦਾ ਸਨਮਾਨ ਵੀ ਕੀਤਾ ਗਿਆ।

# ਮਨਜ਼ੂਰਸ਼ੁਦਾ ਅੰਬੇਡਕਰ ਚੌਕ ਨੂੰ ਮੁੜ ਤੋਂ ਉਸਾਰਿਆ ਜਾਵੇ : ਢੋਸੀਵਾਲ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਰੀਬ ਤਿੰਨ ਦਹਾਕੇ ਤੋਂ ਵੱਧ ਸਮਾਂ ਪਹਿਲਾਂ ਸਥਾਨਕ ਨਗਰ ਕੌਂਸਲ ਨੇ ਮਲੋਟ ਰੋਡ ਸਥਿਤ ਮੇਨ ਬੱਸ ਸਟੈਂਡ ਦੇ ਸਾਹਮਣੇ ਡਾ. ਅੰਬੇਡਕਰ ਚੌਕ ਦੀ ਪ੍ਰਵਾਨਗੀ ਦਿੱਤੀ ਸੀ।ਪੰਜਾਬ ਦੇ ਉਸ ਵੇਲੇ ਦੇ ਸਵਰਗਵਾਸੀ ਮੁੱਖ ਮੰਤਰੀ ਸ੍ਰ: ਬੇਅੰਤ ਸਿੰਘ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਉਸ ਵੇਲੇ ਦੇ ਮੰਤਰੀ ਗੁਲਜਾਰ ਸਿੰਘ ਵੱਲੋਂ ਬਕਾਇਦਾ ਤੌਰ 'ਤੇ ਇਸ ਚੌਕ ਦਾ ਨੀਂਹ ਪੱਥਰ ਰੱਖਿਆ ਗਿਆ ਸੀ।ਇਹ ਚੌਕ ਬਣਨ ਨਾਲ ਸਮੂਹ ਸ਼ਹਿਰ ਨਿਵਾਸੀਆਂ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ ਸੀ।ਇਸੇ ਚੌਕ ਵਿੱਚ ਕੁਝ ਸਮੇਂ ਬਾਅਦ ਜ਼ਿਲ੍ਹੇ ਦੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਕਿਰਪਾ ਸ਼ੰਕਰ ਸਰੋਜ ਆਈ.ਏ.ਐੱਸ. ਨੇ ਸ਼ਾਨਦਾਰ ਸਤੰਭ ਦੀ ਉਸਾਰੀ ਕਰਵਾਈ ਸੀ।ਚੌਕ ਵਿੱਚ ਐੱਸ.ਸੀ./ਬੀ.ਸੀ. ਸਮਾਜ ਦੇ ਲੋਕਾਂ ਵੱਲੋਂ ਕਈ ਵਾਰ ਮੀਟਿੰਗਾਂ ਵੀ ਕੀਤੀਆਂ ਜਾਂਦੀਆਂ ਸਨ ਤੇ ਅੰਬੇਡਕਰ ਜਯੰਤੀ ਤੇ ਪ੍ਰੀ-ਨਿਰਵਾਣ ਦਿਵਸ ਮੌਕੇ ਇਥੇ ਇਕੱਠ ਕਰਕੇ ਡਾ: ਅੰਬੇਡਕਰ ਨੂੰ ਯਾਦ ਕੀਤਾ ਜਾਂਦਾ ਸੀ।ਕੁਝ ਸਮੇਂ ਬਾਅਦ ਮੋਗੇ ਦੀ ਨੈਸਲੇ ਦੁੱਧ ਫੈਕਟਰੀ ਦੇ ਟੈਂਕਰ ਦੀ ਟੱਕਰ ਨਾਲ ਇਹ ਸਤੰਭ ਟੁੱਟ ਗਿਆ ਸੀ।ਪ੍ਰਸ਼ਾਸਨ ਵੱਲੋਂ ਇਸ ਸਤੰਭ ਦੀ ਸਹੀ ਢੰਗ ਨਾਲ ਦੇਖ-ਰੇਖ ਨਾ ਕੀਤੀ ਗਈ ਤੇ ਹੌਲੀ ਹੌਲੀ ਇਹ ਨਸ਼ਟ ਹੋ ਗਿਆ।ਹੁਣ ਇਸ ਸਥਾਨ 'ਤੇ ਅੰਬੇਡਕਰ ਚੌਕ ਦੇ ਨਾਂਅ ਨੂੰ ਦਰਸਾਉਂਦੀ ਕੋਈ ਨਿਸ਼ਾਨੀ ਮੌਜੂਦ ਨਹੀਂ ਹੈ, ਨਾ ਤਾਂ ਨਗਰ ਕੌਂਸਲ ਤੇ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਵੱਲ ਕੋਈ ਧਿਆਨ ਦਿੱਤਾ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਨੇ ਕਿਹਾ ਕਿ ਅੰਬੇਡਕਰ ਚੌਕ ਵਿੱਚ ਕੋਈ ਡਿਸਪਲੇਅ ਬੋਰਡ ਜਾਂ ਹੋਰ ਕੋਈ ਯਾਦਗਾਰੀ ਸਤੰਭ ਨਾ ਬਣਾਏ ਜਾਣਾ ਬੇਹੱਦ ਨਿੰਦਣਯੋਗ ਹੈ। ਪ੍ਰਸ਼ਾਸਨ ਦੀ ਇਸ ਅਣਗਹਿਲੀ ਕਾਰਨ ਸਮਾਜ ਦੇ ਸਮੂਹ ਸੂਝਵਾਨ ਵਰਗ ਦੇ ਮਨਾਂ ਵਿੱਚ ਭਾਰੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ ਆਪਣੇ ਸਰਕਾਰੀ ਦਫਤਰਾਂ ਤੇ ਅਦਾਰਿਆਂ ਵਿੱਚ ਡਾ. ਅੰਬੇਡਕਰ ਦੀ ਫੋਟੋ ਲਾਉਣ ਨੂੰ ਲਾਜ਼ਮੀ ਕਰਾਰ ਦੇ ਰਹੀ ਹੈ ਤੇ ਦੂਜੇ ਪਾਸੇ ਆਪਣੀ ਹੋਂਦ ਗੁਆ ਚੁੱਕੇ ਮਨਜ਼ੂਰ-ਸ਼ੁਦਾ ਅੰਬੇਡਕਰ ਚੌਕ ਨੂੰ ਮੁੜ ਤੋਂ ਸਥਾਪਤ ਕਰਨ ਲਈ ਕੋਈ ਧਿਆਨ ਨਹੀਂ ਦੇ ਰਹੀ।ਪ੍ਰਧਾਨ ਢੋਸੀਵਾਲ ਨੇ ਨਗਰ ਕੌਂਸਲ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਉਕਤ ਚੌਕ ਨੂੰ ਮੁੜ ਤੋਂ ਉਸਾਰਿਆ ਜਾਵੇ ਤੇ ਇਥੇ ਡਿਸਪਲੇਅ ਬੋਰਡ ਲਗਾਏ ਜਾਣ ਤਾਂ ਜੋ ਆਮ ਲੋਕਾਂ ਦੇ ਮਨਾਂ ਵਿੱਚ ਦਿਨੋਂ ਦਿਨ ਵੱਧ ਰਹੇ ਰੋਸ ਤੇ ਗੁੱਸੇ ਦੀ ਲਹਿਰ ਨੂੰ ਰੋਕਿਆ ਜਾ ਸਕੇ।ਢੋਸੀਵਾਲ ਨੇ ਇਹ ਵੀ ਦੱਸਿਆ ਕਿ ਉਹ ਜਲਦੀ ਹੀ ਇਸ ਚੌਕ ਦੀ ਪੁਨਰ ਉਸਾਰੀ ਲਈ ਸਥਾਨਕ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਤੇ ਪ੍ਰਧਾਨ ਨਾਲ ਮੁਲਾਕਾਤ ਕਰਨਗੇ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਦੀ ਖੋਜ ਤੇ ਨੈਤਿਕਤਾ 'ਤੇ ਵਰਕਸ਼ਾਪ ਦੀ ਸਮਾਪਤੀ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਖੋਜ ਅਤੇ ਸਿਖਲਾਈ ਕੇਂਦਰ ਨੇ ਸਿੱਖਿਆ ਵਿਭਾਗ ਨਾਲ ਮਿਲ ਕੇ ਖੋਜ ਵਿਧੀ ਅਤੇ ਪ੍ਰਕਾਸ਼ਨ ਨੈਤਿਕਤਾ ਬਾਰੇ ਪੰਜ ਦਿਨਾਂ ਆਨਲਾਈਨ ਵਰਕਸ਼ਾਪ ਸਫਲਤਾਪੂਰਵਕ ਆਯੋਜਤ ਕੀਤੀ।ਇਸ ਸਮਾਗਮ ਦਾ ਮਕਸਦ ਫੈਕਲਟੀ ਮੈਂਬਰਾਂ ਤੇ ਖੋਜ ਵਿਦਵਾਨਾਂ ਵਿੱਚ ਖੋਜ ਯੋਗਤਾਵਾਂ ਨੂੰ ਵਧਾਉਣ ਤੇ ਨੈਤਿਕ ਵਿਦਵਤਾਪੂਰਨ ਅਭਿਆਸਾਂ ਨੂੰ ਉਤਸ਼ਾਹਤ ਕਰਨਾ ਸੀ।ਸਿੱਖਿਆ ਵਿਭਾਗ ਦੀ ਮੁਖੀ ਡਾ. ਹਰਨੀਤ ਬਿਲਿੰਗ ਨੇ ਵਰਕਸ਼ਾਪ ਦੇ ਉਦੇਸ਼ਾਂ ਨੂੰ ਰੂਪਰੇਖਾ ਦਿੱਤੀ ਤੇ ਸਮਕਾਲੀ ਖੋਜ ਵਿੱਚ ਵਿਧੀਗਤ ਸਖ਼ਤੀ, ਨੈਤਿਕ ਜਵਾਬਦੇਹੀ ਤੇ ਉੱਚ ਵਿਦਵਤਾਪੂਰਨ ਮਿਆਰਾਂ ਦੀ ਪਾਲਣਾ ਦੀ ਜ਼ਰੂਰੀ ਭੂਮਿਕਾ ਉੱਤੇ ਜ਼ੋਰ ਦਿੱਤਾ।

ਵਰਕਸ਼ਾਪ ਵਿੱਚ ਖੋਜ ਦੇ ਮੁੱਖ ਪਹਿਲੂਆਂ ਉੱਤੇ ਮਾਹਿਰ ਸੈਸ਼ਨ ਹੋਏ। ਆਈ.ਆਈ.ਐੱਸ. ਕਾਲਜ ਆਫ਼ ਟੈਕਨਾਲੋਜੀ, ਭੋਪਾਲ ਦੇ ਬੇਸਿਕ ਸਾਇੰਸ ਅਤੇ ਹਿਊਮੈਨਿਟੀਜ਼ ਵਿਭਾਗ ਦੀ ਮੁਖੀ ਡਾ. ਰਸ਼ਮੀ ਸ਼੍ਰੀਵਾਸਤਵ ਨੇ ਮਿਕਸਡ ਮੈਥਡਜ਼ ਰਿਸਰਚ ਬਾਰੇ ਵਿਸਥਾਰਤ ਸੈਸ਼ਨ ਕੀਤਾ, ਜਿਸ ਵਿੱਚ ਇਸ ਦੀਆਂ ਸੰਕਲਪਿਕ ਬੁਨਿਆਦਾਂ ਤੇ ਸਿੱਖਿਆ ਖੋਜ ਵਿੱਚ ਇਸ ਦੀ ਵਰਤੋਂ ਉੱਤੇ ਚਰਚਾ ਕੀਤੀ ਗਈ।ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਏ.ਸੀ. ਜੋਸ਼ੀ ਲਾਇਬ੍ਰੇਰੀ ਦੇ ਡਿਪਟੀ ਲਾਇਬ੍ਰੇਰੀਅਨ ਡਾ. ਨੀਰਜ ਕੁਮਾਰ ਸਿੰਘ ਨੇ ਵਿਦਵਤਾਪੂਰਨ ਲਿਖਤ, ਮੈਨੂਸਕ੍ਰਿਪਟ ਤਿਆਰੀ ਤੇ ਸਾਈਟੇਸ਼ਨ ਸਟਾਈਲਾਂ ਬਾਰੇ ਵਧੀਆ ਸੈਸ਼ਨ ਕੀਤਾ, ਜਿਸ ਵਿੱਚ ਵਿਦਵਤਾਪੂਰਨ ਸਖ਼ਤੀ, ਸੰਗਤੀ ਤੇ ਪ੍ਰਕਾਸ਼ਨ ਨਿਯਮਾਂ ਦੀ ਪਾਲਣਾ ਉੱਤੇ ਜ਼ੋਰ ਦਿੱਤਾ ਗਿਆ।ਤੀਜੇ ਦਿਨ, ਸੈਂਟਰਲ ਯੂਨੀਵਰਸਿਟੀ ਆਫ਼ ਹਰਿਆਣਾ ਦੇ ਐਸੋਸੀਏਟ ਪ੍ਰੋਫੈਸਰ ਡਾ. ਸੁਮਿਤ ਕੁਮਾਰ ਨੇ ਐੱਸ.ਪੀ.ਐੱਸ.ਐੱਸ. ਉੱਤੇ ਹੈਂਡਜ਼-ਆਨ ਸੈਸ਼ਨ ਕੀਤਾ।ਭਾਗੀਦਾਰਾਂ ਨੇ ਮਾਤਰਾਤਮਕ ਡਾਟਾ ਵਿਸ਼ਲੇਸ਼ਣ ਵਿੱਚ ਵਿਹਾਰਕ ਹੁਨਰ ਪ੍ਰਾਪਤ ਕੀਤੇ, ਜਿਸ ਵਿੱਚ ਡਾਟਾ ਐਂਟਰੀ, ਪ੍ਰਬੰਧਨ ਅਤੇ ਅੰਕੜਿਆਂ ਦੇ ਨਤੀਜਿਆਂ ਦੀ ਵਿਆਖਿਆ ਸ਼ਾਮਲ ਸੀ, ਇੰਟਰਐਕਟਿਵ ਅਭਿਆਸਾਂ ਰਾਹੀਂ ਸਿੱਖਿਆ ਅਤੇ ਸਮਾਜਿਕ ਵਿਗਿਆਨ ਖੋਜ ਵਿੱਚ ਤਕਨੀਕਾਂ ਦੀ ਵਰਤੋਂ ਨੂੰ ਮਜ਼ਬੂਤ ਕੀਤਾ ਗਿਆ।

ਜਗਰਾਂ ਲੇਕਸਿਟੀ ਯੂਨੀਵਰਸਿਟੀ, ਭੋਪਾਲ ਦੇ ਜਗਰਾਂ ਸਕੂਲ ਆਫ਼ ਜਰਨਲਿਜ਼ਮ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮੁਹੰਮਦ ਆਮਿਰ ਪਾਸ਼ਾ ਨੇ ਖੋਜ ਦੀ ਦਿੱਖ ਨੂੰ ਵਧਾਉਣ ਦੀਆਂ ਰਣਨੀਤੀਆਂ ਬਾਰੇ ਚਰਚਾ ਕੀਤੀ, ਜਿਸ ਵਿੱਚ ਓਪਨ-ਐਕਸੈੱਸ ਪਲੇਟਫਾਰਮ, ਸਾਈਟੇਸ਼ਨ ਡਾਟਾਬੇਸ ਤੇ ਪ੍ਰਭਾਵੀ ਖੋਜ ਪ੍ਰਚਾਰ ਬਣਾਉਣ ਉੱਤੇ ਧਿਆਨ ਕੇਂਦਰਤ ਕੀਤਾ ਗਿਆ।ਸਮਾਪਤੀ ਸੈਸ਼ਨ 'ਚ ਐਨ.ਆਈ.ਆਈ.ਆਰ.ਟੀ., ਭੋਪਾਲ ਦੇ ਪੀ.ਐੱਸ.ਐੱਸ. ਸੈਂਟਰਲ ਇੰਸਟੀਚਿਊਟ ਆਫ਼ ਵੋਕੇਸ਼ਨਲ ਐਜੂਕੇਸ਼ਨ ਦੇ ਕਰੀਕੁਲਮ ਡਿਵੈਲਪਮੈਂਟ ਅਤੇ ਈਵੈਲੂਏਸ਼ਨ ਸੈਂਟਰ (ਸੀ.ਡੀ.ਈ.ਸੀ.) ਦੇ ਅਸਿਸਟੈਂਟ ਪ੍ਰੋਫੈਸਰ ਡਾ. ਸੌਰਭ ਮੋਸ਼ਰਮ ਨੇ ਵਿਦਵਤਾਪੂਰਨ ਸੱਚਾਈ, ਪਲੇਜੀਅਰਿਜ਼ਮ ਅਤੇ ਨੈਤਿਕ ਵਿਚਾਰਾਂ ਬਾਰੇ ਚਰਚਾ ਕੀਤੀ, ਜਿਸ ਨੇ ਜ਼ਿੰਮੇਵਾਰ ਖੋਜ ਵਿਵਹਾਰ ਦੇ ਸਿਧਾਂਤਾਂ ਨੂੰ ਮਜ਼ਬੂਤ ਕੀਤਾ।ਵਾਈਸ ਚਾਂਸਲਰ ਡਾ. ਪ੍ਰਿਤਪਾਲ ਸਿੰਘ ਨੇ ਖੋਜ ਵਿੱਚ ਨੈਤਿਕ ਤੱਤ ਦੇ ਸਹੀ ਅਤੇ ਵਿਧੀਗਤ ਤੌਰ 'ਤੇ ਮਜ਼ਬੂਤ ਖੋਜ ਵਿਦਵਤਾਪੂਰਨ ਉੱਤਮਤਾ ਅਤੇ ਸੰਸਥਾਗਤ ਵਿਸ਼ਵਾਸਯੋਗਤਾ ਦੀ ਬੁਨਿਆਦ ਹੈ।ਉਨ੍ਹਾਂ ਨੇ ਭਾਗੀਦਾਰਾਂ ਨੂੰ ਆਪਣੇ ਵਿਦਵਤਾਪੂਰਨ ਕਾਰਜਾਂ ਵਿੱਚ ਮੌਲਿਕਤਾ, ਸਮਾਜਿਕ ਪ੍ਰਸੰਗਿਕਤਾ ਅਤੇ ਸੱਚਾਈ ਨੂੰ ਤਰਜ਼ੀਹ ਦੇਣ ਲਈ ਉਤਸ਼ਾਹਤ ਕੀਤਾ।

# ਪੀ ਜੀ ਆਈ ਰੇਡੀਓਲੋਜਿਸਟਾਂ ਦੀ ਸਾਲਾਨਾ ਮੀਟਿੰਗ 'ਚ ਹੋਏ ਵਿਚਾਰ-ਵਟਾਂਦਰੇ



**ਸਮਰਾਲਾ (ਸੁਰਜੀਤ ਸਿੰਘ)** ਇੰਡੀਅਨ ਰੇਡੀਓਲੋਜੀਕਲ ਐਂਡ ਇਮੇਜਿੰਗ ਐਸੋਸੀਏਸ਼ਨ ਦੇ ਚੰਡੀਗੜ੍ਹ ਵੱਲੋਂ 13ਵੀਂ ਸਾਲਾਨਾ ਕਾਨਫਰੰਸ ਪੀਜੀਆਈ ਚੰਡੀਗੜ੍ਹ ਵਿੱਚ ਆਯੋਜਿਤ ਕੀਤੀ ਗਈ, ਜਿਸ ਵਿੱਚ ਚੰਡੀਗੜ੍ਹ, ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਤੇ ਉੱਤਰਾਖੰਡ ਤੋਂ ਆਏ ਪੋਸਟ ਗ੍ਰੈਜੂਏਟ ਵਿਦਿਆਰਥੀਆਂ, ਫੈਲੋਜ਼ ਤੇ ਕਾਰਜਰਤ ਰੇਡੀਓਲੋਜਿਸਟਾਂ ਸਮੇਤ 350 ਤੋਂ ਵੱਧ ਡੈਲੀਗੇਟਾਂ ਨੇ ਭਾਗ ਲਿਆ।ਮੀਟਿੰਗ ਪ੍ਰੋ. ਕੁਸ਼ਲਜੀਤ ਸਿੰਘ ਸੋਢੀ, ਪ੍ਰੋਫੈਸਰ, ਰੇਡੀਓਡਾਇਗਨੋਸਿਸ ਵਿਭਾਗ, ਪੀਜੀਆਈ ਦੀ ਪ੍ਰਧਾਨਗੀ ਹੇਠ ਕਰਾਈ ਗਈ।ਇਸਦੇ ਨਾਲ ਹੀ ਪੀਜੀਆਈ ਦੇ ਪ੍ਰੋ. ਅਜੇ ਗੁਲਾਟੀ ਤੇ ਡਾ. ਅਨਮੋਲ ਭਾਟੀਆ ਨੇ ਕ੍ਰਮਵਾਰ ਚੰਡੀਗੜ੍ਹ ਚੈਪਟਰ ਦੇ ਸਕੱਤਰ ਅਤੇ ਖ਼ਜ਼ਾਨਚੀ ਵਜੋਂ ਭੂਮਿਕਾ ਨਿਭਾਈ। ਕਾਨਫਰੰਸ ਦਾ ਉਦਘਾਟਨ ਮੁੱਖ ਮਹਿਮਾਨ ਡਾ. ਸੰਦੀਪ ਕਵਥਾਲੇ, ਪ੍ਰਧਾਨ-ਚੁਣੇ ਹੋਏ, ਨੈਸ਼ਨਲ ਇੰਡਿਅਨ ਰੇਡੀਓਲੋਜੀਕਲ ਐਂਡ ਇਮੇਜਿੰਗ ਐਸੋਸੀਏਸ਼ਨ ਵੱਲੋਂ ਕੀਤਾ ਗਿਆ। ਨੈਸ਼ਨਲ ਆਈਆਰਆਈਏ ਦੇ ਸਕੱਤਰ ਜਨਰਲ ਡਾ. ਪੰਕਜ ਸ਼ਰਮਾ ਐਮਜ਼, ਰਿਸ਼ਿਕੇਸ਼ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਕਾਨਫਰੰਸ ਵਿੱਚ ਪੀਜੀਆਈ ਅਤੇ ਜੀਐੱਮਸੀਐੱਚ, ਚੰਡੀਗੜ੍ਹ, ਐਮਜ਼ ਰਿਸ਼ਿਕੇਸ਼, ਆਈਜੀਐੱਮਸੀ ਸ਼ਿਮਲਾ, ਡੀਐੱਮਸੀ ਲੁਧਿਆਣਾ ਅਤੇ ਐਸਜੀਆਰਡੀ ਅੰਮ੍ਰਿਤਸਰ ਦੇ ਪ੍ਰਸਿੱਧ ਵਿਦਵਾਨ ਵਕਤਾਵਾਂ ਨੇ ਭਾਗ ਲਿਆ। ਅਲਟਰਾਸਾਊਂਡ ਇਲਾਸਟੋਗ੍ਰਾਫੀ ਅਤੇ ਮਾਸਪੇਸ਼ੀ-ਹੱਡੀ ਸੰਬੰਧੀ ਮੋਢੇ ਦੇ ਜੋੜ ਦੀਆਂ ਬਿਮਾਰੀਆਂ 'ਤੇ ਮਾਹਿਰਾਂ ਵੱਲੋਂ ਲਾਈਵ ਵਰਕਸ਼ਾਪਾਂ ਕਰਵਾਈਆਂ ਗਈਆਂ। ਵਿਗਿਆਨਕ ਵਿਚਾਰ-ਵਟਾਂਦਰੇ ਤਹਿਤ ਵਿਦਿਆਤਮਕ ਲੈਕਚਰ, ਇੰਟਰਐਕਟਿਵ ਕੇਸ ਚਰਚਾਵਾਂ ਅਤੇ ਸਪਾਟਰ ਸੈਸ਼ਨ ਪ੍ਰਸਿੱਧ ਰਾਸ਼ਟਰੀ ਮਾਹਿਰਾਂ ਵੱਲੋਂ ਕਰਵਾਏ ਗਏ।


**Punjab & Sind Bank** (A Govt. of India Undertaking) — ੧ਓ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
B/O:- International Banking Division, Gill Road, Millerganj, Ludhiana. Phone: 0161- 5068062,63

**ਰਹਿਣ ਕੀਤੀ ਜਾਇਦਾਦ ਨੂੰ ਛੁਡਾਉਣ ਲਈ ਜਨਤਕ ਨੋਟਿਸ**

**ਸਕਿਉਰਟੀ ਇੰਟਰਸਟ (ਇਨਫੋਰਸਮੈਂਟ ਰੂਲਜ਼) 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਨ ਆਫ ਫਾਈਨੈਂਸ਼ੀਅਲ ਐਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰਸਟ ਐਕਟ 2002 ("ਸਰਫੇਸੀ ਐਕਟ") ਨਾਲ ਪੜ੍ਹੇ ਜਾਂਦੇ ਸੈਕਸ਼ਨ 13 (8) ਅਧੀਨ ਜਾਇਦਾਦ ਛੁਡਾਉਣ ਲਈ ਅਧਿਕਾਰ ਦੇ ਨਿਯਮਾਂ ਦਾ ਨੋਟਿਸ**

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰਸਟ ਐਕਟ 2002 ਦੇ ਸੈਕਸ਼ਨ 13 (4) ਅਧੀਨ ਨਿਮਨ ਹਸਤਾਖਰੀ ਅਧਿਕਾਰਤ ਅਫਸਰ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਅਤੇ ਗਰੰਟਰ ਤੋਂ ਬੈਂਕ ਦੇ ਬਕਾਇਆ ਕਰਜ਼ਿਆਂ ਦੀ ਪ੍ਰਾਪਤੀ ਲਈ ਜਾਇਦਾਦਾਂ/ਐੱਸਟਸ ਨੂੰ "ਜਿਵੇਂ ਹੈ ਜਿੱਥੇ ਹੈ" ਅਤੇ "ਜਿਵੇਂ ਹੈ ਜੋ ਹੈ" ਅਤੇ "ਜਿਵੇਂ ਹੈ ਉੱਥੇ ਹੈ" ਦੇ ਅਧਾਰ 'ਤੇ ਈ-ਨਿਲਾਮੀ ਵੇਚਣ ਦਾ ਫੈਸਲਾ ਕੀਤਾ ਹੈ।
ਇਸ ਲਈ ਇਹ ਜਨਤਕ ਨੋਟਿਸ ਸਕਿਉਰਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਫਾਈਨੈਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰਸਟ ਐਕਟ 2002 (2002 ਦਾ 54) ਦੇ ਸੈਕਸ਼ਨ 13 (8) ਕਰਜ਼ਦਾਰਾਂ/ਗਰੰਟਰਾਂ ਨੂੰ ਸਕਿਉਰਡ ਐੱਸਟਸ ਨੂੰ ਉਪਲੱਬਧ ਸਮੇਂ (ਭਾਵ 30 ਦਿਨਾਂ ਦੇ ਅੰਦਰ-ਅੰਦਰ) ਛੁਡਾਉਣ ਲਈ ਕਿਹਾ ਗਿਆ ਹੈ। ਖਾਤੇ ਅਤੇ ਸਕਿਉਰਡ ਐੱਸਟਸ ਦੇ ਵੇਰਵੇ ਬਕਾਇਆ ਰਕਮ ਦੇ ਨਾਲ-ਨਾਲ ਹੇਠਾਂ ਦਿੱਤੇ ਗਏ ਹਨ।

**ਅਚੱਲ ਜਾਇਦਾਦ ਦੀ ਵਿੱਕਰੀ ਲਈ ਵਿੱਕਰੀ ਵੇਰਵੇ ਹੇਠਾਂ ਅਨੁਸਾਰ**
**ਈ-ਨਿਲਾਮੀ ਮਿਤੀ ਅਤੇ ਸਮਾਂ : 20.01.2026 ਨੂੰ ਸਵੇਰੇ 11.00 ਤੋਂ 2.00 ਵਜੇ ਸਾਮ ਤੱਕ**

| ਲੜੀ ਨੰ. | ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਰਾਖਵੀਂ ਕੀਮਤ | ਡਿਮਾਂਡ ਨੋਟਿਸ ਦੀ ਮਿਤੀ ਅਤੇ ਬਕਾਇਆ ਰਕਮ |
|---|---|---|---|---|
| 1. | 1. ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ (ਕਰਜ਼ਦਾਰ ਅਤੇ ਗਰੰਟਰ) ਬੂਮ ਡਿਜ਼ੀਟਲ-15 ਏ, ਜੇ ਐੱਲ ਨਹਿਰੂ ਰੋਡ, ਧਰਾਤਲ ਮੰਜ਼ਲ ਕੋਲਕਾਤਾ-700071, ਨਾਲ ਹੀ : ਪਿੰਡ ਕੰਗਣਵਾਲ, ਡਾਕਖਾਨਾ : ਜਗਿਆਣਾ, ਲੁਧਿਆਣਾ-141020 2. ਰਾਜੀਵ ਗੁਪਤਾ ਪੁੱਤਰ ਜੋਗਿੰਦਰ ਲਾਲ ਗੁਪਤਾ (ਡਾਇਰੈਕਟਰ/ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141008 3. ਮਾਲਤੀ ਗੁਪਤਾ ਪਤਨੀ ਸ੍ਰੀ ਰਾਜੀਵ ਗੁਪਤਾ (ਡਾਇਰੈਕਟਰ ਅਤੇ ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141008 4. ਮੈਸਰਜ਼ ਮੋਂਗਾ ਇਸਪਾਤ ਲਿਮਟਿਡ : ਗਰੰਟਰ ਅਤੇ ਮਾਰਟਗੇਜ਼ : ਬੀ 30 ਨਾਲ ਲੱਗਦਾ ਫੇਜ਼ 7, ਫੋਕਲ ਪੁਆਇੰਟ ਪਿੰਡ ਢੰਡਾਰੀ ਖੁਰਦ, ਲੁਧਿਆਣਾ-141003 | ਜਾਇਦਾਦ ਨੰ. 1 : (1) ਬੈਨਾਮਾ ਵਸੀਕਾ ਨੰ. 13645 ਮਿਤੀ 15.12.2010 ਅਨੁਸਾਰ ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 8 ਕਨਾਲ 0 ਮਰਲਾ (4840 ਵਰਗ ਗਜ਼) ਖਸਰਾ ਨੰ. 24//7/2, 17/1, 17/2, 17/3, 18/1, 23/2, 24/2, 24/3, 24/1, ਖੱਤਾ ਨੰ. 159/213, ਜਮ੍ਹਾਂਬੰਦੀ ਸਾਲ 1996-97 ਪਿੰਡ ਪਾਹਵਾ ਵਿਖੇ ਸਥਿਤ, ਹੱਦਬਸਤ ਨੰ. 246, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਉੱਤਰ : ਮਹਿੰਦਰ ਸਿੰਘ ਦੀ ਜ਼ਮੀਨ, ਦੱਖਣ : ਗਲੀ, ਪੂਰਬ : ਸੁਦਰਸ਼ਨ ਸਿੰਧ ਦੀ ਜ਼ਮੀਨ, ਪੱਛਮ : ਜ਼ਮੀਨ ਵਿਸ਼ਵਕਰਮਾ ਸਟ੍ਰਿਪਸ ਐਂਡ ਇਨਵੇਸਟਮੈਂਟ ਲਿਮਟਿਡ ਅਤੇ ਵਿਸ਼ਵਕਰਮਾ ਅਲਾਇਜ਼ ਲਿਮਟਿਡ। (2) ਬੈਨਾਮਾ ਵਸੀਕਾ ਨੰ. 13646 ਮਿਤੀ 15.12.2010 ਅਨੁਸਾਰ ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ ਦੇ ਨਾਂਅ ਰਜਿਸਟਰਡ ਜਾਇਦਾਦ 22256 ਵਰਗ ਗਜ਼ ਕੁੱਲ ਰੂਪ 'ਚ ਪਿੰਡ ਕੰਗਣਵਾਲ ਵਿਖੇ ਸਥਿਤ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਜਾਇਦਾਦਾਂ ਦੇ ਵੇਰਵਾ ਹੇਠਾਂ ਲਿਖੇ ਅਨੁਸਾਰ ਹੈ :- ਏ) 5ਬੀ-0ਬੀ-0ਬੀ (ਪੁਖਤਾ), ਜਿਸ ਵਿੱਚ ਖਸਰਾ ਨੰ: 942 ਮਿਨ, 942 ਮਿਨ. 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, 942 ਮਿਨ, ਖਾਤਾ ਨੰ: 102/197, 198, 199, 200, 202, 203, ਖਸਰਾ ਨੰਬਰ 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, 1001 ਮਿਨ, ਖਾਤਾ ਨੰਬਰ 103/204-205-206-207-208-209, ਖਸਰਾ ਨੰਬਰ 1400/806 ਮਿਨ, 1400/806 ਮਿਨ, ਖਾਤਾ ਨੰ: 188/363, 364, 365, ਖਸਰਾ ਨੰ: 821 ਮਿਨ, 821 ਮਿਨ, 821 ਮਿਨ, 821 ਮਿਨ, 821 ਮਿਨ, ਖਸਰਾ ਨੰ: 189/366, 367, 368, 369, 370, 368, 369, 370 ਖਸਰਾ. ਨੰ: 1319, 539, 1328/565, 1329/570 ਅਤੇ 1330/1/577, 582, 1384/5, 586, ਖਾਤਾ ਨੰ. 39/60, ਖਸਰਾ ਨੰ: 1335/586, 1336/586, 1337/586, 1339/599, 1340/606, 1477/543, ਖਾਤਾ ਨੰ: 39/61, ਖਸਰਾ ਨੰ: 1338/588 ਮਿਨ, ਖਾਤਾ ਨੰ. 40/62, ਖਸਰਾ ਨੰ.1311/543 ਮਿਨ, 1311/543 ਮਿਨ, 1311/543 ਮਿਨ, 1311/543 ਮਿਨ, ਖਾਤਾ ਨੰਬਰ 42/64, 65, 66, 67, 68, ਅਤੇ ਖਸਰਾ ਨੰਬਰ 1517/1316, ਮਿਨ 1517/1316/531 ਮਿਨ, 1517/1316/531 ਮਿਨ, 1517/1316/531 ਮਿਨ, ਖਾਤਾ ਨੰ: 43/69-70-71 ਅਤੇ ਖਸਰਾ ਨੰ: 613 ਮਿਨ, 613 ਮਿਨ, ਖਾਤਾ ਨੰ: 67/117-118 ਅਤੇ ਖਸਰਾ ਨੰ: 614 ਮਿਨ, 614 ਮਿਨ, ਖਾਤਾ ਨੰ. 68/119-120 ਅਤੇ ਖਸਰਾ ਨੰ. 615 ਮਿਨ, 615 ਮਿਨ, ਖਾਤਾ ਨੰਬਰ 69/121-122 ਅਤੇ ਖਸਰਾ ਨੰਬਰ 781 ਮਿਨ, 781 ਮਿਨ, ਖਸਰਾ ਨੰਬਰ 187/361-362 ਅਤੇ ਖਸਰਾ ਨੰਬਰ 1518/1316/531 ਮਿਨ, 1518/1316/531 ਮਿਨ, 1518/1518/353 1518/1316/531 ਮਿਨ, ਖਾਤਾ ਨੰ. 72, 73, 74, ਖਸਰਾ ਨੰ: 610 ਮਿਨ, 610 ਮਿਨ, ਖਾਤਾ ਨੰ: 65/113-114 ਅਤੇ ਖਸਰਾ ਨੰ: 612 ਮਿਨ, 612 ਮਿਨ, ਖਾਤਾ ਨੰ. 66/115-116, ਸਾਲ 1985-86 ਲਈ ਜਮ੍ਹਾਂਬੰਦੀ ਅਨੁਸਾਰ ਪਿੰਡ ਕੰਗਣਵਾਲ ਹਦਬਸਤ ਨੰ. 245, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀਆਂ ਸੀਮਾਵਾਂ [illegible] (ਬੀ) 0ਬੀ-14ਬੀ-18ਬੀ (ਪੁਖਤਾ) [illegible] (ਸੀ) ਸੰਪਤੀ ਮਾਪ 1ਬੀ-12ਬੀ-5ਬੀ (ਪੁਖਤਾ) [illegible] ਸਾਲ 1985-86 ਦੀ ਜਮ੍ਹਾਂਬੰਦੀ ਅਨੁਸਾਰ, ਹੱਦਬਸਤ ਨੰਬਰ 245, ਪਿੰਡ ਕੰਗਣਵਾਲ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ [illegible] | Rs. 11,86,85,000/- | 03.12.2024 ਨੂੰ 30.11.2024 ਨੂੰ ਰੁਪਏ 95,57,98,894.72 (ਪਚਾਨਵੇਂ ਕਰੋੜ ਸਤਵੰਜਾ ਲੱਖ, ਅਠਾਨਵੇਂ ਹਜ਼ਾਰ ਅੱਠ ਸੌ ਚੁਰਾਨਵੇਂ ਰੁਪਏ ਅਤੇ ਬਹੱਤਰ ਪੈਸੇ ਕੇਵਲ) ਜਮ੍ਹਾਂ 1-12-2024 ਤੋਂ ਇਸ 'ਤੇ ਵਿਆਜ ਅਤੇ ਹੋਰ ਖਰਚੇ |
| | | ਜਾਇਦਾਦ ਨੰ. 2 (1) ਵਸੀਕਾ ਨੰ. 8760 ਮਿਤੀ 25.08.2005 ਅਨੁਸਾਰ ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਨਾਂਅ ਰਜਿਸਟਰਡ ਜਾਇਦਾਦ ਰਕਬਾ 8 ਕਨਾਲ 7 ਮਰਲਾ, ਖਸਰਾ ਨੰ. 7//1/2, 10, 8//2, 3, 4, 5, 6, 7, 8, 14/1, 13,17/2, 18/1, 19 ਖੱਤਾ ਨੰ. 218/258, ਜਮ੍ਹਾਂਬੰਦੀ ਸਾਲ 2001-2002 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ ਹੱਦਬਸਤ ਨੰ. 242, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਰੇਠ ਅਨੁਸਾਰ। (2) ਵਸੀਕਾ ਨੰ. 14622 ਮਿਤੀ 07.03.2003 ਅਨੁਸਾਰ ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਦੇ ਨਾਂਅ ਜਾਇਦਾਦ ਰਕਬਾ 14 ਕਨਾਲ 3 ਮਰਲਾ, ਖਸਰਾ ਨੰ. 7//1-210-8//2-3-4-5-6-7-8-14/1-13-17/2-18/1-19, ਖੱਤਾ ਨੰ. 178/214 ਅਤੇ ਖਸਰਾ ਨੰ. 8//9-12, ਖੱਤਾ ਨੰ. 277/322, ਜਮ੍ਹਾਂਬੰਦੀ ਸਾਲ 1996-97 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ, ਹੱਦਬਸਤ ਨੰ. 242, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। I) ਅਤੇ (II) 'ਚ ਦਰਸਾਈ ਜਾਇਦਾਦ ਦੀਆਂ ਸੰਬੰਧੀਆਂ ਹੱਦਾਂ ਇਸ ਤਰ੍ਹਾਂ ਹਨ : ਉੱਤਰ : ਗੁਆਂਢ ਜ਼ਮੀਨ-338', ਦੱਖਣ : ਮਾਰਕਿਟ ਰੋਡ 353', ਪੂਰਬ : ਗੁਆਂਢ ਜ਼ਮੀਨ 332', ਪੱਛਮ: 359' | Reserve Price Rs. 9,60,55,000/- | |
| 2. | 1. ਮੈਸਰਜ਼ ਮੋਂਗਾ ਇਸਪਾਤ ਲਿਮਟਿਡ (ਗਰੰਟਰ ਅਤੇ ਮਾਰਟਗੇਜ਼) : ਬੀ30 ਨਾਲ ਲੱਗਦਾ ਫੇਜ਼ 7, ਫੋਕਲ ਪੁਆਇੰਟ ਪਿੰਡ ਢੰਡਾਰੀ ਖੁਰਦ, ਲੁਧਿਆਣਾ-141003 2. ਰਾਜੀਵ ਗੁਪਤਾ ਪੁੱਤਰ ਸ੍ਰੀ ਜੋਗਿੰਦਰ ਲਾਲ ਗੁਪਤਾ (ਡਾਇਰੈਕਟਰ/ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141012 3. ਮਾਲਤੀ ਗੁਪਤਾ ਪਤਨੀ ਸ੍ਰੀ ਰਾਜੀਵ ਗੁਪਤਾ (ਡਾਇਰੈਕਟਰ ਅਤੇ ਗਰੰਟਰ) ਪਤਾ : 36-ਏ, ਅਗਰ ਨਗਰ, ਐਕਸਟੈਨਸ਼ਨ, ਲੁਧਿਆਣਾ-141012, ਨਾਲ ਹੀ : ਮਕਾਨ ਨੰ. 156, ਪਿੰਡ ਕੋਟ ਗੰਗੂ ਰਾਏ ਲੁਧਿਆਣਾ-141113, ਨਾਲ ਹੀ : ਮਕਾਨ ਨੰ. 3145, ਸੈਕਟਰ 32-ਏ, ਚੰਡੀਗੜ੍ਹ ਰੋਡ, ਲੁਧਿਆਣਾ-141008 4. ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ (ਕਰਜ਼ਦਾਰ ਅਤੇ ਗਰੰਟਰ) ਬੂਮ ਡਿਜ਼ੀਟਲ-15 ਏ, ਜੇ ਐੱਲ ਨਹਿਰੂ ਰੋਡ, ਧਰਾਤਲ ਮੰਜ਼ਲ ਕੋਲਕਾਤਾ-700071, ਨਾਲ ਹੀ : ਪਿੰਡ ਕੰਗਣਵਾਲ, ਡਾਕਖਾਨਾ : ਜਗਿਆਣਾ, ਲੁਧਿਆਣਾ-141020 | ਜਾਇਦਾਦ ਨੰ. 1 (1) ਵਸੀਕਾ ਨੰ. 8760 ਮਿਤੀ 25.08.2005 ਅਨੁਸਾਰ ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਨਾਂਅ ਰਜਿਸਟਰਡ ਜਾਇਦਾਦ ਰਕਬਾ 8 ਕਨਾਲ 7 ਮਰਲਾ, ਖਸਰਾ ਨੰ. 7//1/2, 10, 8//2, 3, 4, 5, 6, 7, 8, 14/1, 13,17/2, 18/1, 19 ਖੱਤਾ ਨੰ. 218/258, ਜਮ੍ਹਾਂਬੰਦੀ ਸਾਲ 2001-2002 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ ਹੱਦਬਸਤ ਨੰ. 242, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਹੇਠ ਅਨੁਸਾਰ। (2) ਵਸੀਕਾ ਨੰ. 14622 ਮਿਤੀ 07.03.2003 ਅਨੁਸਾਰ ਮੈਸਰਜ਼ ਮੋਂਗਾ ਇਸਪਾਤ ਲਿਮਟਿਡ ਦੇ ਨਾਂਅ ਜਾਇਦਾਦ ਰਕਬਾ 14 ਕਨਾਲ 3 ਮਰਲਾ, ਖਸਰਾ ਨੰ. 7//1-210-8//2-3-4-5-6-7-8-14/1-13-17/2-18/1-19, ਖੱਤਾ ਨੰ. 178/214 ਅਤੇ ਖਸਰਾ ਨੰ. 8//9-12, ਖੱਤਾ ਨੰ. 277/322, ਜਮ੍ਹਾਂਬੰਦੀ ਸਾਲ 1996-97 ਢੰਡਾਰੀ ਖੁਰਦ ਦੀ ਮਾਲੀਆ ਅਸਟੇਟ ਦੇ ਅੰਦਰਵਾਰ ਵਿਖੇ ਸਥਿਤ, ਹੱਦਬਸਤ ਨੰ. 242, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। I) ਅਤੇ (II) 'ਚ ਦਰਸਾਈ ਜਾਇਦਾਦ ਦੀਆਂ ਸੰਬੰਧੀਆਂ ਹੱਦਾਂ ਇਸ ਤਰ੍ਹਾਂ ਹਨ : ਉੱਤਰ : ਗੁਆਂਢ ਜ਼ਮੀਨ-338', ਦੱਖਣ : ਮਾਰਕਿਟ ਰੋਡ 353', ਪੂਰਬ : ਗੁਆਂਢ ਜ਼ਮੀਨ 332', ਪੱਛਮ: 359' | Rs. 9,60,55,000/- | 03.12.2024 30-11-2024 ਨੂੰ ਰੁਪਏ 77,91,00,887.95 (ਸਤੱਤਰ ਕਰੋੜ ਇਕਾਨਵੇਂ ਲੱਖ, ਅੱਠ ਸੌ ਸਤਾਸੀ ਰੁਪਏ ਅਤੇ ਪਚਾਨਵੇਂ ਪੈਸੇ ਕੇਵਲ) ਜਮ੍ਹਾਂ 1-12-2024 ਤੋਂ ਇਸ 'ਤੇ ਵਿਆਜ ਅਤੇ ਹੋਰ ਖਰਚੇ |
| | | ਜਾਇਦਾਦ ਨੰ. 2 : (1) ਬੈਨਾਮਾ ਵਸੀਕਾ ਨੰ. 13645 ਮਿਤੀ 15.12.2010 ਅਨੁਸਾਰ ਮੈਸਰਜ਼ ਮੰਗਲਮ ਰੀਸਾਈਕਲਿੰਗ ਲਿਮਟਿਡ ਦੇ ਨਾਂਅ ਰਜਿਸਟਰਡ ਜਾਇਦਾਦ ਰਕਬਾ 8 ਕਨਾਲ 0 ਮਰਲਾ (4840 ਵਰਗ ਗਜ਼) ਖਸਰਾ ਨੰ. 24//7/2, 17/1, 17/2, 17/3, 18/1, 23/2, 24/2, 24/3, 24/1, ਖੱਤਾ ਨੰ. 159/213, ਜਮ੍ਹਾਂਬੰਦੀ ਸਾਲ 1996-97 ਪਿੰਡ ਪਾਹਵਾ ਵਿਖੇ ਸਥਿਤ, ਹੱਦਬਸਤ ਨੰ. 246, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। [illegible] | Reserve Price Rs. 11,86,85,000/- | |

ਮਿਤੀ 05.12.2025 | ਸਥਾਨ : ਲੁਧਿਆਣਾ | ਅਧਿਕਾਰਤ ਅਫਸਰ


# ਜ਼ਿਲ੍ਹੇ ਭਰ 'ਚ 53.60 ਫੀਸਦੀ ਹੋਈ ਪੋਲਿੰਗ : ਜ਼ਿਲ੍ਹਾ ਚੋਣ ਅਫਸਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਚੋਣਾਂ ਦੌਰਾਨ ਜ਼ਿਲ੍ਹੇ ਭਰ 'ਚ 53.60 ਫੀਸਦੀ ਪੋਲਿੰਗ ਹੋਈ।ਪੋਲਿੰਗ ਦੀ ਪ੍ਰਕਿਰਿਆ ਸਾਰੇ ਜ਼ਿਲ੍ਹੇ ਵਿੱਚ ਸ਼ਾਂਤਮਈ, ਨਿਰਪੱਖ ਤੇ ਸੁਚੱਜੇ ਢੰਗ ਨਾਲ ਸੰਪੰਨ ਹੋਈ।ਇਹ ਜਾਣਕਾਰੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਸਾਂਝੀ ਕੀਤੀ।ਉਨ੍ਹਾਂ ਦੱਸਿਆ ਕਿ 17 ਦਸੰਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਉਸੇ ਦਿਨ ਵੋਟਾਂ ਦੇ ਨਤੀਜੇ ਐਲਾਨੇ ਜਾਣਗੇ।ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ਿਲ੍ਹੇ ਅੰਦਰ ਹੋਈ ਪੋਲਿੰਗ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਬਠਿੰਡਾ ਵਿੱਚ 52.25, ਗੋਨਿਆਣਾ 55, ਤਲਵੰਡੀ ਸਾਬੋ 51.60, ਮੌੜ 61.68, ਰਾਮਪੁਰਾ ਫੂਲ 50.80, ਫੂਲ 55.36, ਸੰਗਤ 54.13 ਤੇ ਬਲਾਕ ਨਥਾਣਾ ਵਿਖੇ 51.60 ਫੀਸਦੀ ਪੋਲਿੰਗ ਹੋਈ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਰਾਂ ਵੱਲੋਂ ਵੀ ਲੋਕਤੰਤਰਕ ਪ੍ਰਕਿਰਿਆ ਵਿੱਚ ਉਤਸ਼ਾਹ ਨਾਲ ਭਾਗ ਲਿਆ ਗਿਆ, ਜੋ ਲੋਕਤੰਤਰ ਪ੍ਰਤੀ ਜ਼ਿਲ੍ਹਾ ਵਾਸੀਆਂ ਦੀ ਸਚੇਤਤਾ ਅਤੇ ਜ਼ਿੰਮੇਵਾਰੀ ਦਾ ਪ੍ਰਤੀਕ ਹੈ।ਖਾਸ ਕਰਕੇ ਪਿੰਡ ਪੱਧਰ 'ਤੇ ਵੋਟਰਾਂ ਦੀ ਸਾਰਥਕ ਭਾਗੀਦਾਰੀ ਸ਼ਲਾਘਯੋਗ ਰਹੀ।ਜ਼ਿਲ੍ਹੇ ਦੇ ਪਿੰਡ ਕੁਟੀ ਦੇ ਇੱਕ ਨੌਜਵਾਨ ਲਾੜੇ ਨੇ ਬਰਾਤ ਚੜ੍ਹਨ ਤੋਂ ਪਹਿਲਾਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ।ਜ਼ਿਲ੍ਹਾ ਚੋਣ ਅਫਸਰ ਨੇ ਚੋਣਾਂ ਨੂੰ ਸਫਲਤਾ ਪੂਰਵਕ ਤੇ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਸਮੂਹ ਚੋਣ ਅਮਲੇ, ਪੁਲਿਸ ਪ੍ਰਸ਼ਾਸਨ, ਹੋਰ ਸਬੰਧਤ ਵਿਭਾਗਾਂ ਅਤੇ ਮੀਡੀਆ ਦਾ ਧੰਨਵਾਦ ਕੀਤਾ।ਇਸ ਦੇ ਨਾਲ ਹੀ ਉਨ੍ਹਾਂ ਜ਼ਿਲ੍ਹਾ ਵਾਸੀਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਕਾਨੂੰਨ-ਵਿਵਸਥਾ ਬਣਾਈ ਰੱਖਣ ਵਿੱਚ ਸਹਿਯੋਗ ਦਿੱਤਾ।

# ਰੋਟਰੀ 3070 ਦੇ ਗਵਰਨਰ ਨੇ ਰੋਟਰੀ ਪ੍ਰੀਮੀਅਰ ਦੇ ਕੰਮਕਾਜ ਦਾ ਲਿਆ ਜਾਇਜ਼ਾ



**ਅੰਮ੍ਰਿਤਸਰ (ਅਰੋੜਾ)** ਰੋਟਰੀ 3070 ਦੇ ਗਵਰਨਰ ਰੋਹਿਤ ਓਬਰਾਏ ਵੱਲੋਂ ਰੋਟਰੀ ਕਲੱਬ ਪ੍ਰੀਮੀਅਰ ਦੇ ਕੰਮਕਾਜ ਦਾ ਨਿਰੀਖਣ ਕੀਤਾ ਗਿਆ।ਕਲੱਬ ਦੇ ਵੱਲੋਂ ਰੋਟਰੀ ਦੀ ਮਹਿਲਾ ਪ੍ਰਧਾਨ ਡਾ. ਗਾਇਤਰੀ ਸ਼ੂਰ, ਸਕੱਤਰ ਡਾ. ਅਰਪਿਤਾ ਕਾਂਸਲ ਅਤੇ ਕਲੱਬ ਦੇ ਜੀ. ਐੱਸ. ਆਰ. ਡਾ. ਰਮਨ ਗੁਪਤਾ, ਚਾਰਟਰਡ ਪ੍ਰਧਾਨ ਰਜੇਸ਼ ਅਰੋੜਾ ਆਦਿ ਦੀ ਪ੍ਰਧਾਨਗੀ ਵਿੱਚ ਰਾਮ ਬਾਗ ਸਥਿਤ ਸਰਵਿਸ ਕਲੱਬ ਵਿਖੇ ਇੱਕ ਸਮਾਗਮ ਦਾ ਆਯੋਜਨ ਕੀਤਾ ਗਿਆ।ਕਲੱਬ ਦੇ ਵੱਲੋਂ ਆਪਣੇ ਕਾਰਜਕਾਲ ਵਿੱਚ ਹੁਣ ਤੱਕ ਕੀਤੇ ਗਏ ਦੇਸ਼ ਅਤੇ ਸਮਾਜ ਭਲਾਈ ਕੰਮਾਂ ਦੇ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ।ਗਵਰਨਰ ਰੋਹਿਤ ਓਬਰਾਏ ਨੇ ਦੱਸਿਆ ਕਿ ਰੋਟਰੀ 3070 ਇੱਕ ਵਿਸ਼ਾਲ ਰੋਟਰੀ ਜ਼ਿਲ੍ਹਾ ਹੈ ਜਿਸ ਵਿੱਚ ਪੰਜਾਬ, ਹਿਮਾਚਲ, ਜੰਮੂ-ਕਸ਼ਮੀਰ ਅਤੇ ਲੇਅ ਲੱਦਾਖ ਦੇ ਬਹੁਤ ਸਾਰੇ ਖੇਤਰ ਆਉਂਦੇ ਹਨ। ਸਾਰੀਆਂ ਕਲੱਬਾਂ ਰੋਟਰੀ ਫਾਊਂਡੇਸ਼ਨ ਵਿੱਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਦੇ ਰਹੀਆਂ ਹਨ। ਇਸ ਵਿੱਚ ਰੋਟਰੀ ਪ੍ਰੀਮੀਅਰ ਦਾ ਵੀ ਸ਼ਲਾਘਾਯੋਗ ਯੋਗਦਾਨ ਹੈ।ਗਵਰਨਰ ਵੱਲੋਂ ਸਮੂਹ ਮੈਂਬਰਾਂ ਨੂੰ ਨਿਵੇਦਨ ਕੀਤਾ ਕਿ ਉਹ ਰੋਟਰੀ ਦੀ ਮੈਂਬਰੀ ਨੂੰ ਵਧਾਉਣ ਦੀ ਕੋਸ਼ਿਸ਼ ਕਰਨ।ਸਮਾਗਮ ਵਿੱਚ ਰੋਟਰੀ ਦੇ ਜ਼ੋਨਲ ਚੇਅਰਮੈਨ ਸਾਬਕਾ ਜ਼ਿਲ੍ਹਾ ਖਜ਼ਾਨਾ ਅਧਿਕਾਰੀ ਵਿਜੇ ਭਸੀਨ, ਰੋਟਰੀ ਦੇ ਜ਼ਿਲ੍ਹਾ ਸਕੱਤਰ ਐੱਚ. ਐੱਸ, ਜੋਗੀ, ਡਾ. ਸੋਮਿਲ ਕਾਂਸਲ, ਡਾ. ਸੂਰਜ ਸ਼ੂਰ, ਡਾ. ਪੂਨਮ ਓਹਰੀ, ਡਾ. ਪਾਰੁਲ ਗੋਇਲ, ਰਜੇਸ਼ ਭਦਵਾਰ, ਡਾ. ਮੁਸਕਾਨ ਅਰੋੜਾ, ਡਾ. ਪੰਕਜ ਗੋਇਲ, ਡਾ. ਸੰਜੀਵ ਕੋਹਲੀ, ਡਾ. ਦਮਨ, ਡਾ. ਰੋਹਿਤ ਮਹਾਜਨ, ਮੈਡਮ ਸੁਰਭੀ, ਮੈਡਮ ਰੋਜੀ, ਡਾ. ਗੁਰਪੂਰਨ ਬਾਂਸਲ, ਡਾ. ਸੁਸ਼ਾਂਤ, ਵਰੁਣ ਮਹਾਜਨ, ਡਾ. ਮੋਨਿਕਾ, ਚੰਦਰ ਸਹਿਤ ਰੋਟਰੀ ਕਲੱਬ ਪ੍ਰੀਮੀਅਰ ਦੇ ਸਮੂਹ ਮੈਂਬਰ ਮੌਜੂਦ ਸਨ। ਸਮਾਗਮ ਦੇ ਅੰਤ ਵਿੱਚ ਮੁੱਖ ਮਹਿਮਾਨ ਰੋਹਿਤ ਓਬਰਾਏ, ਵਿਜੇ ਭਸੀਨ, ਐੱਚ. ਐੱਸ. ਜੋਗੀ ਆਦਿ ਨੂੰ ਸਨਮਾਨਿਤ ਵੀ ਕੀਤਾ ਗਿਆ।


**AXIS BANK** Retail Assets Center: AXIS Bank Ltd, "2nd and 3rd Floor, Property No. 7-E, Malhar Road, Saraabha Nagar, Ludhiana -141001. Retail Assets Center: Axis Bank Ltd, 3rd Floor, SCO 367-368, Above Akash Institute, Sector 34A, Chandigarh – 160022. Corporate Office: 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025. Registered Office: 'Trishul', 3rd floor, opposite Samartheswar Temple, Law garden, Ellisbridge, Ahmedabad-380006

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ [illegible]

| ਕਰਜ਼ਦਾਰ/ਗਰੰਟਰ/ਰਹਿਣਕਾਰ ਦਾ ਨਾਂਅ ਅਤੇ ਪਤਾ | ਐਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ | ਕਰਜ਼ੇ ਦੀ ਰਕਮ |
|---|---|---|---|---|
| (1) ਸ੍ਰੀਮਤੀ ਗੁਰਮੀਤ ਕੌਰ [illegible] | 08th Oct 2025 | 14th Oct 2025 | Rs. 20,70,770/- | 24,50,000/- |
| ਰਿਹਾਇਸ਼ੀ ਜਾਇਦਾਦ [illegible] | | | | |
| 1. ਸ੍ਰੀ ਸੁਖਕਰਨ ਸਿੰਘ [illegible] | 28th May 2025 | 06th Oct 2025 | Rs. 26,40,518/- | 24,36,188/- |
| ਰਿਹਾਇਸ਼ੀ ਜਾਇਦਾਦ [illegible] | | | | |

[illegible]

ਮਿਤੀ : 16-12-2025 | ਸਥਾਨ : ਪੰਜਾਬ | ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ



# ਕੁਲਦੀਪ ਧਾਲੀਵਾਲ ਦਾ ਸੁਖਜਿੰਦਰ ਰੰਧਾਵਾ 'ਤੇ ਤਿੱਖਾ ਹਮਲਾ

## ਕਿਹਾ; ਕੈਪਟਨ ਦੀਆਂ ਸਿਫ਼ਤਾਂ ਕਰਨ ਵਾਲੇ ਰੰਧਾਵਾ ਖੁਦ ਭਾਜਪਾ 'ਚ ਜਾਣ ਦੀ ਤਿਆਰੀ 'ਚ




**ਅੰਮ੍ਰਿਤਸਰ/ਚੰਡੀਗੜ੍ਹ (ਜਸਬੀਰ ਸਿੰਘ ਪੱਟੀ)**-'ਆਪ' ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਵਿੱਚ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹਨ 'ਤੇ ਪੰਜਾਬੀਆਂ ਦਾ ਧੰਨਵਾਦ ਕੀਤਾ।ਜ਼ਿਲਾ ਪ੍ਰਧਾਨ ਅੰਮ੍ਰਿਤਸਰ-ਸ਼ਹਿਰੀ ਪ੍ਰਭਬੀਰ ਸਿੰਘ ਬਰਾੜ ਦੇ ਨਾਲ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬਹੁਤ ਹੀ ਅਮਨ-ਚੈਨ ਨਾਲ ਵੋਟਾਂ ਪਾ ਕੇ ਵਿਰੋਧੀਆਂ ਦੇ ਉਸ ਝੂਠੇ ਪ੍ਰਚਾਰ ਦਾ ਮੂੰਹ ਤੋੜ ਜਵਾਬ ਦਿੱਤਾ ਹੈ, ਜਿਸ ਵਿੱਚ ਕਿਹਾ ਜਾ ਰਿਹਾ ਸੀ ਕਿ ਲੋਕਤੰਤਰ ਦਾ ਘਾਣ ਹੋ ਰਿਹਾ ਹੈ ਜਾਂ ਬੈਲਟ ਪੇਪਰ ਲੁੱਟੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਢੇ ਬਾਰਾਂ ਹਜ਼ਾਰ ਪਿੰਡਾਂ ਵਿੱਚੋਂ ਮਹਿਜ਼ ਕੁਝ ਥਾਵਾਂ ਨੂੰ ਛੱਡ ਕੇ ਬਾਕੀ ਪੂਰੇ ਪੰਜਾਬ ਵਿੱਚ ਚੋਣ ਪ੍ਰਕਿਰਿਆ ਸ਼ਾਂਤਮਈ ਰਹੀ।ਉੱਥੇ ਹੀ ਕਾਂਗਰਸੀ ਆਗੂ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਤਾਰੀਫ਼ ਕਰਨ 'ਤੇ ਧਾਲੀਵਾਲ ਨੇ ਕਿਹਾ ਕਿ ਰੰਧਾਵਾ ਦਾ ਇਹ ਬਿਆਨ ਭਾਜਪਾ ਵਿੱਚ ਸ਼ਾਮਲ ਹੋਣ ਲਈ ਰਾਹ ਪੱਧਰਾ ਕਰਨ ਦੀ ਇੱਕ ਕੋਸ਼ਿਸ਼ ਹੈ।ਧਾਲੀਵਾਲ ਨੇ ਕਿਹਾ ਕਿ ਰੰਧਾਵਾ ਵੱਲੋਂ ਅਚਾਨਕ ਕੈਪਟਨ ਅਮਰਿੰਦਰ ਸਿੰਘ ਦੀਆਂ ਸਿਫ਼ਤਾਂ ਕਰਨੀਆਂ ਕਈ ਸਵਾਲ ਖੜ੍ਹੇ ਕਰਦਾ ਹੈ।ਉਨ੍ਹਾਂ ਪੁੱਛਿਆ ਕਿ ਜਦੋਂ 2021 ਵਿੱਚ ਕੈਪਟਨ ਨੂੰ ਗੱਦੀ ਤੋਂ ਲਾਹਿਆ ਗਿਆ ਸੀ, ਉਦੋਂ ਸੁਖੀ ਰੰਧਾਵਾ ਹੀ ਸਭ ਤੋਂ ਅੱਗੇ ਹੋ ਕੇ ਕੈਪਟਨ 'ਤੇ ਦੋਸ਼ ਲਗਾ ਰਹੇ ਸਨ ਕਿ ਉਨ੍ਹਾਂ ਨੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਵੀ ਨਸ਼ੇ ਦਾ ਲੱਕ ਨਹੀਂ ਤੋੜਿਆ ਅਤੇ ਨਾ ਹੀ ਘਰ-ਘਰ ਨੌਕਰੀ ਦਿੱਤੀ। ਧਾਲੀਵਾਲ ਨੇ ਕਿਹਾ ਕਿ ਅੱਜ ਰੰਧਾਵਾ ਸਪੱਸ਼ਟ ਕਰਨ ਕਿ ਕੈਪਟਨ ਉਦੋਂ ਠੀਕ ਸਨ ਜਾਂ ਅੱਜ ਠੀਕ ਹਨ? ਅਸਲ ਵਿੱਚ ਰੰਧਾਵਾ ਅਤੇ ਕੈਪਟਨ ਦੋਵੇਂ ਹੀ ਆਪਣੀ ਜ਼ੁਬਾਨ ਦੇ ਕੱਚੇ ਹਨ।ਧਾਲੀਵਾਲ ਨੇ ਦਾਅਵਾ ਕੀਤਾ ਕਿ ਸੁਖਜਿੰਦਰ ਰੰਧਾਵਾ ਦੇ ਬਿਆਨਾਂ ਤੋਂ ਸਪੱਸ਼ਟ ਹੈ ਕਿ ਉਹ ਕਾਂਗਰਸ ਦੀ ਬੇੜੀ ਡੋਬ ਕੇ ਭਾਜਪਾ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ।ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਦਾ ਇਤਿਹਾਸ ਰਿਹਾ ਹੈ ਕਿ ਉਹ ਹਮੇਸ਼ਾ ਸੱਤਾ ਦੇ ਨਾਲ ਚੱਲਦੇ ਹਨ, ਭਾਵੇਂ ਮੁਗਲਾਂ ਦਾ ਸਮਾਂ ਹੋਵੇ, ਅੰਗਰੇਜ਼ਾਂ ਦਾ, ਕਾਂਗਰਸ ਦਾ ਜਾਂ ਹੁਣ ਭਾਜਪਾ ਦਾ। ਕੈਪਟਨ ਪਰਿਵਾਰ ਬਿਨਾਂ ਸੱਤਾ ਤੋਂ ਨਹੀਂ ਰਹਿ ਸਕਦਾ।ਆਪ ਆਗੂ ਨੇ ਕਿਹਾ ਕਿ ਪੰਜਾਬ ਦੇ ਲੋਕ ਇਨ੍ਹਾਂ ਮੌਕਾਪ੍ਰਸਤ ਆਗੂਆਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ।ਜਿਵੇਂ 2022 ਵਿੱਚ ਲੋਕਾਂ ਨੇ ਕਾਂਗਰਸ ਨੂੰ ਨਕਾਰਿਆ ਸੀ, ਆਉਣ ਵਾਲੇ ਸਮੇਂ ਵਿੱਚ ਇਸ ਤੋਂ ਵੀ ਬੁਰਾ ਹਾਲ ਹੋਵੇਗਾ।ਉਨ੍ਹਾਂ ਕਿਹਾ ਕਿ ਸੁੱਖੀ ਰੰਧਾਵਾ ਵਰਗੇ ਆਗੂ ਜੋ ਖੁਦ ਮੁੱਖ ਮੰਤਰੀ ਬਣਨ ਦੀ ਦੌੜ ਵਿੱਚ ਸਨ, ਅੱਜ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਨਾਲ ਲਿੰਕ ਬਣਾ ਕੇ ਆਪਣਾ ਸਿਆਸੀ ਭਵਿੱਖ ਲੱਭ ਰਹੇ ਹਨ, ਪਰ ਪੰਜਾਬੀ ਹੁਣ ਇਨ੍ਹਾਂ ਦੀਆਂ ਚਾਲਾਂ ਵਿੱਚ ਨਹੀਂ ਆਉਣਗੇ।

# ਕਮਾਂਡਿੰਗ ਅਫ਼ਸਰ ਸਵਿਤਾ ਮੌਰਿਆ ਵੱਲੋਂ ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਭਿੱਖੀਵਿੰਡ ਦੀ ਫੇਰੀ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸ਼ਹੀਦ ਭਗਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ ਨੂੰ ਉਸ ਵੇਲੇ ਵੱਡਾ ਮਾਣ ਹਾਸਲ ਹੋਇਆ ਜਦੋਂ ਕਮਾਂਡਿੰਗ ਅਫ਼ਸਰ ਸਵਿਤਾ ਮੌਰਿਆ ਸਕੂਲ ਵਿੱਚ ਉਚੇਚੇ ਤੌਰ 'ਤੇ ਪੁੱਜੇ।ਸਕੂਲ ਪਹੁੰਚਣ 'ਤੇ ਉਨ੍ਹਾਂ ਦਾ ਪ੍ਰਿੰਸੀਪਲ ਮਨਪ੍ਰੀਤ ਕੌਰ ਸਮੇਤ ਸਮੁੱਚੇ ਸਟਾਫ ਵੱਲੋਂ ਹਾਰਦਿਕ ਸਵਾਗਤ ਕੀਤਾ ਗਿਆ।ਇਸ ਮੌਕੇ ਸਵਿਤਾ ਮੌਰਿਆ ਨੇ ਦੇਸ਼ ਦੀ ਸੇਵਾ ਦੌਰਾਨ ਸ਼ਹੀਦ ਹੋਏ ਬਹਾਦਰ ਸਾਬਕਾ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਤੇ ਸ਼ਹੀਦ ਫੌਜੀਆਂ ਦੇ ਪਰਿਵਾਰਾਂ ਦੀਆਂ ਸਮੱਸਿਆਵਾਂ ਧਿਆਨ ਨਾਲ ਸੁਣਦਿਆਂ ਉਨ੍ਹਾਂ ਦੇ ਜਲਦੀ ਤੋਂ ਜਲਦੀ ਹੱਲ ਲਈ ਪੂਰੀ ਸਹਾਇਤਾ ਕਰਨ ਦਾ ਭਰੋਸਾ ਦਿਵਾਇਆ।ਉਨ੍ਹਾਂ ਕਿਹਾ ਕਿ ਦੇਸ਼ ਲਈ ਕੀਤੀਆਂ ਇਹ ਕੁਰਬਾਨੀਆਂ ਕਦੇ ਭੁਲਾਈਆਂ ਨਹੀਂ ਜਾ ਸਕਦੀਆਂ ਅਤੇ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਦਾ ਪ੍ਰੇਰਣਾ ਸਰੋਤ ਰਹਿਣਗੀਆਂ।ਉਨ੍ਹਾਂ ਵਿਦਿਆਰਥੀਆਂ ਨੂੰ ਲਗਨ ਨਾਲ ਪੜ੍ਹ ਕੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਪ੍ਰਬੰਧਕਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਇਸ ਗੌਰਵਮਈ ਦੌਰੇ ਲਈ ਸਵਿਤਾ ਮੌਰਿਆ ਦਾ ਦਿਲੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਪੱਧਰੀ ਇਕੱਤਰਤਾ



**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਗੁਰਦਾਸਪੁਰ ਦੀ ਜ਼ਿਲ੍ਹਾ ਪੱਧਰੀ ਇਕੱਤਰਤਾ ਸ਼ਹੀਦ ਬਲਜੀਤ ਸਿੰਘ ਯਾਦਗਾਰੀ ਹਾਲ ਗੁਰਦਾਸਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਸ. ਜਵੰਦ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਅਵਿਨਾਸ਼ ਸਿੰਘ, ਪ੍ਰਕਾਸ਼ ਚੰਦ, ਸੁਰੇਸ਼ ਸ਼ਰਮਾ, ਮੱਖਣ ਕੁਹਾੜ, ਪਿਆਰਾ ਸਿੰਘ ਡਡਵਾਂ, ਵਿਨੋਦ ਸ਼ਰਮਾ, ਜੋਗਿੰਦਰ ਪਾਲ ਕਲੀਜਪੁਰ, ਜਗਦੀਪ ਸਿੰਘ, ਰਘਬੀਰ ਸਿੰਘ ਚਾਹਲ, ਰਮੇਸ਼ ਚੰਦਰ, ਗੁਰਦੀਪ ਸਿੰਘ, ਨਰਿੰਦਰ ਸਿੰਘ ਕਾਹਲੋਂ, ਸੇਵਾ ਸਿੰਘ, ਪ੍ਰਿੰਸੀਪਲ ਕੁਲਵੰਤ ਸਿੰਘ, ਸੋਹਣ ਸਿੰਘ ਅਤੇ ਪਰਵਿੰਦਰ ਕੁਮਾਰ ਹਾਜ਼ਰ ਸਨ। ਇਸ ਇਕੱਤਰਤਾ ਦੌਰਾਨ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਲਗਾਉਣ ਹਿਤ ਵਿਸਥਾਰ ਸਹਿਤ ਵਿਚਾਰ-ਚਰਚਾ ਹੋਈ ਅਤੇ ਸਭ ਨੂੰ ਡਿਊਟੀਆਂ ਸੌਂਪ ਦਿੱਤੀਆਂ ਗਈਆਂ ਤੇ ਹੋਰ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਤਿਆਰੀ ਇਕੱਤਰਤਾ ਵਿਚ ਹਾਜ਼ਰ ਮੈਂਬਰਾਂ ਵਲੋਂ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ ਗਏ ਜਿਸ ਵਿਚ ਆਪਣੇ ਜੀਵਨ ਦੇ 80 ਸਾਲ ਪੂਰੇ ਕਰ ਚੁੱਕੇ ਸਾਥੀਆਂ ਨੂੰ ਯੂਨਿਟ ਅਨੁਸਾਰ ਆਦਰ ਸਹਿਤ ਬਿਠਾਉਣ, ਯੂਨਿਟ ਅਨੁਸਾਰ ਸਨਮਾਨਿਤ ਕਰਕੇ ਤਸਵੀਰ ਕਰਨ ਤੇ ਖਾਣੇ ਦਾ ਵੱਖਰਾ ਪ੍ਰਬੰਧ ਕਰਨ ਦੇ ਫੈਸਲੇ ਲਏ ਗਏ। ਅਖੀਰ ਵਿਚ ਜ਼ਿਲ੍ਹਾ ਪ੍ਰਧਾਨ ਸ. ਜਵੰਦ ਸਿੰਘ ਵਲੋਂ ਜ਼ਿਲ੍ਹਾ ਭਰ ਦੇ ਪੈਨਸ਼ਨਰਾਂ ਨੂੰ 19 ਦਸੰਬਰ ਦਿਨ ਸ਼ੁੱਕਰਵਾਰ ਨੂੰ ਚੰਦਨ ਪੈਲਸ ਗੁਰਦਾਸਪੁਰ ਵਿਖੇ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਦਾ ਸੱਦਾ ਦਿੱਤਾ ਗਿਆ ਅਤੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।


**SBI** BRANCH: HLC SANGRUR DISTRICT : SANGRUR (PB) email : sbi.64793@sbi.co.in

**[ ਰੂਲ-8 (1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਭਾਰਤੀ ਸਟੇਟ ਬੈਂਕ ਐੱਚ ਐੱਲ ਸੀ, ਸੰਗਰੂਰ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੀ ਜਾਂਦੀ ਧਾਰਾ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈ ਮਿਤੀ ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਹੈ, ਜਿਸ ਦੁਆਰਾ ਦੱਸੇ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ ਕਰਜ਼ਦਾਰ/ਗਰੰਟਰ ਨੂੰ 60 ਦਿਨਾਂ ਦੇ ਅੰਦਰ-ਅੰਦਰ ਦਰਸਾਈ ਰਾਸ਼ੀ ਅਦਾ ਕਰਨ ਲਈ ਕਿਹਾ ਹੈ।
ਕਰਜ਼ਦਾਰ ਅਤੇ ਗਰੰਟਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਕਰਜ਼ਦਾਰ, ਗਰੰਟਰ ਅਤੇ ਆਮ ਜਨਤਾ ਨੂੰ ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ-ਹਸਤਾਖਰੀ ਨੇ ਦੱਸੇ ਗਏ ਰੂਲਜ਼ ਦੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਸ ਨੂੰ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗਿਰਵੀ ਰੱਖੀ ਹੇਠਾਂ ਦਰਸਾਈ ਜਾਇਦਾਦ ਦਾ ਖਾਤੇ ਵਿਰੁੱਧ ਲਿਖੀਆਂ ਮਿਤੀਆਂ ਨੂੰ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਭਾਰਤੀ ਸਟੇਟ ਬੈਂਕ, ਐੱਚ ਐੱਲ ਸੀ ਸੰਗਰੂਰ ਨੂੰ ਹੇਠਾਂ ਹਰੇਕ ਵਿਰੁੱਧ ਦਰਸਾਈ ਰਕਮ ਮਨਫੀ ਵਸੂਲੀ ਦੀ ਰਕਮ ਜੇਕਰ ਕੋਈ ਹੈ, ਸਮੇਤ ਭਵਿੱਖੀ ਵਿਆਜ ਅਤੇ ਹੋਰ ਲਾਗਤਾਂ ਦੀ ਵਸੂਲੀ ਦਾ ਹੱਕਦਾਰ ਬਣਾਵੇਗਾ। ਕਰਜ਼ਦਾਰਾਂ ਅਤੇ ਗਰੰਟਰਾਂ ਦਾ ਧਿਆਨ ਸਕਿਓਰਡ ਅਸਾਸਿਆਂ ਦੇ ਪੁਨਰਗ੍ਰਹਿਣ ਲਈ ਉਪਲੱਬਧ ਸਮੇਂ ਦੇ ਸੰਬੰਧ ਵਿੱਚ ਐਕਟ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਲੜੀ ਨੰ | ਕਰਜ਼ਦਾਰ/ਗਰੰਟਰ ਅਤੇ ਜਾਇਦਾਦ ਦਾ ਮਾਲਕ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|---|
| 01. | (ਕਰਜ਼ਦਾਰ) : ਸ੍ਰੀ ਸੰਜੀਵ ਕੁਮਾਰ ਪੁੱਤਰ ਮੰਗੂ ਰਾਮ ਵਾਸੀ ਵਾਰਡ ਨੰ. 13 ਸਾਹਮਣੇ ਡਾਕਖਾਨਾ, ਮੂਨਕ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ (ਪੰਜਾਬ)-148033 ਅਤੇ ਗਰੰਟਰ : ਸ੍ਰੀ ਸੁਭਾਸ਼ ਕੁਮਾਰ ਪੁੱਤਰ ਸ੍ਰੀ ਲੱਭੂ ਰਾਮ # 67 ਨੇੜੇ ਡਾਕਖਾਨਾ ਮੂਨਕ, ਤਹਿਸੀਲ ਮੂਨਕ ਜ਼ਿਲ੍ਹਾ ਸੰਗਰੂਰ (ਪੰਜਾਬ)-148033 | ਬੈਨਾਮਾ ਵਸੀਕਾ ਨੰ. 384 ਮਿਤੀ 9/11/2010 ਅਨੁਸਾਰ ਸ੍ਰੀ ਸੰਜੀਵ ਕੁਮਾਰ ਪੁੱਤਰ ਸ੍ਰੀ ਮੰਗੂ ਰਾਮ ਦੀ ਜਾਇਦਾਦ ਜੋ ਕਿ ਮਕਾਨ 60.58 ਵਰਗ ਗਜ਼, ਵਾਰਡ ਨੰ. 13 ਵਿਖੇ ਸਥਿਤ, ਮੂਣਕ, ਜ਼ਿਲ੍ਹਾ ਸੰਗਰੂਰ (ਪੰਜਾਬ) ਨਾਲ ਸੰਬੰਧਤ ਸਭ ਕੁਝ। ਉਕਤ ਜਾਇਦਾਦ ਦੀਆਂ ਹੱਦਾਂ ਹਨ :- ਪੂਰਬ: ਸ੍ਰੀ ਵੇਦ ਪ੍ਰਕਾਸ਼ ਦਾ ਮਕਾਨ, ਪੱਛਮ: ਖੁਦ ਮਾਲਕ, ਉੱਤਰ : ਗਲੀ, ਦੱਖਣ : ਸ੍ਰੀ ਸਤੀਸ਼ ਕੁਮਾਰ ਦਾ ਮਕਾਨ। | 23.05.2023 | 10.12.2025 | ਸੰਕੇਤਕ ਕਬਜ਼ਾ — ਮਿਤੀ 23/05/2023 ਨੂੰ ਰੁਪਏ 4,48, 108. 70 (ਰੁਪਏ ਚਾਰ ਲੱਖ ਅਠਤਾਲੀ ਹਜ਼ਾਰ ਇੱਕ ਸੌ ਅੱਠ ਰੁਪਏ ਸੱਤਰ ਪੈਸੇ ਕੇਵਲ) ਜਮ੍ਹਾਂ ਉਕਤ ਰਕਮ 'ਤੇ ਠੇਕਾ ਦਰ ਨਾਲ ਭਵਿੱਖੀ ਵਿਆਜ ਸਮੇਤ ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਆਦਿ |
| 02. | (ਕਰਜ਼ਦਾਰ) : ਸ੍ਰੀਮਤੀ ਊਸ਼ਾ ਪਤਨੀ ਸ੍ਰੀ ਜਸਬੀਰ ਸਿੰਘ ਵਾਸੀ ਵਾਰਡ ਨੰ. 1 ਗਲੀ ਨੰ. 4 ਅਮਰਪੁਰਾ ਮੁਹੱਲਾ, ਪਿੰਡ ਬਹਾਦੁਰਗੜ੍ਹ ਮੰਡੀ, ਜ਼ਿਲ੍ਹਾ ਮਲੇਰਕੋਟਲਾ (ਪੰਜਾਬ)-148021 ਅਤੇ ਗਰੰਟਰ : ਸ੍ਰੀ ਜਸਬੀਰ ਸਿੰਘ ਪੁੱਤਰ ਸ੍ਰੀ ਮਲਕੀਤ ਸਿੰਘ ਵਾਸੀ ਵਾਰਡ ਨੰ. 1 ਗਲੀ ਨੰ. 4 ਅਮਰਪੁਰਾ ਮੁਹੱਲਾ, ਪਿੰਡ ਬਹਾਦੁਰਗੜ ਮੰਡੀ, ਅਹਿਮਦਗੜ੍ਹ, ਜ਼ਿਲ੍ਹਾ ਮਲੇਰਕੋਟਲਾ (ਪੰਜਾਬ)-148021 | ਬੈਨਾਮਾ ਵਸੀਕਾ ਨੰ. 609 ਮਿਤੀ 08/07/2009 ਅਨੁਸਾਰ ਸ੍ਰੀਮਤੀ ਊਸ਼ਾ ਦੇਵੀ ਪਤਨੀ ਸ੍ਰੀ ਜਸਵੀਰ ਸਿੰਘ ਦੇ ਨਾਂਅ ਰਿਹਾਇਸ਼ੀ ਮਕਾਨ ਦਾ ਉਚਿਤ ਗਿਰਵੀਨਾਮਾ ਰਕਬਾ 02 ਕਨਾਲ 5 ਮਰਲਾ (150 ਵਰਗ ਗਜ਼) ਖਸਰਾ ਨੰ. 14//24/2/1/2/5/0-10, ਅਮਰਪੁਰਾ ਮੁਹੱਲਾ ਵਿਖੇ ਸਥਿਤ, ਬਹਾਦਰਗੜ੍ਹ, ਮੰਡੀ ਅਹਿਮਦਗੜ੍ਹ, ਤਹਿਸੀਲ ਅਹਿਮਦਗੜ੍ਹ, ਜ਼ਿਲ੍ਹਾ ਮਲੇਰਕੋਟਲਾ (ਪੰਜਾਬ) ਨਾਲ ਸੰਬੰਧਤ ਸਭ ਕੁਝ। ਉਕਤ ਜਾਇਦਾਦ ਦੀਆਂ ਹੱਦਾਂ ਹਨ :- ਪੂਰਬ : ਗਲੀ, ਪੱਛਮ : ਭੁਪਿੰਦਰ ਸਿੰਘ, ਉੱਤਰ : ਪ੍ਰਕਾਸ਼ ਚੰਦ, ਦੱਖਣ : ਜਰਨੈਲ ਸਿੰਘ | 09.06.2023 | 11.12.2025 | ਸੰਕੇਤਕ ਕਬਜ਼ਾ — ਮਿਤੀ 09/06/2023 ਨੂੰ ਰੁਪਏ 4,81,910.00 ( ਚਾਰ ਲੱਖ ਇਕਾਸੀ ਹਜ਼ਾਰ ਨੌ ਸੌ ਦਸ ਰੁਪਏ ਕੇਵਲ) ਜਮ੍ਹਾਂ ਉਕਤ ਰਕਮ 'ਤੇ ਠੇਕਾ ਦਰ ਨਾਲ ਭਵਿੱਖੀ ਵਿਆਜ ਸਮੇਤ ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਆਦਿ |
| 03. | 3. (ਕਰਜ਼ਦਾਰ) : ਸਵਰਗੀ ਸ੍ਰੀ ਮੁਹੰਮਦ ਹੁਸੈਨ ਪੁੱਤਰ ਸ੍ਰੀ ਮੁਹੰਮਦ ਹਲੀਮ ਵਾਸੀ ਮਕਾਨ ਨੰ. 553, ਛੋਟਾ ਖਾੜਾ, ਭੁਮਸੀ ਚੌਂਕ, ਮਾਲੇਕੋਟਲਾ, ਜ਼ਿਲ੍ਹਾ ਮਲੇਰਕੋਟਲਾ (148023) ਰਾਹੀਂ ਇਹਨਾਂ ਦੇ ਕਾਨੂੰਨੀ ਵਾਰਿਸ (ਏ) ਸ੍ਰੀਮਤੀ ਜਾਵੇਦਾ ਪਤਨੀ ਸਵਰਗੀ ਸ੍ਰੀ ਮੁਹੰਮਦ ਹੁਸੈਨ ਵਾਸੀ ਮਕਾਨ ਨੰ. 553, ਛੋਟਾ ਖਾੜਾ, ਭੁਮਸੀ ਚੌਂਕ, ਮਾਲੇਕੋਟਲਾ, ਜ਼ਿਲ੍ਹਾ ਮਲੇਰਕੋਟਲਾ (148023) (ਬੀ) ਸ੍ਰੀਮਤੀ ਨਾਜੀਆ ਪ੍ਰਵੀਨ ਪੁੱਤਰੀ ਸ੍ਰੀ ਮੁਹੰਮਦ ਹੁਸੈਨ ਵਾਸੀ ਮਕਾਨ ਨੰ. 553, ਛੋਟਾ ਖਾੜਾ, ਭੁਮਸੀ ਚੌਂਕ, ਮਲੇਕੋਟਲਾ, ਜ਼ਿਲ੍ਹਾ ਮਲੇਰਕੋਟਲਾ (148023) (ਸੀ) ਸ੍ਰੀਮਤੀ ਸਾਜੀਆ ਪੁੱਤਰੀ ਸਵਰਗੀ ਸ੍ਰੀ ਮੁਹੰਮਦ ਹੁਸੈਨ ਵਾਸੀ ਮਕਾਨ ਨੰ. 553, ਛੋਟਾ ਖਾੜਾ, ਭੁਮਸੀ ਚੌਂਕ, ਮਾਲੇਕੋਟਲਾ, ਜ਼ਿਲ੍ਹਾ ਮਾਲੇਰਕੋਟਲਾ (148023) (ਡੀ) ਸ੍ਰੀਮਤੀ ਅਮੀਨਾ ਪੁੱਤਰੀ ਸਵਰਗੀ ਮੁਹੰਮਦ ਹੁਸੈਨ ਵਾਸੀ ਮਕਾਨ ਨੰ. 553, ਛੋਟਾ ਖਾੜਾ, ਭੁਮਸੀ ਚੌਂਕ, ਮਲੇਕੋਟਲਾ, ਜ਼ਿਲ੍ਹਾ ਮਲੇਰਕੋਟਲਾ (148023) ਅਤੇ ਗਰੰਟਰ ਸ੍ਰੀ ਰਾਜੇਸ਼ ਕੁਮਾਰ ਜਿੰਦਲ ਪੁੱਤਰ ਸ੍ਰੀ ਮਦਨ ਲਾਲ ਵਾਸੀ ਗਰੀਨ ਐਵੇਨਿਊ ਮਾਲੇਰਕੋਟਲਾ ਜ਼ਿਲ੍ਹਾ ਮਲੇਰਕੋਟਲਾ (ਪੰਜਾਬ) 148023 | ਬੈਨਾਮਾ ਵਸੀਕਾ ਨੰ. 1295 ਮਿਤੀ 21/04/2008 ਅਨੁਸਾਰ ਲੇਟ ਸ੍ਰੀ ਮੁਹੰਮਦ ਹੁਸੈਨ ਪੁੱਤਰ ਸ੍ਰੀ ਮੁਹੰਮਦ ਹਲੀਮ ਦੇ ਨਾਂਅ ਜ਼ਮੀਨ ਅਤੇ ਇਮਾਰਤ ਖੱਤਾ ਨੰ. 3392/6063, ਖਸਰਾ ਨੰ. 1036/1(1-15) ਖੇਤਰ ਰਕਬਾ 0 ਕਨਾਲ 6 1/2 ਮਰਲਾ, ਜੋ ਕਿ 198.12 ਵਰਗ ਗਜ਼ ਕੁੱਲ ਜ਼ਮੀਨ ਰਕਬਾ 1 ਕਨਾਲ 15 ਮਰਲਾ ਦਾ 13/70 ਹਿੱਸਾ ਪਿੰਡ ਮਲੇਰਕੋਟਲਾ ਵਿਖੇ ਸਥਿਤ, ਮਾਲੀਆ ਅਸਟੇਟ ਮਲੇਰਕੋਟਲਾ ਦੇ ਨਾਂਅ ਨਾਲ ਜਾਣੀ ਜਾਂਦੀ ਥਾਂ, ਜਮ੍ਹਾਂਬੰਦੀ ਸਾਲ 2013-14 ਨਾਲ ਸੰਬੰਧਤ ਸਭ ਕੁਝ। ਉਕਤ ਜਾਇਦਾਦ ਦੀਆਂ ਹੱਦਾਂ ਹਨ :- ਪੂਰਬ : ਗਲੀ, ਪੱਛਮ : ਨਹਿਰੂ ਦਾ ਮਕਾਨ, ਉੱਤਰ : ਹਾਜੀ ਮੁਹੰਮਦ ਯਾਮੀਨ ਦਾ ਮਕਾਨ, ਦੱਖਣ : ਬਸ਼ੀਰ ਦਾ ਮਕਾਨ | 29.09.2025 | 08.12.2025 | ਸੰਕੇਤਕ ਕਬਜ਼ਾ — ਮਿਤੀ 23/09/2025 ਨੂੰ ਰੁਪਏ 8,53,242.00 ( ਅੱਠ ਲੱਖ ਤਰਵੰਜਾ ਹਜ਼ਾਰ ਦੋ ਸੌ ਬਤਾਲੀ ਰੁਪਏ ਕੇਵਲ) ਜਮ੍ਹਾਂ ਉਕਤ ਰਕਮ 'ਤੇ ਠੇਕਾ ਦਰ ਨਾਲ ਭਵਿੱਖੀ ਵਿਆਜ ਸਮੇਤ ਅਚਨਚੇਤੀ ਖਰਚੇ, ਲਾਗਤਾਂ, ਚਾਰਜਿਜ਼ ਆਦਿ |

ਮਿਤੀ : 15-12-2025 | ਸਥਾਨ : ਸੰਗਰੂਰ | ਅਧਿਕਾਰਤ ਅਫਸਰ

# ਨਸ਼ਿਆਂ ਦੇ ਖ਼ਾਤਮੇ ਤੇ ਬਾਲ ਵਿਆਹ ਦੀ ਰੋਕਥਾਮ ਸੰਬੰਧੀ ਜਾਗਰੂਕਤਾ ਮੁਹਿੰਮ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਨੀਰਜ ਗੋਇਲ ਦੀ ਅਗਵਾਈ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਵੱਖ-ਵੱਖ ਸਬ-ਡਵੀਜ਼ਨਾਂ ਦੇ ਪਿੰਡਾਂ ਵਿਚ ਨਸ਼ੇ ਦੇ ਖ਼ਾਤਮੇ ਸਬੰਧੀ ਵਿਆਪਕ ਜਨਤਕ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ।ਇਹ ਪ੍ਰੋਗਰਾਮ ਨਸ਼ਾ ਛੁਡਾਊ ਕੇਂਦਰ, ਸਿਵਲ ਹਸਪਤਾਲ ਹੁਸ਼ਿਆਰਪੁਰ, ਸਾਂਝ ਕੇਂਦਰ/ਲੀਗਲ ਏਡ ਕਲੀਨਿਕ ਦਸੂਹਾ, ਸਾਂਝ ਕੇਂਦਰ ਮੁਕੇਰੀਆਂ ਅਤੇ ਵੱਖ-ਵੱਖ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਕਰਵਾਏ ਗਏ। ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣਾ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਕਾਰਾਤਮਕ ਜੀਵਨ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ।ਇਸ ਮੌਕੇ ਪੈਨਲ ਐਡਵੋਕੇਟਾਂ ਅਤੇ ਕਾਨੂੰਨੀ ਸਹਾਇਤਾ ਬਚਾਅ ਕੌਂਸਲਾਂ ਵੱਲੋਂ ਜਾਗਰੂਕਤਾ ਸੈਮੀਨਾਰਾਂ ਦੀ ਪ੍ਰਧਾਨਗੀ ਕੀਤੀ ਗਈ। ਸੈਮੀਨਾਰਾਂ ਦੌਰਾਨ ਇਹ ਦੱਸਿਆ ਗਿਆ ਕਿ ਨਸ਼ਿਆਂ ਦੀ ਦੁਰਵਰਤੋਂ ਵਿਅਕਤੀ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਜੀਵਨ 'ਤੇ ਮਾੜਾ ਪ੍ਰਭਾਵ ਪਾਉਂਦੀ ਹੈ, ਜਿਸ ਨਾਲ ਪਰਵਾਰਾਂ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ ਅਤੇ ਸਮਾਜ ਦੇ ਸੰਤੁਲਨ ਨੂੰ ਵਿਗਾੜਦਾ ਹੈ। ਬੁਲਾਰਿਆਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਛੱਡ ਕੇ ਆਪਣੀ ਊਰਜਾ ਸਿੱਖਿਆ, ਖੇਡਾਂ ਅਤੇ ਸਮਾਜ ਸੇਵਾ ਵਰਗੀਆਂ ਉਸਾਰੂ ਗਤੀਵਿਧੀਆਂ ਲਈ ਸਮਰਪਤ ਕਰਨ, ਤਾਂ ਜੋ ਇੱਕ ਸਿਹਤਮੰਦ ਅਤੇ ਮਜ਼ਬੂਤ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ।ਪ੍ਰੋਗਰਾਮ ਦੌਰਾਨ ਨਾਲਸਾ ਦੀ ਡਰੱਗ ਜਾਗਰੂਕਤਾ ਅਤੇ ਤੰਦਰੁਸਤੀ ਨੇਵੀਗੇਸ਼ਨ (ਡਰੱਗ ਮੁਕਤ ਭਾਰਤ ਲਈ) ਯੋਜਨਾ-2025 ਦੇ ਤਹਿਤ ਸਿਹਤ, ਪਰਵਾਰਕ ਅਤੇ ਸਮਾਜਿਕ ਜੀਵਨ 'ਤੇ ਨਸ਼ਿਆਂ ਦੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧਾਂ ਅਤੇ ਐਨ.ਡੀ.ਪੀ.ਐਸ ਐਕਟ ਅਧੀਨ ਸਬੰਧਤ ਕਾਨੂੰਨੀ ਉਪਬੰਧਾਂ ਨੂੰ ਵੀ ਵਿਸਥਾਰ ਨਾਲ ਉਜਾਗਰ ਕੀਤਾ ਗਿਆ।ਮਹੀਨੇ ਵਿਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਦੁਆਰਾ ਮੌਜੂਦ ਲੋਕਾਂ ਨੂੰ ਜਾਗਰੂਕਤਾ ਸਮੱਗਰੀ ਵੰਡੀ ਗਈ। ਇਸ ਤੋਂ ਇਲਾਵਾ 'ਬਾਲ ਵਿਆਹ ਮੁਕਤ ਭਾਰਤ' ਮੁਹਿੰਮ ਤਹਿਤ ਸਕੂਲੀ ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੂੰ ਬਾਲ ਵਿਆਹ ਨਾਲ ਸੰਬੰਧਤ ਕਾਨੂੰਨੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ।

# ਕਿਸਾਨ ਸੂਬੇ ਦੀਆਂ ਮੰਡੀਆਂ ਨੂੰ ਬਣਾਉਣ ਰੋਲ ਮਾਡਲ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਿਸਾਨ ਸੇਵਾ ਨੂੰ ਵਿਕਲਪ ਦੱਸਦੇ ਹੋਏ ਸੂਬੇ ਦੀ ਮੰਡੀਆਂ ਨੂੰ ਅਜਿਹਾ ਮਾਡਲ ਬਨਾਉਣ ਜਿਸ ਦਾ ਅਨੁਸਰਣ ਪੂਰਾ ਦੇਸ਼ ਕਰੇ। ਇਸ ਤੋਂ ਇਲਾਵਾ, ਮੰਡੀ ਫੀਸ ਵਸੂਲੀ, ਵਿਹਾਰ ਵਿੱਚ ਸੌ-ਫੀਸਦੀ ਇਮਾਨਦਾਰੀ ਵਰਤਣ ਅਤੇ ਕਿਸਾਨਾਂ ਦਾ ਭਰੋਸਾ ਬਨਾਉਣ। ਇਸ ਤੋਂ ਇਲਾਵਾ ਆਧੁਨਿਕ, ਪਾਰਦਰਸ਼ੀ ਅਤੇ ਕਿਸਾਨ ਹਿਤੈਸ਼ੀ ਮੰਡੀ ਵਿਵਸਥਾ ਬਣਾਈ ਜਾਵੇ।ਮੁੱਖ ਮੰਤਰੀ ਮਾਰਕਿਟਿੰਗ ਬੋਰਡ ਦੇ ਨਵੇਂ ਨਿਯੁਕਤ ਅਧਿਕਾਰੀਆਂ ਦੇ ਨਾਲ ਆਯੋਜਿਤ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਮਾਰਕਿਟ ਕਮੇਟੀਆਂ ਦੇ ਚੇਅਰਮੈਨ ਅਤੇ ਵਾਇਸ ਚੇਅਰਮੈਨ ਤੋਂ ਇਲਾਵਾ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ, ਸੰਗਠਨ ਮਹਾਮੰਤਰੀ ਫਣੀਂਦਰ ਨਾਥ ਸ਼ਰਮਾ, ਸੂਬਾ ਮਹਾਮੰਤਰੀ ਸੁਰੇਂਦਰ ਪੂਨਿਆ, ਡਾ. ਅਰਚਨਾ ਗੁਪਤਾ, ਮੁੱਖ ਮੰਤਰੀ ਦੇ ਓਐਸਡੀ ਬੀਬੀ ਭਾਰਤੀ ਸਮੇਤ ਕਈ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ। ਮੁੱਖ ਮੰਤਰੀ ਨੇ ਕਿਹਾ ਕਿ ਮਾਰਕਿਟ ਕਮੇਟੀਆਂ ਸਿਰਫ ਸਰਕਾਰੀ ਦਫਤਰ ਨਹੀਂ ਹਨ, ਸਗੋਂ ਗ੍ਰਾਮੀਣ ਅਰਥਵਿਵਸਥਾ ਦੇ ਸ਼ਕਤੀ ਕੇਂਦਰ ਹਨ। ਇਸ ਲਈ ਸੱਭ ਤੋਂ ਵੱਡੀ ਜਿੰਮੇਵਾਰੀ ਮੰਡੀਆਂ ਦਾ ਸਹੀ ਪ੍ਰਬੰਧਨ ਕਰਨਾ ਹੈ। ਨਾਲ ਹੀ, ਕਿਸਾਨ ਅਤੇ ਵਪਾਰੀ ਦੇ ਆਪਸੀ ਸਬੰਧਾਂ ਨੂੰ ਹੋਰ ਵੱਧ ਭਰੋਸੇਯੋਗ ਤੇ ਮਜਬੂਤ ਬਨਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਮੰਡੀਆਂ ਵਿੱਚ ਅਜਿਹੀ ਵਿਵਸਥਾ ਬਨਾਉਣੀ ਹੈ ਜਿੱਥੇ ਕਿਸਾਨ ਨੂੰ ਉਪਜ ਲਿਆਉਣ ਤੋਂ ਹੀ ਸਹੀ ਮਾਪ, ਮੁੱਲ ਅਤੇ ਸਮੇਂ 'ਤੇ ਭੁਗਤਾਨ ਮਿਲੇ ਅਤੇ ਵਪਾਰੀ ਨੂੰ ਗੁਣਵੱਤਾਪੂਰਣ ਉਤਪਾਦ ਅਤੇ ਵਪਾਰ ਕਰਨ ਦਾ ਬਿਹਤਰ ਮਾਹੌਲ ਮਿਲੇ।ਮੁੱਖ ਮੰਤਰੀ ਨੇ ਕਿਹਾ ਕਿ ਮਾਰਕਿਟ ਕਮੇਟੀਆਂ ਨੇ ਪਿਛਲੇ ਕੁੱਝ ਸਾਲਾਂ ਵਿੱਚ ਡਿਜੀਟਲ ਕ੍ਰਾਂਤੀ ਨੂੰ ਅਪਨਾਉਣ ਵਿੱਚ ਸ਼ਲਾਘਾਯੋਗ ਕੰਮ ਕੀਤਾ ਹੈ। ਈ-ਖਰੀਦ ਅਤੇ ਡੀਬੀਟੀ ਨੂੰ ਸਫਲਤਾਪੂਰਵਕ ਯਕੀਨੀ ਕੀਤਾ ਹੈ ਤਾਂ ਜੋ, ਕਿਸਾਨ ਦੇ ਖਾਤੇ ਵਿੱਚ ਉਸ ਦੀ ਫਸਲ ਦਾ ਪੈਸਾ ਸਿੱਧ ਅਤੇ ਸਮੇਂ ਤੇ ਪਹੁੰਚੇ। ਵਿਦਿਆਰਥੀਆਂ ਦੀ ਭੂਮਿਕਾ ਨੂੰ ਖਤਮ ਕਰ, ਕਿਸਾਨਾਂ ਨੂੰ ਉਸ ਦੀ ਮਿਹਨਤ ਦਾ ਪੂਰਾ ਹੱਕ ਦਿਵਾਇਆ ਹੈ।

# ਨਿਸਾਨ ਨੇ ਹੁਸ਼ਿਆਰਪੁਰ 'ਚ ਨਵਾਂ ਇੰਟੀਗ੍ਰੇਟਿਡ ਸ਼ੋਅਰੂਮ ਤੇ ਵਰਕਸ਼ਾਪ ਖੋਲ੍ਹੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨਿਸਾਨ ਮੋਟਰ ਇੰਡੀਆ ਨੇ ਹੁਸ਼ਿਆਰਪੁਰ ਵਿਖੇ ਨਵੀਂ ਅਤਿ ਆਧੁਨਿਕ ਲਗਜ਼ਰੀ ਨਿਸਾਨ 3 ਐਸ ਸਹੂਲਤ ਦੇ ਉਦਘਾਟਨ ਨਾਲ ਪੰਜਾਬ ਵਿੱਚ ਆਪਣੀ ਮੌਜੂਦਗੀ ਦਾ ਵਿਸਥਾਰ ਕੀਤਾ ਹੈ। ਇਹ ਕਦਮ ਨਿਸਾਨ ਦੇ ਭਾਰਤ ਦੇ ਪ੍ਰਮੁੱਖ ਬਾਜ਼ਾਰਾਂ ਵਿੱਚ ਆਪਣੀ ਪਹੁੰਚ ਨੂੰ ਵਧਾਉਣ ਅਤੇ ਵਿਕਰੀ ਅਤੇ ਸੇਵਾ ਦੇ ਤਜਰਬੇ ਦੀ ਸਹੂਲਤ ਦੇਣ ਦੇ ਯਤਨਾਂ ਦਾ ਹਿੱਸਾ ਹੈ। ਜਲੰਧਰ ਰੋਡ ਦੇ ਪਿੰਡ ਸਿੰਗੜੀਵਾਲਾ ਵਿਖੇ ਨਵਾਂ ਕੇਂਦਰ ਕੁੱਲ 6,700 ਵਰਗ ਫੁੱਟ ਦੇ ਖੇਤਰ ਵਿੱਚ ਬਣਾਇਆ ਗਿਆ ਹੈ, ਜਿਸ ਵਿੱਚ 3,200 ਵਰਗ ਫੁੱਟ ਦਾ ਸ਼ੋਅਰੂਮ ਅਤੇ 3,500 ਵਰਗ ਫੁੱਟ ਦੀ ਸਰਵਿਸ ਵਰਕਸ਼ਾਪ ਹੈ। ਨਵੀਂ ਲਗਜ਼ਰੀ ਨਿਸਾਨ 3 ਐਸ ਸਹੂਲਤ ਗਾਹਕਾਂ ਨੂੰ ਨਿਸਾਨ ਦੇ ਉਤਪਾਦਾਂ ਦੀ ਰੇਂਜ ਨੂੰ ਨੇੜਿਓਂ ਸਮਝਣ ਲਈ ਇੱਕ ਇਮਰਸਿਵ ਸਪੇਸ ਦੇਵੇਗੀ। ਇੱਕ ਛੱਤ ਦੇ ਹੇਠਾਂ ਵਿਕਰੀ, ਸੇਵਾ ਅਤੇ ਸਪੇਅਰ ਪਾਰਟਸ ਦੀ ਏਕੀਕ੍ਰਿਤ ਸਹਾਇਤਾ ਹੋਵੇਗੀ।ਇਸ ਕੇਂਦਰ ਦਾ ਉਦਘਾਟਨ ਨਿਸਾਨ ਮੋਟਰ ਇੰਡੀਆ ਦੇ ਡਾਇਰੈਕਟਰ ਸੇਲਜ਼ ਐਂਡ ਪਲਾਨਿੰਗ ਵਿਵੇਕ ਪਾਲੀਵਾਲ ਅਤੇ ਵਿਕਰੀ ਤੋਂ ਬਾਅਦ ਅਤੇ ਦੱਖਣੀ ਏਸ਼ੀਆ ਬਾਜ਼ਾਰਾਂ ਦੇ ਡਾਇਰੈਕਟਰ ਅਤੁਲ ਅਗਰਵਾਲ ਨੇ ਕੀਤਾ।ਅਤਿ-ਆਧੁਨਿਕ ਸੀ ਐਸ ਸਹੂਲਤ ਉੱਚ-ਗੁਣਵੱਤਾ ਵਾਲੀਆਂ ਸਹੂਲਤਾਂ ਨਾਲ ਲੈਸ ਹੈ ਅਤੇ ਇੱਕ ਵਧੀਆ ਗਾਹਕ ਅਨੁਭਵ ਪ੍ਰਦਾਨ ਕਰਨ



ਲਈ ਗਿਆਨਵਾਨ, ਸਿਖਲਾਈ ਪ੍ਰਾਪਤ ਅਤੇ ਉਤਸ਼ਾਹੀ ਵਿਕਰੀ ਅਤੇ ਸੇਵਾ ਪੇਸ਼ੇਵਰਾਂ ਦੁਆਰਾ ਸਟਾਫ ਹੈ। ਨਿਸਾਨ ਮੋਟਰ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਸੌਰਭ ਵਤਸ ਨੇ ਕਿਹਾ, 'ਪੰਜਾਬ ਨਿਸਾਨ ਲਈ ਇਕ ਮਹੱਤਵਪੂਰਨ ਬਾਜ਼ਾਰ ਹੈ ਅਤੇ ਇਹ ਨਵਾਂ ਕੇਂਦਰ ਖੇਤਰ ਵਿੱਚ ਗਾਹਕਾਂ ਦੀ ਵੱਧ ਰਹੀ ਮੰਗ ਅਤੇ ਸਥਾਨਕ ਬਾਜ਼ਾਰ ਦੀ ਵੱਡੀ ਸੰਭਾਵਨਾ ਵਿੱਚ ਸਾਡੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਅਸੀਂ ਜਨਵਰੀ 2026 ਤੋਂ ਇੱਕ ਵੱਡੇ ਉਤਪਾਦ ਲਾਂਚ ਵੱਲ ਵਧ ਰਹੇ ਹਾਂ ਜਿਸ ਵਿੱਚ 7-ਸੀਟਰ ਬੀ-ਐਮਪੀਵੀ, ਆਲ-ਨਿਊ ਨਿਸਾਨ ਟੈਕਟਨ ਸੀ-ਐਸਯੂਵੀ ਅਤੇ 7-ਸੀਟਰ ਸੀ-ਐਸਯੂਵੀ ਸ਼ਾਮਲ ਹਨ। ਨਵੇਂ ਉਤਪਾਦਾਂ ਦੀ ਸ਼ੁਰੂਆਤ ਭਾਰਤ ਪ੍ਰਤੀ ਸਾਡੀ ਵਚਨਬੱਧਤਾ ਅਤੇ ਡੀਲਰ ਭਾਈਵਾਲਾਂ ਅਤੇ ਗਾਹਕਾਂ ਤੋਂ ਪ੍ਰਾਪਤ ਸਹਾਇਤਾ ਨੂੰ ਮਜ਼ਬੂਤ ਕਰਨ ਦੀਆਂ ਸਾਡੀਆਂ ਕੋਸ਼ਿਸ਼ਾਂ ਦੀ ਪੁਸ਼ਟੀ ਕਰਦੀ ਹੈ। ਹੁਸ਼ਿਆਰਪੁਰ ਵਿੱਚ ਨਵੇਂ ਟੱਚ ਪੁਆਇੰਟ ਦੀ ਸ਼ੁਰੂਆਤ ਦੇ ਨਾਲ, ਪੰਜਾਬ ਵਿੱਚ ਨਿਸਾਨ ਮੋਟਰ ਇੰਡੀਆ ਦੇ ਨੈਟਵਰਕ ਵਿੱਚ ਕੁੱਲ 9 ਟੱਚ ਪੁਆਇੰਟ ਹਨ। ਇਨ੍ਹਾਂ ਵਿੱਚ ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਬਠਿੰਡਾ ਅਤੇ ਚੰਡੀਗੜ੍ਹ ਵਿੱਚ 5 ਸ਼ੋਅਰੂਮ ਅਤੇ 4 ਸਰਵਿਸ ਵਰਕਸ਼ਾਪਾਂ ਸ਼ਾਮਲ ਹਨ ਆਪਣੇ ਨੈਟਵਰਕ ਦੇ ਵਿਸਥਾਰ ਅਤੇ ਉਤਪਾਦਾਂ ਦੀਆਂ ਪੇਸ਼ਕਸ਼ਾਂ ਦੇ ਜ਼ਰੀਏ, ਨਿਸਾਨ ਆਪਣੇ ਗਾਹਕਾਂ ਨੂੰ ਇੱਕ ਵਧੀਆ ਤਜਰਬਾ ਪ੍ਰਦਾਨ ਕਰਨ 'ਤੇ ਨਿਰੰਤਰ ਧਿਆਨ ਕੇਂਦ੍ਰਤ ਕਰ ਰਿਹਾ ਹੈ।'

# ਪੀ ਜੀ ਆਈ ਦੇ ਹੌਰਟੀਕਲਚਰ ਵਿੰਗ ਨੇ ਚੌਥਾ ਕ੍ਰਿਸੈਂਥੀਮਮ ਸ਼ੋਅ ਜਿੱਤਿਆ



ਸਮਰਾਲਾ, (ਸੁਰਜੀਤ ਸਿੰਘ)- ਪੀਜੀਆਈ ਚੰਡੀਗੜ੍ਹ ਦੇ ਇੰਜੀਨੀਅਰਿੰਗ ਵਿਭਾਗ ਦੇ ਹੌਰਟੀਕਲਚਰ ਵਿੰਗ ਨੇ ਇੱਕ ਹੋਰ ਉਪਲਬਧੀ ਆਪਣੇ ਨਾਂਅ ਕਰਦੇ ਹੋਏ ਚੌਥੇ ਕ੍ਰਿਸੈਂਥੀਮਮ ਸ਼ੋਅ-2025 ਵਿੱਚ ਪਹਿਲਾ ਇਨਾਮ ਹਾਸਲ ਕੀਤਾ। ਇਹ ਸ਼ੋਅ 12 ਤੋਂ 14 ਦਸੰਬਰ ਤੱਕ ਜਿਤੇਂਦਰਵੀਰ ਸਰਵਹਿੱਤਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸੈਕਟਰ-71, ਮੋਹਾਲੀ ਵਿੱਚ ਆਯੋਜਿਤ ਕੀਤਾ ਗਿਆ।ਪੀਜੀਆਈ ਚੰਡੀਗੜ੍ਹ ਦੇ ਇੰਜੀਨੀਅਰਿੰਗ ਵਿਭਾਗ ਦੇ ਹੌਰਟੀਕਲਚਰ ਵਿੰਗ ਨੇ ਡਾਇਰੈਕਟਰ ਪੀਜੀਆਈ ਦੇ ਬੈਨਰ ਹੇਠ ਵਿਦਿਆ ਭਾਰਤੀ ਪੰਜਾਬ ਵੱਲੋਂ ਆਯੋਜਿਤ ਚੌਥੇ ਕ੍ਰਿਸੈਂਥਮਮ ਸ਼ੋਅ ਵਿੱਚੀ ਭਾਗ ਲਿਆ।ਇਸ ਮੁਕਾਬਲੇ ਵਿੱਚ ਹੌਰਟੀਕਲਚਰ ਵਿੰਗ ਨੇ ਫੁੱਲਾਂ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੰਸਥਾ ਦਾ ਮਾਣ ਵਧਾਇਆ।

# ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਲਗਾਇਆ



**ਬਲਾਚੌਰ (ਜਸਵਿੰਦਰ ਬੈਂਸ)**-ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਇਲਾਕੇ ਦੇ ਪ੍ਰਸਿੱਧ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵੱਲੋਂ ਬੱਚਿਆਂ ਲਈ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਸਰਸਵਤੀ ਪਬਲਿਕ ਸਕੂਲ ਬਲਾਚੌਰ ਵਿੱਚ ਲਗਾਇਆ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਰੀ ਹਸਪਤਾਲ ਬਲਾਚੌਰ ਦੇ ਮਾਲਕ ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਤੇ ਡਾ. ਅਮਨਦੀਪ ਕੌਰ ਸੂਰੀ ਨੇ ਦੱਸਿਆ ਕਿ ਉਨ੍ਹਾਂ ਦੇ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਟੀਮ ਵੱਲੋਂ ਬੀਤੇ ਦਿਨ ਸਕੂਲੀ ਬੱਚਿਆਂ ਦੀਆਂ ਅੱਖਾਂ ਦਾ ਮੁਫਤ ਚੈੱਕਅੱਪ ਕੈਂਪ ਸਰਸਵਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬਲਾਚੌਰ ਵਿਖੇ ਲਗਾਇਆ ਗਿਆ ਜਿਸ ਵਿੱਚ ਲੱਗਭਗ 600 ਤੋਂ ਵੱਧ ਬੱਚਿਆਂ ਨੇ ਇਸ ਕੈਂਪ ਦਾ ਲਾਭ ਲਿਆ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਬੱਚਿਆਂ ਦੀਆਂ ਅੱਖਾਂ ਦਾ ਮੁਫਤ ਚੈੱਕਅੱਪ ਕਰਕੇ ਉਹਨਾਂ ਨੂੰ ਮੁਫਤ ਦਵਾਈਆਂ ਅਤੇ ਜ਼ਰੂਰਤ ਮੁਤਾਬਿਕ ਐਨਕਾਂ ਵੀ ਦਿੱਤੀਆਂ ਗਈਆਂ।

# ਗੁਰੂ ਤੇਗ ਬਹਾਦਰ ਸਾਹਿਬ ਤੇ ਚਾਂਦਨੀ ਚੌਕ ਦੇ ਸ਼ਹੀਦਾਂ ਨੂੰ ਸਮਰਪਤ ਚਿੱਤਰਕਾਰੀ ਪ੍ਰਦਰਸ਼ਨੀ

**ਸ਼ਹਿਬਜਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜ ਆਬ ਫਾਈਨ ਆਰਟਸ ਸੁਸਾਇਟੀ ਵੱਲੋਂ ਗੁਰਦੁਆਰਾ ਸਿੰਘ ਸ਼ਹੀਦਾਂ ਸ਼ਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਕਾਲ ਨੂੰ ਸਮਰਪਤ ਤਿੰਨ ਦਿਨਾ ਚਿੱਤਰਕਾਰੀ ਪ੍ਰਦਸ਼ਨੀ ਲਗਾਈ ਗਈ। ਇਸ ਚਿੱਤਰਕਾਰੀ ਪ੍ਰਦਸ਼ਨੀ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਅਤੇ ਚਾਂਦਨੀ ਚੌਕ ਦੇ ਸ਼ਹੀਦਾਂ ਦੇ ਚਿੱਤਰਾਂ ਨੂੰ ਸ਼ਰਧਾ ਭੇਟ ਕਰਨ ਲਈ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਉਨ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਦੇ 350ਵੇਂ ਵਰ੍ਹੇ ਨੂੰ ਸਮਰਪਤ ਚਿੱਤਰਕਾਰੀ ਪ੍ਰਦਰਸ਼ਨੀ ਨੂੰ ਨਤਮਸਤਕ ਹੁੰਦਿਆਂ ਕਿਹਾ ਕਿ ਨਵੀਆਂ ਪੀੜ੍ਹੀਆਂ ਨੂੰ ਇਤਿਹਾਸ ਨਾਲ ਰੂਬਰੂ ਕਰਨ ਦਾ ਇਹ ਯਤਨ ਪੰਜ ਆਬ ਫਾਈਨ ਆਰਟਸ ਸੁਸਾਇਟੀ ਦਾ ਇੱਕ ਸੁਹਿਰਦ ਅਤੇ ਨੇਕ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਪੰਜ ਆਬ ਫਾਈਨ ਆਰਟਸ ਸੁਸਾਇਟੀ ਦੇ ਸਰਪ੍ਰਸਤ ਹਰਵਿੰਦਰ ਸਿੰਘ ਖਾਲਸਾ



ਦੀ ਅਗਵਾਈ ਵਿੱਚ ਪੰਜਾਬ ਸਿੱਖਿਆ ਵਿਭਾਗ ਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੇ ਵੀ ਗੁਰੂ ਸਾਹਿਬ ਦੀ ਅਪਾਰ ਕ੍ਰਿਪਾ ਨਾਲ ਇਹ ਵਿਲੱਖਣ ਉਪਰਾਲੇ ਵਿੱਚ ਚਿੱਤਰ ਬਣਾ ਕੇ ਆਪਣਾ ਯੋਗਦਾਨ ਪਾਇਆ ਹੈ।ਚਿੱਤਰਕਾਰੀ ਪ੍ਰਦਰਸ਼ਨੀ ਸਬੰਧੀ ਜਾਣਕਾਰੀ ਦਿੰਦਿਆਂ ਗੁਰਪ੍ਰੀਤ ਸਿੰਘ ਨਾਮਧਾਰੀ ਅਧਿਆਪਕ ਸਰਕਾਰੀ ਹਾਈ ਸਕੂਲ ਲਾਂਡਰਾਂ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਕਰਤਾਰਪੁਰ ਦੀ ਜੰਗ ਵਿਚ ਤੇਗ ਦੇ ਜੌਹਰ ਤੋਂ ਲੈ ਕੇ ਚੱਕ ਨਾਨਕੀ, ਗੁਰੂ ਲਾਧੋ ਰੇ ਅਤੇ ਸ਼ਹੀਦੀ ਤੱਕ 28 ਲੜੀਵਾਰ ਚਿੱਤਰ ਪ੍ਰਦਰਸ਼ਿਤ ਕੀਤੇ ਗਏ ਹਨ। ਇਸ ਮੌਕੇ ਪ੍ਰੋ. ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਇਹਨਾਂ ਲਾਸਾਨੀ ਚਿੱਤਰਾਂ ਨੂੰ ਗੁਰਪ੍ਰੀਤ ਸਿੰਘ ਨਾਮਧਾਰੀ, ਇੰਦਰਜੀਤ ਸਿੰਘ, ਕੁਲਦੀਪ ਸਿੰਘ ਰੁਪਾਲ , ਗੁਰਦੀਪ ਸ਼ਰਮਾ, ਅਮਰਜੀਤ ਸਿੰਘ ਪੇਂਟਰ, ਹਰਦਰਸ਼ਨ ਸਿੰਘ ਸੋਹਲ, ਐਚ ਐਸ ਨਾਜ ਗੁਰਪ੍ਰੀਤ ਸਿੰਘ ਕੋਮਲ, ਗੁਰਪ੍ਰੀਤ ਸਿੰਘ ਮਣਕੂ, ਰਾਜਿੰਦਰ ਸਿੰਘ ਭਾਗੀਕੇ, ਬਲਵਿੰਦਰ ਸ਼ਰਮਾ ਅਤੇ ਮਨਵੀਰ ਕੌਰ ਆਦਿ ਪੰਜਾਬ ਦੇ 28 ਨਾਮਵਰ ਚਿੱਤਰਕਾਰਾਂ ਨੇ ਆਪਣੇ ਜਜ਼ਬਾਤਾਂ ਨੂੰ ਬਰੁੱਸ਼ ਦੀ ਛੋਹ ਨਾਲ ਕੈਨਵਸ ਉਪਰ ਚਿਤਰਿਆ ਹੈ।ਇਸ ਮੌਕੇ ਪੰਜਾਬ ਡਿਜੀਟਲ ਲਾਇਬ੍ਰੇਰੀ ਦੇ ਦਲਵੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਅਮਰਿੰਦਰ ਸਿੰਘ, ਦਪਿੰਦਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਜਿੰਦਰ ਸਿੰਘ ਹਾਜ਼ਰ ਸਨ।

# ਅਧਿਆਪਕ ਪਤੀ-ਪਤਨੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਮਾਨਸਾ (ਆਤਮਾ ਸਿੰਘ ਪਮਾਰ)**- ਰਿਟਾਇਰਡ ਇੰਪਲਾਈਜ਼ ਪੈਨਸ਼ਨਰਜ਼ ਐਸੋਸੀਏਸ਼ਨ ਮਾਨਸਾ ਵੱਲੋਂ ਮਾਨਸਾ ਸ਼ਹਿਰ ਨਾਲ ਸਬੰਧਤ ਅਧਿਆਪਕ ਜੋੜੇ ਦੀ ਬੇਵਕਤੀ ਅਤੇ ਦਰਦਨਾਕ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਗਣਾਂ, ਸੀਨੀਅਰ ਮੀਤ ਪ੍ਰਧਾਨ ਆਤਮਾ ਸਿੰਘ ਪਮਾਰ, ਸਕੱਤਰ ਅਜੈਬ, ਜੀਤ ਸਿੰਘ



ਖਜ਼ਾਨਚੀ, ਮੈਨੇਜਰ ਸਵਿੰਦਰ ਸਿੰਘ, ਮੀਤ ਪ੍ਰਧਾਨ ਇੰਦਰ ਸਿੰਘ ਬੁਰਜ ਹਰੀ, ਜਸਵੰਤ ਸਿੰਘ ਕੁਲਿਹਰੀ, ਸੇਠੀ ਸਿੰਘ ਸਰਾਂ, ਜਗਦੀਸ਼ ਰਾਏ, ਫਿਰਦੀ ਸਿੰਘ ਮਾਨ, ਬਾਦਸ਼ਾਹ ਸਿੰਘ, ਗੁਰਦੇਵ ਸਿੰਘ ਘੁਮਾਣ, ਰਾਜ ਕੁਮਾਰ ਰੰਗਾ ਅਤੇ ਮੇਜਰ ਸਿੰਘ ਸਰਪੰਚ ਆਦਿ ਆਗੂਆਂ ਨੇ ਕਿਹਾ ਕਿ ਜਿੱਥੇ ਇਸ ਦੁੱਖਦਾਈ ਮੌਤ ਨਾਲ ਮਾਸੂਮ ਬੱਚਿਆਂ ਦੇ ਸਿਰ ਤੋਂ ਮਾਪਿਆਂ ਦਾ ਸਾਇਆ ਹਮੇਸ਼ਾ ਲਈ ਉਠ ਗਿਆ ਉੱਥੇ ਬੁੱਢੇ ਪਿਤਾ ਦੀ ਡੰਗੋਰੀ ਵੀ ਕੁਦਰਤ ਵੱਲੋਂ ਖੋਹ ਲਈ ਗਈ।ਆਗੂਆਂ ਨੇ ਕਿਹਾ ਕਿ ਸਿੱਖਿਆ ਵਿਭਾਗ ਅਤੇ ਵਿਦਿਆਰਥੀਆਂ ਨੂੰ ਵੀ ਅਜਿਹੇ ਹੋਣਹਾਰ ਅਧਿਆਪਕਾਂ ਦੀ ਮੌਤ ਕਾਰਨ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।ਐਸੋਸੀਏਸ਼ਨ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਖਬਰਾਂ ਪ੍ਰਕਾਸ਼ਿਤ ਹੋਣ ਦੇ ਬਾਵਜੂਦ ਅਜਿਹੇ ਖ਼ਤਰਨਾਕ ਪੁਲਾਂ ਨੂੰ ਬਣਵਾਉਣ ਵੱਲ ਕੋਈ ਧਿਆਨ ਨਾ ਦੇਣਾ ਸਰਕਾਰ ਅਤੇ ਪ੍ਰਸ਼ਾਸਨ ਦੀ ਲਾਪ੍ਰਵਾਹੀ ਨੂੰ ਭਲੀ-ਭਾਂਤ ਦਰਸਾ ਰਿਹਾ ਹੈ।ਉਨ੍ਹਾਂ ਸਰਕਾਰ ਅਤੇ ਸਿੱਖਿਆ ਵਿਭਾਗ ਤੋਂ ਮੰਗ ਕੀਤੀ ਕਿ ਅਨਾਥ ਬੱਚਿਆਂ ਦੀ ਪੂਰੀ ਪੜ੍ਹਾਈ ਤੋਂ ਇਲਾਵਾ ਡਿਊਟੀ ਦੌਰਾਨ ਹੋਈ ਮੌਤ ਦੇ ਮੱਦੇਨਜ਼ਰ ਸਰਕਾਰੀ ਮੁਲਾਜ਼ਮਾਂ ਲਈ ਨਿਰਧਾਰਿਤ ਮੁਆਵਜ਼ੇ ਤੋਂ ਇਲਾਵਾ ਹਰ ਤਰ੍ਹਾਂ ਨਾਲ ਪੀੜਤ ਪਰਿਵਾਰ ਦੀ ਇਸ ਔਖੀ ਘੜੀ ਸਮੇਂ ਬਣਦੀ ਸਹਾਇਤਾ ਵੀ ਕੀਤੀ ਜਾਵੇ।

# ਏ ਡੀ ਸੀ ਨੇ ਲਿਆ ਵੋਟਾਂ ਦੀ ਗਿਣਤੀ ਸੰਬੰਧੀ ਤਿਆਰੀਆਂ ਦਾ ਜਾਇਜ਼ਾ



**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**: ਬੀਤੇ ਦਿਨ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਪਈਆਂ ਵੋਟਾਂ ਦੀ ਗਿਣਤੀ 17 ਦਸੰਬਰ (ਬੁੱਧਵਾਰ) ਨੂੰ ਚਾਰ ਸਥਾਨਾਂ ਤੇ ਸਵੇਰੇ 08:00 ਵਜੇ ਤੋਂ ਹੋਵੇਗੀ।ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਨੇ ਰਿਟਰਨਿੰਗ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਵੋਟਾਂ ਦੀ ਗਿਣਤੀ ਲਈ ਲੋੜੀਂਦੀਆਂ ਤਿਆਰੀਆਂ ਅਤੇ ਪ੍ਰਬੰਧਾਂ ਦਾ ਵਿਸਥਾਰ ਵਿੱਚ ਜਾਇਜ਼ਾ ਲੈਂਦਿਆਂ ਕਿਹਾ ਕਿ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਸਮੇਂ ਸਿਰ ਢੁਕਵੇਂ ਇੰਤਜ਼ਾਮ ਅਮਲ ਵਿੱਚ ਲਿਆਂਦੇ ਜਾਣ।ਉਨ੍ਹਾਂ ਦੱਸਿਆ ਜਿਸ ਨਵਾਂਸ਼ਹਿਰ ਲਈ ਸਥਾਨਕ ਆਰ.ਕੇ.ਆਰੀਆ ਕਾਲਜ, ਬੰਗਾ ਲਈ ਗੁਰੂ ਨਾਨਕ ਗਰਲਜ਼ ਕਾਲਜ, ਬਲਾਚੌਰ ਲਈ ਬਾਬਾ ਬਲਰਾਜ ਕਾਲਜ ਅਤੇ ਸੜੋਆ ਬਲਾਕ ਲਈ ਜਵਾਹਰ ਨਵੋਦਿਆ ਵਿਦਿਆਲਾ, ਪੋਜੇਵਾਲ ਵਿਖੇ ਵੋਟਾਂ ਦੀ ਗਿਣਤੀ ਹੋਵੇਗੀ।ਉਨ੍ਹਾਂ ਦੱਸਿਆ ਕਿ ਗਿਣਤੀ ਕੇਂਦਰਾਂ ਵਿੱਚ ਜ਼ੋਨਾਂ ਦੀ ਗਿਣਤੀ ਮੁਤਾਬਕ ਟੇਬਲ ਸਥਾਪਤ ਕੀਤੇ ਜਾਣਗੇ ਅਤੇ ਹਰੇਕ ਟੇਬਲ 'ਤੇ ਗਿਣਤੀ ਸੁਪਰਵਾਈਜ਼ਰ ਅਤੇ ਤਿੰਨ ਸਟਾਫ ਮੈਂਬਰ ਤਾਇਨਾਤ ਹੋਣਗੇ ।ਇਸ ਤੋਂ ਇਲਾਵਾ ਗਿਣਤੀ ਕੇਂਦਰਾਂ ਵਿਖੇ ਮਾਈਕਰੋ ਕਾਊਂਟਿੰਗ ਅਬਜਰਵਰ ਵੀ ਤਾਇਨਾਤ ਰਹਿਣਗੇ ਜੋ ਸਮੁੱਚੀ ਪ੍ਰਕਿਰਿਆ 'ਤੇ ਨਜ਼ਰ ਰੱਖਣਗੇ।ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਅਤੇ ਬੰਗਾ ਦੇ 25-25 ਜ਼ੋਨਾਂ ਲਈ 25-25 ਟੇਬਲ ਲਾਏ ਗਏ ਹਨ।ਇਸੇ ਤਰ੍ਹਾਂ ਬਲਾਚੌਰ ਲਈ 17 ਅਤੇ ਸੜੋਆ ਬਲਾਕ ਲਈ 15 ਟੇਬਲ ਲਾਏ ਗਏ ਹਨ ।ਉਨ੍ਹਾਂ ਨੇ ਰਿਟਰਨਿੰਗ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕੀਤੀਆਂ ਜਾਣ ਤਾਂ ਜੋ ਗਿਣਤੀ ਪ੍ਰਕਿਰਿਆ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹੀ ਜਾ ਸਕੇ।

# ਸਪਰਿੰਗ ਫੀਲਡ ਸਕੂਲ ਦੇ ਬੱਚਿਆਂ ਨੇ ਟੈਲੇਂਟ ਹੰਟ-2025 ਪ੍ਰੋਗਰਾਮ 'ਚ ਦਿਖਾਈ ਸ਼ਾਨਦਾਰ ਕਾਰਗੁਜ਼ਾਰੀ



ਬਾਘਾ ਪੁਰਾਣਾ, (ਮਨੀ ਸਿੰਗਲਾ)- ਇਲਾਕੇ ਦੀ ਨਾਮਵਾਰ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਬਾਘਾ ਪੁਰਾਣਾ ਨੇ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮ ਟੈਲੇਂਟ ਹੰਟ-2025 ਵਿਚ ਹਿੱਸਾ ਲਿਆ।ਇਹ ਪ੍ਰੋਗਰਾਮ ਪੰਜਾਬ ਦੇ ਸੱਭਿਆਚਾਰਕ ਵਿਰਸੇ ਨੂੰ ਪ੍ਰਫੁੱਲਤ ਕਰਨ ਲਈ ਚਲਾਇਆ ਜਾ ਰਿਹਾ ਹੈ। ਜ਼ਿਲਾ ਮੋਗਾ ਦਾ ਇਹ ਸਮਾਗਮ ਗੌਰਮਿੰਟ ਹਾਈ ਸਕੂਲ ਵੈਰੋਕੇ ਬਲਾਕ ਬਾਘਾ ਪੁਰਾਣਾ ਵਿਚ ਰੱਖਿਆ ਗਿਆ, ਜਿਸ ਵਿਚ ਵੱਖ-ਵੱਖ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੇ ਹਿੱਸਾ ਲਿਆ।ਇਸ ਪ੍ਰੋਗਰਾਮ ਵਿੱਚ ਸ਼ਬਦ, ਕਵਿਤਰੀ ਅਤੇ ਲੋਕ ਗੀਤਾਂ ਦੇ ਮੁਕਾਬਲੇ ਹੋਏ ਜਿਸ ਵਿਚ ਮਨਵੀਰ ਕੌਰ, ਕੈਮਰੀਤ ਕੌਰ, ਜਸਨੂਰ ਕੌਰ ਅਤੇ ਲਗਨ ਸ਼ਰਮਾ ਨੇ ਬਹੁਤ ਹੀ ਸਦਭਾਵਨਾ ਅਤੇ ਸ਼ਰਧਾ ਨਾਲ ਸੁਬਦ ਗਾਇਨ ਬਾਖੂਬੀ ਨਾਲ ਪੇਸ਼ ਕੀਤਾ ਜਿਸ ਤੋਂ ਦਰਸ਼ਕ ਅਤੇ ਜੱਜ ਸਹਿਬਾਨ ਬਹੁਤ ਪ੍ਰਭਾਵਿਤ ਹੋਏ ਅਤੇ ਬੱਚਿਆਂ ਨੇ ਬਲਾਕ ਬਾਘਾਪੁਰਾਣਾ ਵਿੱਚੋਂ ਤੀਸਰੀ ਪੁਜ਼ੀਸ਼ਨ ਹਾਸਲ ਕਰ ਕੇ ਸਨਮਾਨ ਪ੍ਰਾਪਤ ਕੀਤਾ।ਸਕੂਲ ਚੇਅਰਮੈਨ ਨਰ ਸਿੰਘ ਬਰਾੜ ਨੇ ਦੱਸਿਆ ਕਿ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਖੇਡਾਂ ਅਤੇ ਸੱਭਿਆਚਾਰਕ ਗੀਤਾਂ ਅਤੇ ਭੰਗੜੇ ਰਾਹੀਂ ਵੀ ਬੱਚਿਆਂ ਵਿਚ ਦਿਲਚਸਪੀ ਵਧਾਈ ਜਾਂਦੀ ਹੈ।ਇਹ ਇਨਾਮ ਅਤੇ ਸਨਮਾਨ ਹਾਸਲ ਕਰਨ ਵਿਚ ਸਕੂਲ ਦੇ ਮਿਊਜ਼ਿਕ ਅਧਿਆਪਕ ਅਵਤਾਰ ਸਿੰਘ ਦੀ ਮਿਹਨਤ ਦੀ ਪ੍ਰਸੰਸਾ ਕੀਤੀ ਅਤੇ ਪ੍ਰਿੰਸੀਪਲ ਬਾਇਜੂ ਵਿਜੇ ਅਤੇ ਕੋਆਰਡੀਨੇਟਰ ਮੈਡਮ ਅਨੁਪਮ ਸ਼ਰਮਾ ਨੇ ਵੀ ਬੱਚਿਆਂ ਨੂੰ ਵਧਾਈ ਦਿੱਤੀ ਜਿਨ੍ਹਾਂ ਨੇ ਸਕੂਲ ਅਤੇ ਬੱਚਿਆਂ ਦਾ ਨਾਮ ਉੱਚਾ ਕੀਤਾ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Saroop S/o Amrik Singh R/o Village and PO Chagran Tehsil and Distt. Hoshiarpur Punjab have changed my name from Saroop to Saroop Singh. Concerned note.

I, Raghvir Singh S/o Balwinder Singh R/o Village and PO Bohan, Tehsil and Distt. Hoshiarpur Punjab declare that my name is Raghvir Singh. My surname is Singh and my given name is Raghvir. Concerned note.

I, Jatinder Singh S/o Nirmal Singh R/o Village and PO Attowal. Distt. Hoshiarpur Punjab India. have changed my name from Jatinder Singh to Singh Jatinder. All concerned note please.

I, Rakesh Kumar S/O Faqir Chand R/O 60 (F-16/208), Street No.3, Friends Avenue, Opp. Power Colony, Majitha Road, Amritsar, Punjab have changed my name from Rakesh Kumar to Rakesh Kumar Gulati. Concerned note.

I, Navneet Singh S/o Jhalman Singh R/o Vill. Kalewal Teh. Garhshankar Distt. Hoshiarpur Punjab Have Changed my name to Singh Navneet. All please note.

I Balwinder Singh S/o Nirmal Singh R/o Vill. Mandhiani Po. Mohar Teh. Balachaur Distt. SBS Nagar Punjab have changed my name to Singh Balwinder. All please note.

I Parminder Singh S/o Vasdev R/o Vill. Ghamaur Teh. Balachaur Distt. SBS Nagar Punjab have changed my name to Singh Parminder. All please note.

I, Dial Singh son of Pal Singh R/o Tarn Taran Road, Adda Chabhal, Jhabal Kalan, District Tarn Taran have changed my name from Dyal Singh to Dial Singh.

I, Lehar Daljit Singh S/o Balwinder Singh R/o Post Office Nawan Pind, Block Jandiala Guru, Nawan Pind Amritsar have changed my name from Lehar Daljit Singh to Daljit Singh.

I, Rakesh Kumar s/o Sh. Puran Chand Resident of H.No. 11, Fathegarh Charian Road, Chand Avenue, Nagali Abadi, Amritsar. I have changed my name from Rakesh Kumar to Rakesh Kumar Chawla. All concerned please note.

I, Parveen Chanana W/o Sh. Rakesh Kumar Chawla Resident of H.No. 11, Fathegarh Charian Road, Chand Avenue, Nagali Abadi, Amritsar. I have changed after marriage my name from Parveen Chanana to Parveen Chawla. All concerned please note.

I, Rajesh Kumar S/o Om Parkash VPO. Pandrawal, Teh. Nawanshahr, Distt. S.B.S Nagar Pin. 144422, I Have changed my name from Rajesh Kumar to Kumar Rajesh (Surname as Kumar). All note.

I, Kamaljeet Singh S/o Gian Singh, resident of Vill. Bhundian, PO. Behram Sarishta, Distt. Jalandhar, Punjab, India, have changed my name from Kamaljeet Singh to KAMALJIT SINGH. All concerned please note.

I, Gurpreet Singh S/o Lakhwinder Singh, R/o Vill Miani Bola, PO. Saiflabad, Kapurthala, Punjab India, Have Changed My Name From Gurpreet Singh to Singh Gurpreet (Surname As Singh). All please note.

I, Harsimran kaur w/o prabhjot singh mankoo R/O Vill. Atta, PO. Goraya, Tehsil Phillaur, Distt. Jalandhar -144409, Punjab have changed my name from Harsimran Kaur to Harsimran as given name and kaur as surname. All concem may note.

## Change of Name

I Saloni Dhupar W/o Lovish Dhupar, R/o H.No. 69, Dhupar Niwas, Dilbag Nagar Ext, Jalandhar have changed my name from Saloni to Saloni Dhupar

I, Kulwant Singh Bajwa son of Pala Singh, R/o H.No. 1, Dada Nagar, Model Town, Jalandhar declare that I have changed my name from Kulwant Singh Bajwa to Kulwant Singh.

I, Suman Arora W/o Rajinder Kumar, R/o H.No. 9, Raja Garden, Mithapur Chowk, Jalandhar declare that in my PAN Card my father's name is wrongly mentioned as Sawar Lal. My father's correct name is Swarn Lal Pruthi. All concerned may note.

I, Sunita W/o Parveen Kumar Gulati R/o H.No N.K. 85, Charanjit Pura, Jalandhar, have changed my name from Sunita to Sunita Rani.

I, Gurmanjit Singh S/o Manjit Singh R/o Village Pandori Sumlan, District Hoshiarpur, Punjab-144210 have changed my name from Gurmanjit Singh to Given Name as Gurmanjit & Surname as Singh. Concerned Note.

I, Rajwinder kaur W/o kulwant Singh R/o vpo Raipur Pir Bux wala Tehsil Bholath Distt Kapurthala have change my name from Rajinder kaur to Rajwinder kaur. All concerned please note.

I hitherto known as SONALJIT D/O SOBHA SINGH W/O PRITAM SINGH BHOGAL, Residing at House no 535, Karol Bagh, PO Chogitti, Jalandhar, Punjab - 144009 have changed my name and shall hereafter be known as SONALJIT KAUR.

I Rama Devi W/O Rattan Paswan R/O H.N 56 Imam Nagar Sur Po Sirari Distt Lakhisarai Bihar Have Changed my Name From Rama Devi To Manju Devi. Rama Devi and Manju Devi Both Are Name Of One And Same Lady.

I, Bhulla Singh s/o Hukami Singh r/o Box No. 0437, Arman Nagar, Phase-2, Dhilwan, Po. Dakoha, Distt. Jalandhar have changed my name to Bhulla Ram. All Please Note.

I, Gurdeep Singh s/o Sukhvinder Singh r/o H.No. B-10, 1363/2, Lamba Pind, Po. Chogitti, Jalandhar have changed my name to Singh Gurdeep (Surname as Singh). All Please Note.

I, Krish s/o Rajiv Kumar r/o Vill. Jagat Pura, Panj Dhera, Jalandhar-144410, Punjab have changed my name from Krish to Krish Kumar. All Please Note.

I, Rajmina d/o Dilwar Hussain w/o Dilwer Hussain r/o VPO.Naugajja, Tehsil Kartarpur, Jalandhar Rural, Punjab-144301 have changed my name to Rajmeena. All Please Note.

I, Avtar Singh s/o Mohinder Singh r/o Thinda, Hoshiarpur, Punjab have changed my name from Avtar Singh to Avtar Singh Nagra. All Please Note.

I, Muskandeep Kaur W/o Rubaljeet Singh R/o Jail Road, Mohalla Dilbage Nagar, Kapurthala, Punjab have changed my name from Muskandeep Kaur to Kaur Muskandeep (Surname as Kaur). All Please Note.

I, Harvinder Kaur W/o Malook Singh R/o VPO. Talwara, Tehsil Bholath, District Kapurthala, have changed the spelling of my name from Harvinder Kaur to Harwinder Kaur. All concerned persons note it.

I Karun Jit Thind w/o Navdeep Singh Thind R/o 544 Mota Singh Nagar Jalandhar, punjab 144001 have changed my name from Karun Jit to Karun Jit Thind After my Marriage.

## ਬੇਦਖਲੀ ਨੋਟਿਸ

ਮੈਂ, ਬਲਜੀਤ ਸਿੰਘ ਸੋਹੀ ਪੁੱਤਰ ਬਲਦੇਵ ਸਿੰਘ, ਪਿੰਡ ਭੋਜੋਵਾਲੀ (ਸੰਗਰੂਰ) ਆਪਣੀ ਲੜਕੀ ਨਵਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜਿੰਮੇਵਾਰ ਹੋਣਗੇ।

ਮੈ ਹਰਚਰਨ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਮਕਾਨ ਨੰਬਰ 1418/9 ਗਲੀ ਮਕਬਰੇ ਵਾਲੀ ਪੱਟੀ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਦਾ ਰਹਿਣ ਵਾਲਾ ਹਾਂ ।ਮੇਰਾ ਪੁੱਤਰ ਰਾਜਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਆਪਣੇ ਲੜਕੇ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾਂ । ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ ।

ਮੈਂ ਰਾਜਪਾਲ ਪੁੱਤਰ ਮਾਘੀ ਰਾਮ ਪਿੰਡ ਬਾਮਾ ਤਹਿਸੀਲ ਚਮਕੌਰ ਸਾਹਿਬ ਜ਼ਿਲ੍ਹਾ ਰੂਪਨਗਰ ਨੇ ਆਪਣੇ ਲੜਕੇ ਅਮਰਿੰਦਰ ਸਿੰਘ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ, ਕਿਉਂਕਿ ਇਹ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਮੈ ਕੁਲਦੀਪ ਕੌਰ ਪਤਨੀ ਸਲਵਿੰਦਰ ਸਿੰਘ ਵਾਸੀ ਦੋਬਲੀਆ ਤਹਿਸੀਲ ਤੇ ਜ਼ਿਲਾ ਤਰਨਤਾਰਨ ਦੀ ਰਹਿਣ ਵਾਲੀ ਹਾਂ । ਮੇਰੀ ਨੂੰਹ ਰਜਵੰਤ ਕੌਰ ਪਤਨੀ ਜੁਗਰਾਜ ਸਿੰਘ ਅਤੇ ਪੋਤਰੀ ਲਵਜੀਤ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ ਆਪਣੀ ਨੂੰਹ ਤੇ ਪੋਤਰੀ ਦੋਹਾਂ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦੀ ਹਾਂ । ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ ।

ਮੈਂ, ਸਰਬਜੀਤ ਕੌਰ ਪਤਨੀ ਜਗਸੀਰ ਸਿੰਘ, ਵਾਸੀ ਰਣਸੀਂਹ ਖੁਰਦ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ।ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਸੂਰਜ ਥਾਪਰ ਪੁੱਤਰ ਗੁਰਦੇਵ ਲਾਲ ਅਤੇ ਕਿਰਨ ਥਾਪਰ ਪਤਨੀ ਸੂਰਜ ਥਾਪਰ, ਵਾਸੀਆਨ ਪਿੰਡ ਦਬੁਰਜੀ, ਤਹਿਸੀਲ ਵਾ ਜਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਜਾਨ ਥਾਪਰ, ਜੋ ਕਿ ਸਾਡੇ ਕਹਿਣੇਕਾਰ ਤੋਂ ਬਾਹਰ ਹੈ। ਜਿਸ ਕਰਕੇ ਅਸੀ ਆਪਣੇ ਉਕਤ ਲੜਕੇ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡੇ ਉਕਤ ਲੜਕੇ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸੰਬਧਤ ਨੋਟ ਕਰਨ।

ਮੈਂ ਪਦਮ ਕੁਮਾਰ ਪੁੱਤਰ ਰਾਮ ਚੰਦ ਵਾਸੀ ਮਕਾਨ ਨੰ: ਬੀ ਐਕਸ/23, 3132, ਮੁੱਹਲਾ ਲੋਹਾਰਾ ਵਾਲਾ, ਕਰਤਾਰਪੁਰ (ਪੇਂਡੂ) ਜਲੰਧਰ ਘੋਸ਼ਣਾ ਕਰਦਾ ਹਾਂ ਕਿ ਮੇਰਾ ਲੜਕਾ ਹੰਨੀ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜੀ ਕਰਦਾ ਹੈ। ਮੈਂ ਆਪਣੇ ਲੜਕੇ ਨੂੰ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਤ ਨੋਟ ਕਰਨ।

ਮੈਂ, ਅਮਰਜੀਤ ਸਿੰਘ ਪੁੱਤਰ ਬਚਨ ਸਿੰਘ, ਵਾਸੀ ਪਿੰਡ ਤੇ ਡਾਕ. ਮਹਿਲਾਂਵਾਲਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਤਿੰਦਰ ਸਿੰਘ, ਜੋ ਮੇਰੇ ਅਤੇ ਮੇਰੇ ਪਰਵਾਰਕ ਮੈਂਬਰਾਂ ਦੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਮੇਰਾ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਅਸ਼ੋਕ ਕੁਮਾਰ ਪੁੱਤਰ ਮਹਿੰਗਾ ਰਾਮ, ਵਾਸੀ ਮਕਾਨ ਨੰ: 24, ਸਰਬਜੀਤ ਨਗਰ, ਤਰਨ ਤਾਰਨ ਰੋਡ ਸਾਹਮਣੇ ਪਿਲਰ ਨੰ: 46, ਗਾਂਧੀ ਬਾਜ਼ਾਰ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੌਤਮ ਅਰੋੜਾ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਕੁਲਵਿੰਦਰ ਕੌਰ ਪਤਨੀ ਸ੍ਰੀ ਪਰਵਿੰਦਰ ਸਿੰਘ, ਵਾਸੀ ਵਾਰਡ ਨੰ: 10 ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਗੁਰਵਿੰਦਰ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਸਾਰੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰੇ ਬਾਕੀ ਪਰਵਾਰ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ।

## PUBLIC NOTICE

I, Dalbir Singh Mundi S/o Puran Singh Mundi, R/o VPO. Khusropur, Distt. Jalandhar presently Resident at Flat No. A/103. Anant Kiran Apartments Ambvadi Road, Vasai Road (West), Tal Vasai, District Thane 401202 (Mah.), declare that I also Known as Balbir Singh S/o Puran Singh , I Known as with both names. All concerned please note.

I, Mohinder Kaur W/o Late Sh. Gurdev Singh R/o Village Bajwa Kalan, Tehsil Shahkot, Distt. Jalandhar, Punjab declare that Hardeep Singh is my real son & at present he is residing at Italy. That when Hardeep Singh left the India he was not married and not even engaged. That my son Hardeep Singh is still unmarried and not even engaged. That I have no objection of his solemnization of marriage with the any girl of any caste any religion or any country.

## ਨਾਂਅ ਦੀ ਬਦਲੀ

ਮੈਂ, ਸ਼ੇਰ ਸਿੰਘ ਚਹਿਲ ਪੁੱਤਰ ਹਰਨੇਕ ਸਿੰਘ, ਪਿੰਡ ਘਨੌਰੀ ਕਲਾਂ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਸ਼ੇਰ ਸਿੰਘ ਰੱਖ ਲਿਆ ਹੈ।

ਮੈਂ, ਮੋਨੂੰ ਸਿੰਘ ਪੁੱਤਰ ਸੰਜੇ ਕੁਮਾਰ ਵਾਸੀ ਗਲੀ ਨੰਬਰ 03, ਸੁੰਦਰ ਨਗਰ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਮ ਮੋਨੂੰ ਤੋਂ ਬਦਲ ਕੇ ਮੋਨੂੰ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ ਨਿਕਾਸ ਪੁੱਤਰ ਦਰਸ਼ਨ ਕੁਮਾਰ ਵਾਸੀ ਮਕਾਨ ਨੰਬਰ 3014, ਗਲੀ ਨੰਬਰ 7, ਗੁਰੂ ਨਾਨਕ ਕਾਲੋਨੀ ਤਰਨ ਤਾਰਨ ਰੋਡ, ਅੰਮ੍ਰਿਤਸਰ ਨੇ ਆਪਣਾ ਨਾਮ ਨਿਕਾਸ ਤੋਂ ਬਦਲ ਕੇ ਨਿਕਾਸ ਸਿੰਘ ਰੱਖ ਲਿਆ ਹੈ।

ਮੈਂ ਵਿਸ਼ਾਲ ਪੁੱਤਰ ਬਲਦੇਵ ਰਾਜ, ਵਾਸੀ ਘਰ ਨੰਬਰ-20, ਰਾਜਨ ਨਗਰ, ਜਲੰਧਰ-9, ਪੰਜਾਬ-144021, ਜੋ ਹੁਣ ਤੱਕ ਇਸੇ ਨਾਂ ਨਾਲ ਜਾਣਿਆ ਜਾਂਦਾ ਸੀ, ਨੇ ਹੁਣ ਆਪਣਾ ਨਾਂ ਬਦਲ ਲਿਆ ਹੈ ਅਤੇ ਅਗਾਂਹ ਤੋਂ ਮੇਰਾ ਨਾਂ ਵਿਸ਼ਾਲ ਅਰੋੜਾ ਹੋਵੇਗਾ।

## ਆਮ ਸੂਚਨਾ

ਮੈਂ, ਪ੍ਰੀਤੀ ਪੁੱਤਰੀ ਸੁਰਜੀਤ ਸਿੰਘ, ਵਾਸੀ 378, ਨੇੜੇ ਟੀਟੂ ਹਲਵਾਈ, ਨਿਊ ਅਬਾਦੀ ਕੋਟ ਖਾਲਸਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਭਰਾ ਹਰਮਨਜੀਤ ਸਿੰਘ ਉਰਫ ਹਰਮਨ ਪੁੱਤਰ ਸੁਰਜੀਤ ਸਿੰਘ, ਜੋ ਮੇਰੇ ਕਹਿਣੇ-ਸੁਣਨੇ ਵਿਚ ਨਹੀਂ ਅਤੇ ਆਪਣੀ ਮਨਮਰਜ਼ੀ ਕਰਦਾ ਹਾਂ। ਮੈਂ ਆਪਣੇ ਭਰਾ ਨੂੰ ਸਾਰੇ ਰਿਸ਼ਤੇ-ਨਾਤਿਆਂ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਜਾਂ ਮੇਰੇ ਪਰਵਾਰਕ ਮੈਂਬਰ ਅਤੇ ਮੇਰੀ ਸ਼ਾਦੀਸ਼ੁਦਾ ਭੈਣ ਦਾ ਕੋਈ ਤਲਕ-ਵਾਸਤਾ ਨਹੀਂ ਹੋਵੇਗਾ।

ਮੈਂ, ਪਰਮਜੀਤ ਕੌਰ ਪਤਨੀ ਲੇਟ ਸ਼੍ਰੀ ਰਘਬੀਰ ਸਿੰਘ ਵਾਸੀ 668, ਰਾਣੀ ਬਜਾਰ, ਸ਼ਰੀਫਪੁਰਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਪੋਤਰਾ ਜੀਵਨ ਸਿੰਘ ਉਰਫ ਏਕਮ ਪੁੱਤਰ ਸਿਕੰਦਰ ਸਿੰਘ ਜੋ ਕਿ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹੈ, ਲੜਾਈ ਝਗੜਾ ਕਰਦਾ ਰਹਿੰਦਾ ਹੈ,ਮਾੜੀ ਸੰਗਤ ਵਿਚ ਪੈ ਗਿਆ ਹੈ ਅਤੇ ਬਹੁਤ ਤੰਗ ਪਰੇਸ਼ਾਨ ਕਰਦਾ ਹੈ। । ਮੈਂ ਉਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ।ਉਸਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਦੂਸਰਾ ਬੇਟਾ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰਾ,ਮੇਰੇ ਬੇਟੇ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ-19/0546 ਜਗਤਾਰ ਸਿੰਘ ਪੁੱਤਰ ਬਲਕਾਰ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਰੇਸ਼ਮ ਸਿੰਘ ਪੁੱਤਰ ਮਲੂਕ ਸਿੰਘ ਰਕਬਾ ਮੱਲਾਂਵਾਲਾ ਸਮਾਲੀ, ਤਹਿ: ਜ਼ੀਰਾ ਨੇ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ. ਡੀ. ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਮੈਂ, ਤਰਲੋਚਨ ਸਿੰਘ ਪੁੱਤਰ ਸ਼ਿੰਗਾਰਾ ਸਿੰਘ, ਵਾਸੀ ਮੁਕੀਮਪੁਰ, ਡਾਕ. ਹਰਿਆਣਾ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਧਰਮਿੰਦਰ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ, ਪਰ ਹੁਣ ਮੇਰੇ ਕਹਿਣੇਕਾਰ ਹੋਣ ਕਰਕੇ ਮੈਂ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਆਪਣੀ ਚੱਲ-ਅਚੱਲ ਜਾਇਦਾਦ ਦਾ ਹੱਕ ਦਿੰਦਾ ਹਾਂ। ਸੰਬੰਧਤ ਨੋਟ ਕਰਨ।

ਮੈਂ ਮਲਕੀਅਤ ਸਿੰਘ ਪੁੱਤਰ ਗੰਗਾ ਸਿੰਘ, ਭਾਈ ਦਿੱਤ ਸਿੰਘ ਨਗਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਜੋਤਸਰੂਪ ਸਿੰਘ ਅਤੇ ਉਸਦੀ ਪਤਨੀ ਜਸਮੀਤ ਕੌਰ ਨੂੰ ਹੁਣ ਮੇਰੇ ਕਹਿਣੇਕਾਰ ਹੋਣ ਕਰਕੇ ਉਨ੍ਹਾਂ ਸੰਬੰਧੀ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਸਬੰਧੀ ਦਿੱਤਾ ਪਬਲਿਕ ਨੋਟਿਸ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਚੱਲ-ਅਚੱਲ ਜਾਇਦਾਦ ਵਿਚ ਪੂਰੇ ਹੱਕਦਾਰ ਹਨ । ਸੰਬੰਧਤ ਨੋਟ ਕਰਨ।

## REQUIRED

KCL Institute of Laws, Jalandhar invites online applications for the Assistant Professors Law 02, English 01 and Political Science 01 on regular basis (Un-Aided) http://kcllawcollege.com/index.jobs. Qualifications and Grade as UGC/NCTE/Punjab Govt./GNDU norms. Reservation Policy as Punjab Govt. rules Candidates must submit online application within 15 days from the advertisement. Candidates must fill the Score Card Proforma (as (Annexure-IV) available on CDC Portal www.gndu.ac.in and submit it along with application.0181- 2233330 Principal.

## Lost and Found

I Vipan Kumar Bhalla S/o Shanti Saroop Bhalla S/o Munshi Ram R/o H.No.3518, Mohalla Bhallian, Nakodar, Tehsil Nakodar, District Jalandhar do hereby inform that Original Regd Transfer Deed Dt 03-04-2019 , Document No 31 , Regd Sale Deed Dt 15-02-2017 , Document No 1823 , Regd Sale Deed Dt 21-04-2014 , Document No 138 , Regd Sale Deed Dt 21-04-2011 , Document No 277 , Regd Sale Deed Dt 27-12-2004 , Document No 3230 , Regd Sale Deed Dt 14-10-2009 , Document No 2272 regarding property measuring 10mls Situated in the area of Nakodar were lost by me on 05-12-2025 . In case these deeds are found I may be contacted.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ -I/II ਕਾਹਨੂੰਵਾਨ ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ

ਪਬਲਿਕ ਨੋਟਿਸ

ਵਿਸ਼ਾ : ਮਾਲ ਰਿਕਾਰਡ ਪਿੰਡ ਭੈਣੀ ਬਾਂਗਰ ਹਦਬਸਤ ਨੰਬਰ 530 ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਵਿਚ ਬਚਨ ਸਿੰਘ ਪੁੱਤਰ ਦੁਰਗਾ ਸਿੰਘ ਪੁੱਤਰ ਲੱਭੂ ਰਾਮ ਦੇ ਨਾਂਅ ਦੀ ਦਰੁਸਤੀ ਕਰਨ ਸਬੰਧੀ।

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਚਨ ਲਾਲ ਪੁੱਤਰ ਦੁਰਗਾ ਦਾਸ ਵਾਸੀ ਪਿੰਡ ਭੈਣੀ ਬਾਂਗਰ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਨੇ ਨਿਮਨਹਸਤਾਖਰੀ ਦੀ ਅਦਾਲਤ ਵਿਚ ਦਰਖਾਸਤ/ਹਲਫੀਆ ਬਿਆਨ ਦੇ ਕੇ ਬੇਨਤੀ ਕੀਤੀ ਹੈ ਕਿ ਉਸ ਦੀ ਮਾਲਕੀ ਜ਼ਮੀਨ ਪਿੰਡ ਭੈਣੀ ਬਾਂਗਰ ਹਦਬਸਤ ਨੰਬਰ 581, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਹੈ। ਪਿੰਡ ਭੈਣੀ ਬਾਂਗਰ ਹਦਬਸਤ ਨੰਬਰ 530 ਦੇ ਮਾਲ ਰਿਕਾਰਡ ਦੇ ਇੰਦਰਾਜ਼ ਵਿਚ ਉਸ ਦਾ ਅਤੇ ਉਸ ਦੇ ਪਿਤਾ ਦਾ ਨਾਂਅ ਗਲਤੀ ਨਾਲ ਬਚਨ ਸਿੰਘ-ਪੁੱਤਰ ਦੁਰਗਾ ਸਿੰਘ ਪੁੱਤਰ ਲੱਭੂ ਰਾਮ ਚੱਲ ਰਿਹਾ ਹੈ। ਉਸ ਨੇ ਇਸ ਗਲਤੀ ਨੂੰ ਦਰੁਸਤ ਕਰਨ ਲਈ ਬਚਨ ਸਿੰਘ ਪੁੱਤਰ ਦੁਰਗਾ ਸਿੰਘ ਪੁੱਤਰ ਲੱਭੂ ਰਾਮ ਦੀ ਥਾਂ ਬਚਨ ਸਿੰਘ ਉਰਫ ਬਚਨ ਲਾਲ ਪੁੱਤਰ ਦੁਰਗਾ ਸਿੰਘ ਉਰਫ ਦੁਰਗਾ ਦਾਸ ਦਰੁਸਤ ਕਰਨ ਲਈ ਬੇਨਤੀ ਕੀਤੀ ਹੈ ਕਿ ਦੋਵੇਂ ਨਾਂਵਾਂ ਉਸ ਦੇ ਅਤੇ ਉਸ ਦੇ ਪਿਤਾ ਦੇ ਹੀ ਹਨ।ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਉਪਰੋਕਤ ਦੋਵਾਂ ਨਾਂਅ ਦੀ ਤਬਦੀਲੀ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਨਿਮਨਹਸਤਾਖਰੀ ਦੀ ਅਦਾਲਤ ਵਿਚ ਹਲਫੀਆ ਬਿਆਨ ਸਮੇਤ ਇਸ ਨੋਟਿਸ ਦੇ ਛਪਣ ਦੇ 21 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਨਿਯਤ ਮਿਤੀ ਦੇ ਗੁਜ਼ਰ ਜਾਣ ਦੇ ਬਾਅਦ ਕੋਈ ਵੀ ਉਜ਼ਰ/ਦਾਅਵਾ ਸੁਣਿਆ/ਮੰਨਿਆ ਨਹੀਂ ਜਾਵੇਗਾ।

ਉਪਰੋਕਤ ਇਸ਼ਤਿਹਾਰ ਅੱਜ ਮਿਤੀ 09/12/2025 ਨੂੰ ਮੇਰੇ ਦਸਤਖਤ ਅਤੇ ਮੋਹਰ ਨਾਲ ਜਾਰੀ ਹੋਇਆ ਹੈ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ -I/II ਕਾਹਨੂੰਵਾਨ

ਨੰਬਰ 1284 ਰੀਡਰ ਮਿਤੀ 09-12-2025

## NOTICE

(U/o 5 Rule 20 CPC)
In the Court of Ms. Girish
Principal Judge Family Court,
Muktsar
CNR No. PBSM01-004871-2025
Next Date:- 12-01-2026
Puneet Sayal
Vs.
General Public
Publication Issued To:
General Public
Sri Muktsar Sahib

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 12-01-2026 at 10:00 a.m.

For details logon to https://highcourtchd.gov.in/?mod=district_notice&district=mogacourt

Principal Judge Family Court
Muktsar

Dated, this day of 15-12-2025

## COURT NOTICE

(U/o 5 Rule 20 CPC)
In the Court of Ms. Babaljit Kaur
Civil Judge (Junior Division)-16, Jalandhar

CM/377/2025

CNR No. PBJL02-002822-2025 Next Date:- 07-01-2026

M/S Mani Metal Works, Basti Bawa Khel, Kapurthala Road, Jalandhar Through Its Proprietor Harish hander Sharma

Vs.

M/S Eshan Tools and Forging, Backside Dussehra Ground Basti Sheikh, Jalandhar Through its Partner Anshul Luther and others

Publication Issued To:

1. Eshan Tools and Forging, Backside Dussehra Ground Basti Sheikh, Jalandhar Through its Partner Anshul Luther 2. Anshul Luther, Partner, M/S Eshan Tools and Forging, Backside Dussehra Ground Basti Sheikh, Jalandhar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 07-01-2026 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-16 Jalandhar

Dated, this day of 12-12-2025

## ਜਨਤਕ ਨੋਟਿਸ



ਬਾ-ਅਦਾਲਤ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਮੈਰਿਜ ਅਫ਼ਸਰ, ਹੁਸ਼ਿਆਰਪੁਰ

ਵਿਸ਼ਾ: ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਲਖਵੀਰ ਸਿੰਘ ਦੇ ਨਾਂਅ 'ਤੇ Marriageability ਸਰਟੀਫਿਕੇਟ ਜਾਰੀ ਕਰਨ ਬਾਰੇ।

ਬਨਾਮ ਜਨਰਲ ਪਬਲਿਕ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪ੍ਰਾਰਥੀ ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਲਖਵੀਰ ਸਿੰਘ ਵਾਸੀ ਪਿੰਡ ਖੁਰਦਾਂ, ਡਾਕ. ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਨਾਂਅ 'ਤੇ ਅਨਮੈਰਿਡ ਸਰਟੀਫਿਕੇਟ ਜਾਰੀ ਕਰਨ ਬਾਰੇ ਬੇਨਤੀ ਕੀਤੀ ਹੈ।ਸ੍ਰੀ ਗੁਰਪ੍ਰੀਤ ਸਿੰਘ ਇਸ ਸਮੇਂ ਭਾਰਤ ਵਿਖੇ ਰਹਿੰਦਾ ਹੈ ਅਤੇ ਉਸ ਦੀ ਜਨਮ ਮਿਤੀ 01-01-1996 ਹੈ।ਇਸ ਸਮੇਂ ਸ੍ਰੀ ਗੁਰਪ੍ਰੀਤ ਸਿੰਘ ਦਾ ਸਟੇਟਸ ਸਿੰਗਲ ਹੈ। ਉਸ ਦਾ ਭਾਰਤ ਵਿੱਚ ਕੋਈ ਵਿਆਹੁਤਾ ਸਾਥੀ ਨਹੀਂ ਹੈ ।

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਨੂੰ ਉਕਤ ਸਰਟੀਫਿਕੇਟ ਜਾਰੀ ਕਰਨ ਵਿੱਚ ਕੋਈ ਇਤਰਾਜ਼ ਹੈ ਤਾਂ ਉਹ ਆਪ ਜਾਂ ਆਪਣੇ ਅਧਿਕਾਰਤ ਵਿਅਕਤੀ ਰਾਹੀਂ ਇਹ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣਾ ਉਜ਼ਰ/ਇਤਰਾਜ਼ ਪੇਸ਼ ਕਰ ਸਕਦਾ ਹੈ। ਨਿਯਤ ਮਿਤੀ ਤੋਂ ਬਾਅਦ ਕਿਸੇ ਵਿਅਕਤੀ ਦਾ ਕੋਈ ਉਜ਼ਰ ਕਾਬਲੇ ਗੌਰ ਨਹੀਂ ਹੋਵੇਗਾ।

ਸਹੀ/-ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਮੈਰਿਜ ਅਫ਼ਸਰ, ਹੁਸ਼ਿਆਰਪੁਰ

ਨੰ: 536-37/ ਸਟੈਨੋ/ਏ. ਡੀ.ਸੀ. ਮਿਤੀ : 15.12.2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਰਿਸ਼ਭ ਬਾਂਸਲ, ਪੀ.ਸੀ.ਐੱਸ., ਕੁਲੈਕਟਰ, ਉਪ ਮੰਡਲ, ਧੂਰੀ।

ਕੇਸ ਅਪੀਲ- ਤਕਸੀਮ

ਵਾਕਾ ਰਕਬਾ -ਕਾਂਝਲਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਨਿਸ਼ਚਿਤ ਤਾਰੀਖ਼ ਪੇਸ਼ੀ : 06.01.2026

ਇਸ ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਰਣਜੀਤ ਕੌਰ ਪਤਨੀ ਕਰਨੈਲ ਸਿੰਘ ਪੁੱਤਰ ਨੰਦ ਸਿੰਘ ਵਾਸੀ ਪਿੰਡ ਬਾਦਸ਼ਾਹਪੁਰ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਵੱਲੋਂ ਨਿਮਨ-ਸਹੀਕਾਰ ਦੀ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ ਹੈ। ਇਸ ਅਪੀਲ ਵਿੱਚ ਮਸੂਲਾਨ ਨੰ: 2. ਮਹਿੰਦਰ ਕੌਰ ਪੁੱਤਰੀ, 3. ਧੰਨਾ ਸਿੰਘ ਪੁੱਤਰ, 4. ਜੰਗੀਰ ਕੌਰ ਵਿਧਵਾ ਬਲਵੰਤ ਸਿੰਘ ਪੁੱਤਰ ਚੰਦ ਸਿੰਘ, 5. ਗੁਰਮੀਤ ਕੌਰ ਵਿਧਵਾ, 6. ਮਨਪ੍ਰੀਤ ਸਿੰਘ, 7. ਕੁਲਦੀਪ ਸਿੰਘ, 8. ਸੁੱਖੀ ਪੁੱਤਰਾਨ ਚਰਨ ਸਿੰਘ ਪੁੱਤਰ ਬਲਵੰਤ ਸਿੰਘ, 9. ਦਿਆਲ ਸਿੰਘ ਮੁਤਵਫੀ ਰਾਹੀਂ ਵਾਰਸਾਨ (ੳ) ਬਲਵੀਰ ਸਿੰਘ (ਮਸੂਲ ਨੰ: 22), (ਅ) ਸੁਰਜੀਤ ਸਿੰਘ (ਮਸੂਲ ਨੰ: 23) ਪੁੱਤਰਾਨ ਕਰਨੈਲ ਸਿੰਘ ਪੁੱਤਰ ਦਿਆਲ ਸਿੰਘ, 10. ਗੁਰਜੰਟ ਸਿੰਘ ਮੁਤਵਫੀ ਰਾਹੀਂ ਵਾਰਸਾਨ: (ੳ) ਨਿਰਮਲ ਸਿੰਘ (ਅ) ਜਗਤਾਰ ਸਿੰਘ ਪੁੱਤਰਾਨ ਗੁਰਜੰਟ ਸਿੰਘ, 11. ਸੁਰਜੀਤ ਕੌਰ ਵਿਧਵਾ, 12. ਦਰਸ਼ਨ ਸਿੰਘ ਪੁੱਤਰ, 13. ਬਲਵਿੰਦਰ ਕੌਰ ਪੁੱਤਰੀ ਗੁਰਨਾਮ ਸਿੰਘ ਪੁੱਤਰ ਗੰਡਾ ਸਿੰਘ, 14. ਅਵਤਾਰ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਰੱਖਾ ਸਿੰਘ, 15. ਅਮਰਜੀਤ ਸਿੰਘ ਪੁੱਤਰ ਅਵਤਾਰ ਸਿੰਘ ਪੁੱਤਰ ਮੁਖਤਿਆਰ ਸਿੰਘ, 16. ਜ਼ੋਰਾ ਸਿੰਘ ਪੁੱਤਰ ਜਗਜੀਤ ਸਿੰਘ ਮੁਤਬੰਨਾ ਪੁੱਤਰ ਕਿਰਪਾਲ ਸਿੰਘ, 17. ਬਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਪੁੱਤਰ ਮੇਹਰ ਸਿੰਘ. 18. ਰਾਜਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ, 19. ਸ਼ੇਰ ਸਿੰਘ ਪੁੱਤਰ ਅਰਜਨ ਸਿੰਘ 20. ਜਗਸੀਰ ਸਿੰਘ ਪੁੱਤਰ ਸ਼ੇਰ ਸਿੰਘ ਪੁੱਤਰ ਅਰਜਨ ਸਿੰਘ 21. ਹਰਦੇਵ ਸਿੰਘ ਪੁੱਤਰ ਸਾਧੂ ਸਿੰਘ ਪੁੱਤਰ ਰਾਮ ਸਿੰਘ, 22. ਬਲਵੀਰ ਸਿੰਘ, 23. ਸੁਰਜੀਤ ਸਿੰਘ ਪੁੱਤਰਾਨ ਕਰਨੈਲ ਸਿੰਘ ਪੁੱਤਰ ਦਿਆਲ ਸਿੰਘ, 24. ਪਰਮਜੀਤ ਸਿੰਘ ਪੁੱਤਰ ਨੰਦ ਸਿੰਘ ਪੁੱਤਰ ਹਰਨਾਮ ਸਿੰਘ, 25. ਗੁਰਜੀਤ ਸਿੰਘ, 26. ਰਣਜੀਤ ਸਿੰਘ ਪੁੱਤਰਾਨ ਗੁਰਤੇਜ ਸਿੰਘ ਪੁੱਤਰ ਮੁਖਤਿਆਰ ਸਿੰਘ, 27. ਗੁਰਜੀਤ ਸਿੰਘ, 28. ਜੱਗਾ ਸਿੰਘ ਉਰਫ ਜਗਸੀਰ ਸਿੰਘ ਪੁੱਤਰ ਹਰਨੇਕ ਸਿੰਘ ਉਰਫ ਨੇਕ ਸਿੰਘ ਪੁੱਤਰ ਮੁਖਤਿਆਰ ਸਿੰਘ 29. ਜਗਜੀਤ ਸਿੰਘ, 30. ਜਗਤਾਰ ਸਿੰਘ ਪੁੱਤਰਾਨ ਕਰਨੈਲ ਸਿੰਘ ਪੁੱਤਰ ਜੋਗਿੰਦਰ ਸਿੰਘ 31. ਹਰਪ੍ਰੀਤ ਕੌਰ ਪੁੱਤਰੀ ਚਰਨ ਸਿੰਘ ਪੁੱਤਰ ਸੋਹਣ ਸਿੰਘ, 32. ਸੁਰਜੀਤ ਕੌਰ ਮੁਤਵਫੀ ਰਾਹੀਂ: (i) ਜਸਵੰਤ ਸਿੰਘ, (ii) ਜੋਤੀ ਸਰੂਪ ਪੁੱਤਰਾਨ ਮੁਤਵਫੀ ਧਰਮ ਸਿੰਘ ਪੁੱਤਰ ਸੁਰਜੀਤ ਕੌਰ, (ਅ) ਸੋਹਣ ਸਿੰਘ, (ੲ) ਲਾਲ ਸਿੰਘ, (ਸ) ਰਛਪਾਲ ਕੌਰ, (ਹ) ਗੁਰਮੇਲ ਕੌਰ, (ਕ) ਗੁਰਜੰਟ ਕੌਰ ਪੁੱਤਰੀਆਨ ਸੁਰਜੀਤ ਕੌਰ ਵਿਧਵਾ ਬਾਬੂ ਸਿੰਘ ਪੁੱਤਰ ਪ੍ਰਤਾਪ ਸਿੰਘ, 33. ਧਰਮ ਸਿੰਘ ਮੁਤਵਫੀ ਰਾਹੀਂ ਵਾਰਸਾਨ (i) ਜਸਵੰਤ ਸਿੰਘ, (ii) ਜੋਤੀ ਸਰੂਪ ਪੁੱਤਰਾਨ ਮੁਤਵਫੀ ਧਰਮ ਸਿੰਘ, 34. ਸੋਹਣ ਸਿੰਘ, 35. ਲਾਲ ਸਿੰਘ ਪੁੱਤਰਾਨ ਬਾਬੂ ਸਿੰਘ ਪੁੱਤਰ ਪ੍ਰਤਾਪ ਸਿੰਘ, 36. ਰਣਪਾਲ ਕੌਰ, 37. ਗੁਰਮੇਲ ਕੌਰ, 38. ਗੁਰਜੰਟ ਕੌਰ ਪੁੱਤਰੀਆਨ ਬਾਬੂ ਸਿੰਘ ਪੁੱਤਰ ਪ੍ਰਤਾਪ ਸਿੰਘ, 39. ਨਾਜਰ ਸਿੰਘ, 40. ਭੂਰਾ ਸਿੰਘ, 41. ਰਣਧੀਰ ਸਿੰਘ, 42. ਸੁਦਾਗਰ ਸਿੰਘ, 43. ਸੁਖਵਿੰਦਰ ਸਿੰਘ ਪੁੱਤਰਾਨ ਚਰਨ ਸਿੰਘ ਪੁੱਤਰ ਹਜ਼ੂਰਾ ਸਿੰਘ, 44. ਮੁਕੰਦ ਸਿੰਘ ਪੁੱਤਰ ਹਜ਼ੂਰਾ ਸਿੰਘ, 45. ਭਵਨਦੀਪ ਸਿੰਘ ਪੁੱਤਰ ਗੁਰਦੇਵ ਸਿੰਘ ਪੁੱਤਰ ਕਰਤਾਰ ਸਿੰਘ ਸਾਰੇ ਵਾਸੀਆਨ ਪਿੰਡ ਕਾਂਝਲਾ, 46. ਜਪਨਦੀਪ ਸਿੰਘ ਮੁਤਵਫੀ ਰਾਹੀਂ ਵਾਰਸਾਨ : (ੳ) ਸੁਖਿੰਦਰ ਕੌਰ ਵਿਧਵਾ ਜਪਨਦੀਪ ਸਿੰਘ ਵਾਸੀ ਸੰਗਰੂਰ ਹਾਲ ਪੋਸਟਡ ਅਧਿਆਪਕਾ ਸਰਕਾਰੀ ਸਕੂਲ ਬੇਨੜਾ, 47. ਮਲਕੀਤ ਸਿੰਘ, 48. ਅਵਤਾਰ ਸਿੰਘ, 49. ਸੁਖਦੇਵ ਸਿੰਘ, 50. ਹਰਨੇਕ ਸਿੰਘ ਪੁੱਤਰਾਨ ਮੁਖਤਿਆਰ ਸਿੰਘ, 51. ਜੰਦ ਸਿੰਘ ਪੁੱਤਰ ਹਜ਼ੂਰਾ ਸਿੰਘ, 52. ਰਣਜੀਤ ਕੌਰ ਪਤਨੀ ਚਰਨ ਸਿੰਘ ਪੁੱਤਰ ਸੌਣ ਸਿੰਘ, 53. ਗੁਲਜਾਰਾ ਸਿੰਘ ਮੁਤਵਫੀ ਰਾਹੀਂ ਵਾਰਸਾਨ (ੳ) ਗੁਰਜੰਟ ਸਿੰਘ, (ਅ) ਮੇਜਰ ਸਿੰਘ, (ੲ) ਕੁਲਵੰਤ ਸਿੰਘ, (ਸ) ਹਰਬੰਸ ਸਿੰਘ, (ਹ) ਨਿਰਭੈ ਸਿੰਘ, (ਕ) ਸਿੰਦਰ ਸਿੰਘ ਪੁੱਤਰਾਨ ਗੁਲਜਾਰਾ ਸਿੰਘ ਵਾਸੀਆਨ ਪਿੰਡ ਕਾਂਝਲਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ 54. ਦੀ ਸੰਗਰੂਰ ਸੈਂਟਰਲ ਕੋਆਪ. ਬੈਂਕ ਲਿਮ: ਸੰਗਰੂਰ ਬਰਾਂਚ ਕਾਂਝਲਾ, 55. ਐਸ.ਬੀ.ਆਈ. ਬਰਾਂਚ ਕਾਂਝਲਾ, 56. ਐੱਸ.ਬੀ.ਆਈ. ਬਰਾਂਚ ਲੱਡਾ, 57. ਕਾਰਪੋਰੇਸ਼ਨ ਬੈਂਕ ਬਰਾਂਚ ਸੰਗਰੂਰ ਨੂੰ ਪਾਰਟੀ ਬਣਾਇਆ ਗਿਆ ਹੈ, ਪ੍ਰੰਤੂ ਮਸੂਲਾਨ ਨੂੰ ਰਜਿਸਟਰੀ ਲਿਫਾਫੇ ਜਾਰੀ ਕਰਨ ਉਪਰੰਤ ਵੀ ਮਸੂਲਾਨ ਹਾਜ਼ਰ ਅਦਾਲਤ ਨਾ ਹੋਣ ਕਾਰਨ ਇਹ ਅਦਾਲਤੀ ਇਸ਼ਤਿਹਾਰ ਰਾਹੀਂ ਉਕਤ ਮਸੂਲਾਨ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹਨਾਂ ਨੂੰ ਇਸ ਅਪੀਲ ਬਾਬਤ ਕੋਈ ਇਤਰਾਜ਼/ ਉਜ਼ਰ ਹੋਵੇ ਤਾਂ ਉਹ ਇਸ ਅਦਾਲਤ ਵਿੱਚ ਨਿਸ਼ਚਿਤ ਮਿਤੀ ਪਰ ਅਸਾਲਤਨ ਜਾਂ ਵਕਾਲਤਨ ਪੇਸ਼ ਹੋ ਕਰ ਆਪਣਾ ਇਤਰਾਜ਼ ਪੇਸ਼ ਕਰ ਸਕਦੇ ਹਨ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜ਼ਰ ਸੁਣਵਾਈ ਯੋਗ ਨਹੀਂ ਹੋਵੇਗਾ ਅਤੇ ਕੇਸ ਦਾ ਨਿਪਟਾਰਾ ਮੈਰਿਟ ਦੇ ਆਧਾਰ 'ਤੇ ਕਰ ਦਿੱਤਾ ਜਾਵੇਗਾ।

ਅੱਜ ਮਿਤੀ 5.12.2025 ਨੂੰ ਇਹ ਅਦਾਲਤੀ ਇਸ਼ਤਿਹਾਰ ਮੇਰੇ ਦਸਤਖਤਾਂ ਹੇਠ ਦਫ਼ਤਰੀ ਮੋਹਰ ਰਾਹੀਂ ਜਾਰੀ ਹੋਇਆ ਹੈ।

ਨੰਬਰ : 928/ਅਹਿ: ਮਿਤੀ 5.12.2025 ਸਹੀ/-ਕੁਲੈਕਟਰ ਉਪ ਮੰਡਲ ਧੂਰੀ

# ਪੰਜਾਬ ਨੇ ਰਾਸ਼ਟਰੀ ਊਰਜਾ ਸੰਭਾਲ ਪੁਰਸਕਾਰਾਂ-2025 'ਚ ਦੂਜਾ ਸਥਾਨ ਕੀਤਾ ਹਾਸਲ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਊਰਜਾ ਸਮਰੱਥਾ ਵਾਧੇ ਅਤੇ ਸੰਭਾਲ ਦੇ ਖੇਤਰ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਮਿਸਾਲੀ ਯਤਨਾਂ ਨੂੰ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੋਈ ਹੈ। ਪੰਜਾਬ ਸੂਬੇ ਨੇ ਰਾਸ਼ਟਰੀ ਊਰਜਾ ਸੰਭਾਲ ਪੁਰਸਕਾਰਾਂ-2025 ਦੇ ਸੂਬਿਆਂ ਦੀ ਕਾਰਗੁਜ਼ਾਰੀ ਵਰਗ ਵਿੱਚ ਦੇਸ਼ ਭਰ ਵਿਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਪੰਜਾਬ ਦੇ ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਬਾਰੇ ਮੰਤਰੀ ਸ੍ਰੀ ਅਮਨ ਅਰੋੜਾ ਨੇ ਦਿੱਲੀ ਦੇ ਵਿਗਿਆਨ ਭਵਨ ਵਿਖੇ ਹੋਏ ਰਾਸ਼ਟਰੀ ਊਰਜਾ ਸੰਭਾਲ ਪੁਰਸਕਾਰ 2025 ਸਮਾਰੋਹ ਵਿਚ ਰਾਸ਼ਟਰਪਤੀ ਦਰੋਪਦੀ ਮੁਰਮੂ ਪਾਸੋਂ ਇਹ ਅਹਿਮ ਪੁਰਸਕਾਰ ਪ੍ਰਾਪਤ ਕੀਤਾ। ਪੁਰਸਕਾਰ ਸਮਾਰੋਹ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਅਰੋੜਾ ਨੇ ਕਿਹਾ ਕਿ ਇਸ ਵੱਕਾਰੀ ਪੁਰਸਕਾਰ ਨੂੰ ਜਿੱਤਣ ਸਦਕਾ ਪੰਜਾਬ ਊਰਜਾ ਸਮਰੱਥਾ ਦੇ ਖੇਤਰ ਵਿਚ ਵਧੀਆ ਕਾਰਗੁਜ਼ਾਰੀ ਵਾਲੇ ਦੇਸ਼ ਦੇ ਚੋਟੀ ਦੇ ਸੂਬਿਆਂ ਵਿਚ ਸ਼ਾਮਲ ਹੋ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਇਸ ਖੇਤਰ ਦੇ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੀਤੇ ਗਏ



ਉਪਰਾਲਿਆਂ ਦਾ ਜ਼ਿਕਰ ਕਰਦਿਆਂ ਉਨਾਂ ਕਿਹਾ ਕਿ ਪੰਜਾਬ ਦੇ ਖੇਤੀਬਾੜੀ ਖੇਤਰ ਵਿਚ 18000 ਸੂਰਜੀ ਊਰਜਾ ਵਾਲੇ ਪੰਪ ਲਗਾਏ ਚੁੱਕੇ ਹਨ ਅਤੇ ਇਸ ਗਿਣਤੀ ਨੂੰ ਹੋਰ ਵਧਾਉਣ ਲਈ ਮੁਸੱਲਸਲ ਯਤਨ ਜਾਰੀ ਹਨ। ਇਨ੍ਹਾਂ ਤੋਂ ਇਲਾਵਾ ਛੋਟੇ ਤੇ ਦਰਮਿਆਨੇ ਉਦਯੋਗਿਕ ਯੂਨਿਟ ਵਰਗ ਤਹਿਤ ਵੇਰਕਾ ਪਲਾਂਟਾਂ ਵਿਚ 185 ਊਰਜਾਕੁਸ਼ਲ ਤਕਨੀਕ ਦੀਆਂ ਮੋਟਰਾਂ ਲਗਾਈਆਂ ਜਾ ਚੁੱਕੀਆਂ ਹਨ। ਇਨ੍ਹਾਂ ਯਤਨਾਂ ਨੂੰ ਹੋਰ ਅੱਗੇ ਵਧਾਉਂਦਿਆਂ ਸੂਬਾ ਸਰਕਾਰ ਨੇ ਸੂਬੇ ਦੀਆਂ ਸਰਕਾਰੀ ਇਮਾਰਤਾਂ ਵਿਚ ਸੂਰਜੀ ਊਰਜਾ ਦੇ 35 ਮੈਗਾਵਾਟ ਦੀ ਸਮਰੱਥਾ ਦੇ ਰੂਫਟਾਪ ਪ੍ਰਾਜੈਕਟ ਸਫਲਤਾਪੂਰਵਕ ਸਥਾਪਤ ਕੀਤੇ ਹਨ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਇਮਾਰਤਾਂ ਵਿਚ ਊਰਜਾ ਸਮਰੱਥਾ ਵਾਧੇ ਅਤੇ ਸੰਭਾਲ ਲਈ ਕਦਮ ਚੁੱਕਣੇ ਵਪਾਰਕ ਖੇਤਰ ਵਿਚ ਊਰਜਾ ਬਚਾਉਣ ਲਈ ਬਹੁਤ ਅਹਿਮੀਅਤ ਰੱਖਦਾ ਹੈ, ਜਿਸ ਖਾਤਰ ਊਰਜਾਕੁਸ਼ਲਤਾ ਵਾਲੇ ਡਿਜ਼ਾਇਨ, ਢੁੱਕਵੀਂ ਇਮਾਰਤੀ ਸਮੱਗਰੀ ਦੀ ਵਰਤੋ ਅਤੇ ਊਰਜਾ ਸੰਭਾਲ ਇਮਾਰਤੀ ਕੋਡ ਦੀ ਵਰਤੋ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਸੂਬੇ ਵਿਚ ਸੰਯੁਕਤ ਜਲਵਾਯੂ ਜ਼ੋਨ ਲਈ ਕੌਮੀ ਊਰਜਾ ਸੰਭਾਲ ਬਿਲਡਿੰਗ ਕੋਡ ਵਿਚ ਸੋਧ ਕਰਕੇ ਪੰਜਾਬ ਊਰਜਾ ਸੰਭਾਲ ਬਿਲਡਿੰਗ ਕੋਡ (ਈ ਸੀ ਬੀ ਸੀ) ਨੂੰ ਨੋਟੀਫਾਈ ਕਰਨ ਦੀ ਪਹਿਲਕਦਮੀ ਕੀਤੀ ਹੈ। ਭਵਿੱਖੀ ਜ਼ਰੂਰਤਾਂ ਨੂੰ ਵੇਖਦਿਆਂ ਹੋਇਆਂ ਇਮਾਰਤੀ ਨਿਯਮਾਂ ਨੂੰ ਲਾਗੂ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ 850 ਇਮਾਰਤਾਂ ਨੂੰ ਈ ਸੀ ਬੀ ਸੀ ਨਿਯਮ ਪਾਲਣਾ ਤਹਿਤ ਲਿਆਂਦਾ ਜਾ ਚੁੱਕਾ ਹੈ। ਊਰਜਾ ਸੰਭਾਲ ਤੇ ਸਮਰੱਥਾ ਵਾਧੇ ਦੇ ਖੇਤਰ ਵਿਚ ਪਹਿਲਕਦਮੀਆਂ ਲਈ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਦੇ ਅਧਿਕਾਰੀਆਂ ਦੀ ਸ਼ਲਾਘਾ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਇਨ੍ਹਾਂ ਸਮੁੱਚੇ ਯਤਨਾ ਦੇ ਸਦਕਾ ਹੀ ਹੁਣ ਤੱਕ 12000 ਮਿਲੀਅਨ ਯੂਨਿਟਾਂ ਦੀ ਬਚਤ ਸੰਭਵ ਹੋ ਚੁੱਕੀ ਹੈ। ਕੈਬਨਿਟ ਮੰਤਰੀ ਅਰੋੜਾ ਨੇ ਕਿਹਾ ਕਿ ਉਦਯੋਗਿਕ ਵਿਸਥਾਰ ਅਤੇ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ ਦੇ ਨਾਲ-ਨਾਲ ਬਿਜਲੀ ਦੀ ਮੰਗ ਵੀ ਵਧ ਰਹੀ ਹੈ। ਇਸ ਨੂੰ ਧਿਆਨ ਵਿਚ ਰੱਖਦੇ ਹੋਏ ਬਿਜਲੀ ਉਤਪਾਦਨ ਲਈ ਰਵਾਇਤੀ ਬਿਜਲੀ ਉਤਪਾਦਨ ਦੀ ਥਾਂ ਤੇ ਸੂਰਜੀ ਊਰਜਾ, ਪਣ ਬਿਜਲੀ ਉਤਪਾਦਨ ਅਤੇ ਬਾਇਓਮਾਸ ਬਿਜਲੀ ਉਤਪਾਦਨ ਦੀਆਂ ਵਿਧੀਆਂ ਨੂੰ ਅਪਣਾਉਣਾ ਸਮੇਂ ਦੀ ਲੋੜ ਹੈ, ਜੋ ਊਰਜਾ ਸਮਰੱਥਾ ਅਤੇ ਸੰਭਾਲ ਦੇ ਨਾਲ-ਨਾਲ ਵਾਤਾਵਰਣ ਸੰਭਾਲ ਲਈ ਸਭ ਤੋਂ ਵਧੇਰੇ ਕਾਰਗਰ ਸਾਬਤ ਹੋਣਗੀਆਂ।ਇਸ ਮੌਕੇ ਪੰਜਾਬ ਊਰਜਾ ਵਿਕਾਸ ਏਜੰਸੀ ਦੇ ਸੀ.ਈ.ਓ ਸ਼੍ਰੀਮਤੀ ਨੀਲਿਮਾ, ਪ੍ਰਸ਼ਾਸਕੀ ਸਕੱਤਰ, ਨਵੇਂ ਅਤੇ ਨਵਿਆਉਣਯੋਗ ਸਰੋਤ ਵਿਭਾਗ ਡਾ. ਬਸੰਤ ਗਰਗ, ਵਧੀਕ ਡਾਇਰੈਕਟਰ ਜਸਪਾਲ ਸਿੰਘ ਅਤੇ ਪ੍ਰਾਜੈਕਟ ਇੰਜੀਨੀਅਰ ਸ਼ਰਦ ਸ਼ਰਮਾ ਵੀ ਮੌਜੂਦ ਸਨ।

# ਪੰਜਾਬ 'ਚ ਧਰਤੀ ਹੇਠਲੇ ਪਾਣੀ ਦੀ ਸਥਿਤੀ ਗੰਭੀਰ

## ਸੰਤ ਸੀਚੇਵਾਲ ਵੱਲੋਂ ਰਾਜ ਸਭਾ 'ਚ ਪੰਜਾਬ ਦੇ ਪਾਣੀਆਂ ਨੂੰ ਲੈ ਕੇ ਪੁੱਛੇ ਸਵਾਲ 'ਚ ਹੋਇਆ ਖੁਲਾਸਾ

**ਸੁਲਤਨਾਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**



ਪਾਰਲੀਮੈਂਟ ਦੇ ਚੱਲ ਰਹੇ ਸਰਦ ਰੁੱਤ ਦੇ ਸ਼ੈਸ਼ਨ ਦੌਰਾਨ ਰਾਜ ਸਭਾ ਮੈਂਬਰ ਅਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੰਜਾਬ ਦੇ ਭੂਮੀਗਤ ਪਾਣੀ ਦੀ ਤੇਜ਼ੀ ਨਾਲ ਡਿੱਗ ਰਹੀ ਸਥਿਤੀ ਸਬੰਧੀ ਰਾਜ ਸਭਾ ਵਿੱਚ ਪੁੱਛੇ ਗਏ ਲਿਖਤੀ ਸਵਾਲਾਂ ਦੇ ਜਵਾਬ ਵਿੱਚ ਕੇਂਦਰੀ ਜਲ ਸ਼ਕਤੀ ਰਾਜ ਮੰਤਰੀ ਰਾਜ ਭੂਸ਼ਣ ਚੌਧਰੀ ਨੇ ਕੇਂਦਰੀ ਭੂਜਲ ਦੀ ਰਿਪੋਰਟ ਰਾਹੀਂ ਖੁਲਾਸਾ ਕੀਤਾ ਕਿ ਪੰਜਾਬ ਦੇਸ਼ ਦਾ ਸਭ ਤੋਂ ਵੱਧ ਭੂਜਲ ਤਣਾਅ ਵਾਲਾ ਰਾਜ ਬਣ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਕੁਦਰਤੀ ਤੌਰ 'ਤੇ ਜਿੰਨਾ ਪਾਣੀ ਸਾਲਾਨਾ ਮੁੜ ਭਰ ਸਕਦਾ ਹੈ, ਉਸ ਤੋਂ ਕਈ ਗੁਣਾ ਵੱਧ ਭੂਮੀਗਤ ਪਾਣੀ ਕੱਢ ਰਿਹਾ ਹੈ। ਕੇਂਦਰੀ ਭੂਜਲ ਬੋਰਡ ਦੀ 2024-25 ਦੀ ਰਾਸ਼ਟਰੀ ਅੰਕਲਨ ਰਿਪੋਰਟ ਮੁਤਾਬਕ ਪੰਜਾਬ ਵਿੱਚ ਭੂਜਲ ਦੀ ਖਪਤ ਦਰ 156 ਫੀਸਦੀ ਤੱਕ ਪਹੁੰਚ ਚੁੱਕੀ ਹੈ, ਜੋ ਦੇਸ਼ ਦੇ ਸਾਰੇ ਰਾਜਾਂ ਵਿੱਚ ਸਭ ਤੋਂ ਉੱਚੀ ਹੈ। ਇਹ ਦਰ ਦੇਸ਼ ਦੀ ਔਸਤ 60.63 ਫ਼ੀਸਦੀ ਤੋਂ ਕਈ ਗੁਣਾ ਵੱਧ ਹੈ। ਰਿਪੋਰਟ ਅਨੁਸਾਰ, ਪੰਜਾਬ ਵਿੱਚ ਸਾਲਾਨਾ ਕੁੱਲ ਭੂਜਲ ਰੀਚਾਰਜ 18.60 ਬਿਲੀਅਨ ਕਿਊਬਿਕ ਮੀਟਰ ਅੰਕਲਿਤ ਕੀਤਾ ਗਿਆ ਹੈ, ਜਦਕਿ ਸੁਰੱਖਿਅਤ ਤੌਰ 'ਤੇ ਵਰਤੋਂ ਯੋਗ ਪਾਣੀ ਕੇਵਲ 16.80 ਹੈ ਪਰ ਇਸਦੇ ਉਲਟ, ਪੰਜਾਬ ਇਸ ਵੇਲੇ ਲਗਭਗ 26.27 ਬਿਲੀਅਨ ਕਿਊਬਿਕ ਮੀਟਰ ਪਾਣੀ ਸਿੰਚਾਈ, ਘਰੇਲੂ ਅਤੇ ਉਦਯੋਗਿਕ ਵਰਤੋਂ ਲਈ ਸਾਲਾਨਾ ਕੱਢ ਰਿਹਾ ਹੈ। ਝੋਨੇ ਵਰਗੀਆਂ ਪਾਣੀ-ਖ਼ਪਤ ਵਾਲੀਆਂ ਫਸਲਾਂ ਅਤੇ ਟਿਊਬਵੈੱਲਾਂ 'ਤੇ ਹੱਦ ਤੋਂ ਵੱਧ ਨਿਰਭਰਤਾ ਕਾਰਨ ਕਈ ਖੇਤਰਾਂ ਵਿੱਚ ਭੂਜਲ ਪੱਧਰ ਹਰ ਸਾਲ ਅੱਧੇ ਮੀਟਰ ਤੋਂ ਵੀ ਵੱਧ ਘਟ ਰਿਹਾ ਹੈ। ਇਸ ਸੂਚੀ ਵਿੱਚ ਰਾਜਸਥਾਨ 147.11 ਫੀਸਦੀ ਨਾਲ ਦੂਜੇ ਅਤੇ ਹਰਿਆਣਾ 136.75 ਫੀਸਦੀ ਨਾਲ ਤੀਜੇ ਸਥਾਨ 'ਤੇ ਹਨ। ਰਾਜ ਸਭਾ ਵਿੱਚ ਦਿੱਤੀ ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਨੇ ਜਲ ਸ਼ਕਤੀ ਅਭਿਆਨ 2025 ਤਹਿਤ ਪੰਜਾਬ ਦੇ 20 ਜ਼ਿਲ੍ਹਿਆ ਨੂੰ ਪ੍ਰਾਥਮਿਕਤਾ ਸੂਚੀ ਵਿੱਚ ਸ਼ਾਮਲ ਕੀਤਾ ਹੈ।

# ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ



**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**

ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਛਾਉਣੀ ਨਿਹੰਗ ਸਿੰਘਾਂ ਊਨਾ ਰੋਡ ਬਜਵਾੜਾ ਕਲਾਂ ( ਹੁਸ਼ਿਆਰਪੁਰ ) ਵਿਖੇ ਜਥੇਦਾਰ ਬਾਬਾ ਗੁਰਦੇਵ ਸਿੰਘ ਦੀ ਦੇਖ ਰੇਖ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਹੋਇਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਬਾਅਦ 'ਚ ਭਾਈ ਮੱਖਣ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਹੋਰ ਕੀਰਤਨੀ ਜਥਿਆਂ ਵੱਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਪ੍ਰਭੂ ਚਰਨਾਂ ਨਾਲ ਜੋੜਿਆ ਗਿਆ। ਸਮਾਗਮ ਵਿੱਚ ਸਰਦਾਰ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ ਤਖਤ ਸ੍ਰੀ ਕੇਸਗੜ੍ਹ ਸਾਹਿਬ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਸੰਤ ਬਾਬਾ ਗੁਰਬਚਨ ਸਿੰਘ, ਸੰਤ ਚਰਨਜੀਤ ਸਿੰਘ ਜੱਸੋਵਾਲ, ਸੰਤ ਦਵਿੰਦਰ ਸਿੰਘ, ਸੰਤ ਕਰਨੈਲ ਸਿੰਘ, ਸੰਤ ਬੀਬੀ ਜਸਪ੍ਰੀਤ ਕੌਰ ਮਾਹਿਲਪੁਰ, ਸੰਤ ਕੁਲਵੰਤ ਸਿੰਘ ਕਨੇਡਾ, ਬਾਬਾ ਬਲਵਿੰਦਰ ਸਿੰਘ, ਸੰਤ ਭਗਵਾਨ ਸਿੰਘ, ਬਾਬਾ ਹਰਮਨਜੋਤ ਸਿੰਘ ਸਿੰਗੜੀਵਾਲ, ਭਾਈ ਹਰਜੋਤ ਸਿੰਘ, ਜਥੇਦਾਰ ਬਾਬਾ ਜਤਿੰਦਰ ਸਿੰਘ ਪਿੱਪਲੀ ਸਾਹਿਬ, ਸੰਤ ਬੀਬੀ ਗੁਰਿੰਦਰ ਕੌਰ ਬਾਹੋਵਾਲ, ਸੰਤ ਰਮਿੰਦਰ ਦਾਸ, ਸੰਤ ਸਰਵਣ ਦਾਸ ਬੋਹਣ, ਬਾਬਾ ਰਾਜਵੀਰ ਸਿੰਘ,ਬਾਬਾ ਰਵਿੰਦਰ ਸਿੰਘ ਇਟਲੀ, ਹੈਡ ਗ੍ਰੰਥੀ ਆਕਾਸ਼ਦੀਪ ਸਿੰਘ, ਬਾਬਾ ਜਤਿੰਦਰ ਸਿੰਘ, ਬਾਬਾ ਰੋਹਿਤ ਸਿੰਘ, ਬਾਬਾ ਕਰਨੈਲ ਸਿੰਘ, ਬਾਬਾ ਹਰਵਿੰਦਰ ਸਿੰਘ ਰਾਣਾ, ਬਾਬਾ ਜਸਵਿੰਦਰ ਸਿੰਘ ਮਸਾਣੀ, ਬਾਬਾ ਰਜਿੰਦਰ ਸਿੰਘ, ਬਾਬਾ ਰਾਜੂ ਸਿੰਘ ਅਤੇ ਵੱਖ ਵੱਖ ਸੰਪਰਦਾਵਾਂ ਤੋਂ ਸੰਤ ਮਹਾਂਪੁਰਸ਼ ਅਤੇ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਮਾਗਮ ਵਿੱਚ ਡਾ. ਇਸ਼ਾਂਕ ਕੁਮਾਰ ਵਿਧਾਇਕ ਹਲਕਾ ਚੱਬੇਵਾਲ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ, ਤਲਵਿੰਦਰ ਸਿੰਘ ਹੀਰ ਕਿਸਾਨ ਆਗੂ, ਮੱਖਣ ਸਿੰਘ ਕੋਠੀ ਉੱਘੇ ਸਮਾਜ ਸੇਵਕ ਅਤੇ ਕਿਸਾਨ ਆਗੂ, ਮਹਿੰਦਰ ਮੱਲ, ਬਲਵੀਰ ਸਿੰਘ ਸਮੇਤ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਵਲੋਂ ਸਮਾਗਮ ਵਿੱਚ ਪਹੁੰਚੇ ਸੰਤਾਂ ਮਹਾਂਪੁਰਸ਼ਾਂ ਅਤੇ ਹੋਰ ਸਨਮਾਨਯੋਗ ਸ਼ਖਸੀਅਤਾਂ ਨੂੰ ਸਿਰੋਪਾਉ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੀ ਤਸਵੀਰ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ।

# ਸੰਯੁਕਤ ਕਿਸਾਨ ਮੋਰਚਾ ਰੂਪਨਗਰ ਤੇ ਟਰੇਡ ਯੂਨੀਅਨਾਂ ਦੀ ਸਾਂਝੀ ਮੀਟਿੰਗ ਹੋਈ



**ਰੂਪਨਗਰ (ਨ ਜ ਸ)**

ਸੰਯੁਕਤ ਕਿਸਾਨ ਮੋਰਚਾ ਦੀ ਚੰਡੀਗੜ੍ਹ ਵਿਖੇ ਕਿਸਾਨ ਭਵਨ ਵਿੱਚ ਪੰਜਾਬ ਦੀਆਂ ਟਰੇਡ ਯੂਨੀਅਨਾਂ ਨਾਲ ਹੋਈ ਮੀਟਿੰਗ ਵਿੱਚ ਹੋਏ ਫੈਸਲੇ ਮੁਤਾਬਕ ਕਿ ਜੇਕਰ ਕੇਂਦਰ ਸਰਕਾਰ ਸੰਸਦ ਦੇ ਇਸ ਸੈਸ਼ਨ ਵਿੱਚ ਬਿਜਲੀ ਬਿੱਲ 2025 ਪੇਸ਼ ਕਰਦੀ ਹੈ ਤਾਂ ਬਿੱਲ ਪੇਸ਼ ਕਰਨ ਤੋਂ ਦੂਜੇ ਦਿਨ ਸਾਰੇ ਪੰਜਾਬ ਅੰਦਰ ਸੰਯੁਕਤ ਕਿਸਾਨ ਮੋਰਚਾ ਸਾਰੀਆਂ ਟਰੇਡ ਯੂਨੀਅਨਾਂ ਅਤੇ ਹੋਰ ਜਨਤਕ ਜਥੇਬੰਦੀਆਂ, ਮਜ਼ਦੂਰ ਜਥੇਬੰਦੀਆਂ ਨਾਲ ਮਿਲ ਕੇ ਰੇਲਾਂ ਰੋਕੇਗਾ ਅਤੇ ਟੋਲ ਪਲਾਜੇ ਫਰੀ ਕਰੇਗਾ। ਸਾਂਝੀ ਮੀਟਿੰਗ ਰਣਜੀਤ ਬਾਗ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ,ਇੰਟਕ ਦੇ ਸੂਬਾ ਸਕੱਤਰ ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਇਸ ਫੈਸਲੇ ਤੇ ਅਮਲ ਕਰਨ ਲਈ ਅਤੇ ਬਿਜਲੀ ਬਿੱਲ 2025 ਅਤੇ ਲੇਬਰ ਕੋਡ ਮਸਲੇ ਤੇ ਲੋਕਾਂ ਨਾਲ ਵਿਚਾਰ ਵਟਾਂਦਰਾ ਕਰਕੇ ਉਨਾਂ ਦੀ ਸ਼ਮੂਲੀਅਤ ਨਾਲ ਵਿਸ਼ਾਲ ਸੰਘਰਸ਼ ਦੀ ਤਿਆਰੀ ਵਜੋਂ ਰੇਲਾਂ ਰੋਕਣ ਅਤੇ ਟੋਲ ਪਲਾਜੇ ਫਰੀ ਕਰਨ ਦਾ ਐਕਸ਼ਨ ਪੂਰੀ ਤਾਕਤ ਨਾਲ ਕੀਤਾ ਜਾਵੇਗਾ ਤਾਂ ਜੋ ਸਰਕਾਰਾਂ ਨੂੰ ਲੋਕ ਵਿਰੋਧੀ ਫੈਸਲਿਆਂ ਤੋਂ ਪਿੱਛੇ ਹਟਣ ਅਤੇ ਉਹਨਾਂ ਨੂੰ ਲੋਕ ਹਿੱਤਾਂ ਲਈ ਨੀਤੀਆਂ ਬਣਾਉਣ ਲਈ ਮਜਬੂਰ ਕੀਤਾ ਜਾ ਸਕੇ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਟੂ ਦੇ ਸੂਬਾ ਸਕੱਤਰ ਕਾਮਰੇਡ ਮਹਾਂ ਸਿੰਘ ਰੋੜੀ ਨੇ 13 ਦਸੰਬਰ ਨੂੰ ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਦੀ ਹੋਈ ਕਿਸਾਨ ਭਵਨ ਚੰਡੀਗੜ੍ਹ ਦੀ ਰਿਪੋਰਟਿੰਗ ਵਿਸਥਾਰ ਪੂਰਵਕ ਕੀਤੀ।

# ਪੰਚਾਇਤੀ ਚੋਣਾਂ 'ਚ ਵੋਟ ਫੀਸਦੀ ਦਾ ਘਟਨਾ ਚਿੰਤਾਜਨਕ : ਰਾਣਾ

**ਬਲਾਚੌਰ/ਨਵਾਂਸ਼ਹਿਰ (ਜਸਵਿੰਦਰ ਬੈਂਸ, ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਬਲਾਕ ਸੰਮਤੀ ਤੇ ਪ੍ਰੀਸ਼ਦ ਦੀਆਂ ਚੋਣਾਂ ਵਿੱਚ ਸਿਰਫ 48 ਫੀਸਦੀ ਵੋਟਾਂ ਪੋਲ ਹੋਈਆਂ ਹਨ ਜੋ ਚੋਣਾ ਲੜ ਰਹੀਆਂ ਸਿਆਸੀ ਧਿਰਾਂ ਲਈ ਨਮੋਸ਼ੀ ਦਾ ਸੰਕੇਤ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਇੱਥੇ ਵਰਕਰਾਂ ਦੀ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਕਿਹਾ ਕਿ ਇਸ ਫੀਸਦੀ ਤੇ ਸਾਰੀਆਂ ਪਾਰਟੀਆਂ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਹੋਵੇਗਾ ਕਿਉਂਕਿ ਇਹ ਲਗਾਤਾਰ ਘਟ ਰਹੀ ਹੈ, ਇਸ ਤੋਂ ਪਹਿਲਾਂ 58% ਵੋਟਾਂ ਪੋਲ ਹੋਈਆਂ ਸਨ ਜਦ ਕਿ ਉਸ ਤੋਂ ਪਹਿਲਾਂ 68% ਵੋਟਾਂ ਪੋਲ ਹੋਈਆਂ ਸਨ। ਸਾਰੀਆਂ ਸਿਆਸੀ ਧਿਰਾਂ ਵੋਟਾਂ ਦੇ ਘੱਟ ਰਹੇ ਰੁਝਾਨ ਤੇ ਮੰਥਨ ਕਰਨ ਅਤੇ ਲੋਕ ਰਾਜ ਲਈ ਕੰਮ ਕਰਨ। ਉਹਨਾਂ ਅੱਗੇ ਕਿਹਾ ਕਿ ਇਹ ਚੋਣਾਂ ਵਿਧਾਨ ਸਭਾ ਦੀਆਂ 2027 ਦੀਆਂ ਚੋਣਾਂ ਦਾ ਟਰੇਲਰ ਹੈ ਜੋ ਸਿੱਟਾ ਕੱਢ ਰਿਹਾ ਹੈ ਕਿ ਸਿਆਸੀ ਧਿਰਾਂ ਲੋਕਾਂ ਦੀਆਂ ਮੰਗਾਂ ਅਤੇ ਮਸਲਿਆਂ ਵੱਲ ਧਿਆਨ ਨਾ ਦੇ ਕੇ ਕਾਰਪੋਰੇਟ ਦੇ ਹਿੱਤ ਪੂਰਨ ਵਿੱਚ ਕੰਮ ਕਰ ਰਹੀਆਂ ਹਨ ਅਤੇ ਲੋਕ ਨਰਾਜ ਹਨ। ਉਨਾਂ ਦੱਸਿਆ ਕਿ ਬਿਜਲੀ ਸੋਧ ਬਿਲ 2025, ਸੀਡ ਬਿਲ ਅਤੇ ਕਿਰਤ ਕਾਨੂੰਨਾਂ ਦੇ ਚਾਰ ਕੋਡਾਂ ਦਾ ਉਹਨਾਂ ਦੀ ਜਥੇਬੰਦੀ ਬਾਕੀ ਜਥੇਬੰਦੀਆਂ ਨਾਲ ਮਿਲ ਕੇ ਵਿਰੋਧ ਕਰੇਗੀ। ਇਸ ਮੌਕੇ ਸਾਥੀ ਕਰਨੈਲ ਸਿੰਘ ਭੱਲਾ ਮਨੋਹਰ ਲਾਲ, ਸੁਰਜੀਤ ਮਲਪੁਰੀ ਜਸਵਿੰਦਰ ਕੌਰ ਅਤੇ ਕੋਮਲ ਰਾਣੀ ਵੀ ਹਾਜ਼ਰ ਸਨ।



# ਦੂਸਰਾ ਸਾਲਾਨਾ ਫੁੱਟਬਾਲ ਟੂਰਨਾਮੈਂਟ 25 ਤੋਂ 28 ਤੱਕ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਵੱਲੋਂ ਸਵ. ਦਵਿੰਦਰ ਸਿੰਘ ਪਰਮਾਰ ਦੀ ਯਾਦ ਨੂੰ ਸਮਰਪਿਤ ਦੂਸਰਾ ਸਾਲਾਨਾ ਫੁੱਟਬਾਲ ਟੂਰਨਾਮੈਂਟ 25 ਦਸੰਬਰ ਤੋਂ 28 ਦਸੰਬਰ ਤੱਕ ਪਿੰਡ ਫੁਗਲਾਣਾ ਦੀ ਗਰਾਂਉਂਡ ਵਿਖੇ ਇਲਾਕਾ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ ।ਜਿਸ ਬਾਰੇ ਜਾਣਕਾਰੀ ਦਿੰਦਿਆਂ ਰਾਜਪੂਤ ਸਭਾ ਦੇ ਪ੍ਰਧਾਨ ਬਲਵਿੰਦਰ ਸਿੰਘ ਭਾਮ, ਜਨਰਲ ਸਕੱਤਰ ਬਲਵੀਰ ਸਿੰਘ ਫੁਗਲਾਣਾ ਅਤੇ ਸਰਪ੍ਰਸਤ ਫਤਿਹ ਸਿੰਘ ਪਰਹਾਰ ਨੇ ਸਾਂਝੇ ਤੌਰ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟੂਰਨਾਮੈਂਟ ਦੇ ਜੇਤੂ ਟੀਮਾਂ ਨੂੰ ਪਹਿਲਾ ਇਨਾਮ 51000/- ਦੂਜਾ ਇਨਾਮ 41000/-ਤੀਸਰਾ ਇਨਾਮ 15000/- ਹੈ। ਟੂਰਨਾਮੈਂਟ ਦਾ ਉਦਘਾਟਨ 25 ਦਸੰਬਰ ਨੂੰ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਤਰਨਾਦੱਲ ਬਜਵਾੜਾ ਤੇ ਜਤਿੰਦਰ ਸਿੰਘ ਵਿੱਕੀ ਪਰਮਾਰ ਸਾਂਝੇ ਤੌਰ 'ਤੇ ਕਰਨਗੇ । 28 ਦਸੰਬਰ ਨੂੰ ਲੜਕੀਆਂ ਦਾ ਫੁੱਟਬਾਲ ਦਾ ਸ਼ੋਅ-ਮੈਚ ਵੀ ਕਰਵਾਈਆਂ ਜਾਵੇਗਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਨਸ਼ਾ ਕਰਕੇ ਕਿਸੇ ਵੀ ਖਿਡਾਰੀ ਨੂੰ ਖੇਡਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਫੁੱਟਬਾਲ ਓਪਨ ਐਂਟਰੀ 24 ਦਸੰਬਰ ਦਿਨ ਬੁੱਧਵਾਰ ਨੂੰ ਪਿੰਡ ਫੁਗਲਾਣਾ ਦੀ ਗਰਾਂਉਂਡ ਵਿੱਚ 10 ਵਜੇ ਤੋਂ 3 ਵਜੇ ਤੱਕ ਲਈਆਂ ਜਾਣਗੀਆਂ ।18 ਦਸੰਬਰ ਨੂੰ ਲੜਕੀਆਂ ਦਾ ਫੁੱਟਬਾਲ ਸ਼ੋਅ ਮੈਚ ਵੀ ਹੋਵੇਗਾ ।ਇਨਾਮਾਂ ਦੀ ਵੰਡ ਡਾ. ਰਾਜ ਕੁਮਾਰ ਮੈਂਬਰ ਪਾਰਲੀਮੈਂਟ ਅਤੇ ਡਾ. ਇਸ਼ਾਂਕ ਕੁਮਾਰ ਐਮ ਐਲ ਏ ਚੱਬੇਵਾਲ ਸਾਂਝੇ ਤੌਰ 'ਤੇ ਕਰਨਗੇ। ਖਿਡਾਰੀਆਂ ਅਤੇ ਦਰਸ਼ਕਾਂ ਲਈ ਚਾਹ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ।ਇਸ ਮੌਕੇ ਇੰਨਾਂ ਤੋਂ ਇਲਾਵਾ ਸਹਿਯੋਗੀ ਸੱਜਣ ਜਸਪਾਲ ਸਿੰਘ ਪਰਮਾਰ ਚੇਅਰਮੈਨ,ਸਤਵੀਰ ਸਿੰਘ ਪਰਮਾਰ ਕੈਸ਼ੀਅਰ, ਜਤਿੰਦਰ ਸਿੰਘ ਪਰਮਾਰ ਯੂ ਐਸ. ਏ, ਉਂਕਾਰ ਸਿੰਘ ਮਿਨਹਾਸ ਸਾਬਕਾ ਪ੍ਰਧਾਨ ,ਜਤਿੰਦਰ ਜੇ.ਮਿਨਹਾਸ ਯੂ ਐਸ ਏ , ਸ ? ਮਨਜੀਤ ਸਿੰਘ ਰਠੌਰ ਪ੍ਰਧਾਨ ਇਟਲੀ ,ਗੁਰਮੇਲ ਸਿੰਘ ਭੱਟੀ ਸਾਬਕਾ ਪ੍ਰਧਾਨ ਇਟਲੀ,ਪਰਮਜੀਤ ਸਿੰਘ ਮਿਨਹਾਸ ਸਰਪ੍ਰਸਤ ਇਟਲੀ, ਜੋਰਾਵਰ ਸਿੰਘ ਇਟਲੀ, ਬਹਾਦੁਰ ਸਿੰਘ ਮਿਨਹਾਸ, ਬਲਦੇਵ ਸਿੰਘ ਮਿਨਹਾਸ, ਹਰੀ ਸਿੰਘ ਜਸਵਾਲ, ਸੁਖਜੀਤ ਸਿੰਘ ਪਰਮਾਰ ਫਗਵਾੜਾ,ਜਸਵੀਰ ਸਿੰਘ ਭਾਮ,ਗੁਰਦਿਆਲ ਸਿੰਘ ਜਲਵੇਹੜਾ, ਜਸਵਿੰਦਰ ਸਿੰਘ ਸੰਘਾ, ਸੁਰਜੀਤ ਸਿੰਘ ਮਸੂਤਾ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਭੂੰਗਰਨੀ,ਸੁਖਵਿੰਦਰ ਸਿੰਘ ਮਿਨਹਾਸ,ਸੰਤੋਖ ਸਿੰਘ ਸਰੋਆ,ਅਵਤਾਰ ਸਿੰਘ ਡਾਂਡੀਆਂ,ਹਰਵਿੰਦਰ ਸਿੰਘ ਪਰਹਾਰ, ਗੁਰਪ੍ਰਸਾਦਿ ਸਿੰਘ,ਠਾਕੁਰ ਨਰਿੰਦਰ ਸਿੰਘ ਡਡਵਾਲ, ਬਲਵਿੰਦਰ ਸਿੰਘ ਕਾਲਰਾ,ਗੁਰਦੀਪ ਸਿੰਘ ਕਾਲਰਾ,ਮੰਗਲ ਸਿੰਘ ਜਲਵੇਹੜਾ,ਈਸ਼ਰ ਸਿੰਘ ਨਰੂੜ,ਮੰਨਾ ਸਿੰਘ ਰਾਮਾ ਮੰਡੀ,ਲੰਬੜਦਾਰ ਤਰਸੇਮ ਸਿੰਘ ਚਖਿਆਰਾ,ਸੰਜੀਵ ਜਸਵਾਲ, ਪ੍ਰੈੱਸ ਸਹਿਯੋਗੀ ਨਰਿੰਦਰ ਸਿੰਘ ਬਡਲਾ, ਜਗਤਾਰ ਸਿੰਘ ਭੂੰਗਰਨੀ,ਹਰਵਿੰਦਰ ਸਿੰਘ ਭੂੰਗਰਨੀ ਅਤੇ ਸਮੂਹ ਪ੍ਰੈਸ ਰਿਪੋਰਟਰ ਮੌਜੂਦ ਸਨ।

# ਲਾਸਾਨੀ ਸਿੱਖ ਸ਼ਹੀਦਾਂ ਦੀ ਯਾਦ 'ਚ ਜਲੰਧਰ ਵਿਖੇ ਸੂਬਾਈ ਸੈਮੀਨਾਰ 22 ਨੂੰ

**ਜਲੰਧਰ (ਕੇਸਰ, ਰਾਜੇਸ਼ ਥਾਪਾ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਵਲੋਂ 22 ਦਸੰਬਰ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਦੇ ਗ਼ਦਰੀ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿਖੇ ਇਕ ਸੂਬਾਈ ਸੈਮੀਨਾਰ ਕੀਤਾ ਜਾ ਰਿਹਾ ਹੈ।ਨਾਮਵਰ ਬੁੱਧੀਜੀਵੀ ਤੇ ਬਾਵੱਕਾਰ ਪੱਤਰਕਾਰ ਡਾਕਟਰ ਲਖਵਿੰਦਰ ਸਿੰਘ ਜੌਹਲ ਦੀ ਪ੍ਰਧਾਨਗੀ ਹੇਠ ਹੋਣ ਜਾ ਰਹੇ ਉਕਤ ਸੈਮੀਨਾਰ ਦੇ ਮੁੱਖ ਵਿਸ਼ੇ 'ਸ੍ਰੀ ਗੁਰੂ ਤੇਗ਼ ਬਹਾਦਰ, ਚਾਰ ਸਾਹਿਬਜ਼ਾਦੇ ਅਤੇ ਸਮੁੱਚੇ ਸਿੱਖ ਸ਼ਹੀਦਾਂ ਦੀ ਅਦੁੱਤੀ ਕੁਰਬਾਨੀ ਦੇ ਲਾਸਾਨੀ ਜਜ਼ਬੇ ਦਾ ਅਜੋਕਾ ਮਹੱਤਵ' ਬਾਰੇ ਉੱਘੇ ਬੁੱਧੀਜੀਵੀ ਤੇ ਮਨੁੱਖੀ ਅਧਿਕਾਰ ਕਾਰਕੁੰਨ ਪ੍ਰੋ ਜਗਮੋਹਨ ਸਿੰਘ ਕੁੰਜੀਵਤ ਭਾਸ਼ਣ ਦੇਣਗੇ। ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਵੀ ਹਾਜ਼ਰੀਨ ਨਾਲ ਸੰਵਾਦ ਰਚਾਉਣਗੇ।ਇਹ ਜਾਣਕਾਰੀ ਅੱਜ ਇੱਥੋਂ ਜਾਰੀ ਇਕ ਸਾਂਝੇ ਬਿਆਨ ਰਾਹੀਂ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਸਾਥੀ ਰਤਨ ਸਿੰਘ ਰੰਧਾਵਾ ਤੇ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ ।ਰੰਧਾਵਾ ਤੇ ਜਾਮਾਰਾਏ ਨੇ ਮਾਨਵਤਾ ਨੂੰ ਪਿਆਰ ਕਰਨ ਵਾਲੇ ਸਮੂਹ ਨਿਆਂ ਪ੍ਰੇਮੀਆਂ ਅਤੇ ਫਿਰਕੂ ਇਕਸੁਰਤਾ, ਭਾਈਚਾਰਕ ਸਾਂਝ, ਜਮਹੂਰੀਅਤ, ਧਰਮ ਨਿਰਪੱਖਤਾ, ਫੈਡਰਲਿਜ਼ਮ ਦੇ ਝੰਡਾਬਰਦਾਰਾਂ ਨੂੰ ਉਕਤ ਸੈਮੀਨਾਰ ਵਿਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ ਹੈ। ਸੈਮੀਨਾਰ ਸਵੇਰੇ ਠੀਕ 11 ਵਜੇ ਆਰੰਭ ਕੀਤਾ ਜਾਵੇਗਾ।

# ਬਾਬਾ ਸੰਤਾ ਸਿੰਘ ਰਾਗੀ ਬਾਗ ਵਾਲਿਆਂ ਦੀ ਸਾਲਾਨਾ ਬਰਸੀ ਮਨਾਈ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸੰਤ ਬਾਬਾ ਜਵਾਲਾ ਸਿੰਘ ਹਰਖੋਵਾਲ ਵਾਲਿਆਂ ਦੇ ਪਰਮ ਸੇਵਕ ਅਤੇ ਵਿਦਿਆ ਮਾਰਤੰਡ ਗਿਆਨੀ ਮੋਹਨ ਸਿੰਘ ਭਿੰਡਰਾਂਵਾਲਿਆਂ ਦੇ ਭਰਾਤਾ ਬਾਬਾ ਸੰਤਾ ਸਿੰਘ ਰਾਗੀ ਬਾਗ ਵਾਲਿਆਂ ਦੀ ਸਾਲਾਨਾ ਬਰਸੀ ਸਥਾਨਕ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਬਹੁਤ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਸਮਾਗਮ ਦੌਰਾਨ ਪੰਥ ਦੀਆਂ ਪ੍ਰਸਿੱਧ ਹਸਤੀਆਂ, ਰਾਗੀ, ਢਾਡੀ, ਸੰਤ ਮਹਾਂਪੁਰਖ ਅਤੇ ਵਿਦਵਾਨਾਂ ਨੇ ਹਾਜ਼ਰੀ ਭਰੀ ਅਤੇ ਬਾਬਾ ਸੰਤਾ ਸਿੰਘ ਦੇ ਜੀਵਨ ਅਤੇ ਪੰਥ ਪ੍ਰਤੀ ਕੀਤੀਆਂ ਮਹਾਨ ਸੇਵਾਵਾਂ ਬਾਰੇ ਸੰਗਤ ਨੂੰ ਜਾਣੂ ਕਰਵਾਇਆ। ਤਰਨਾ ਦਲ ਹਰੀਆਂ ਬੇਲਾ ਦੇ ਮੁੱਖੀ ਜਿੰਦਾ ਸ਼ਹੀਦ ਬਾਬਾ ਨਿਹਾਲ ਸਿੰਘ ਅਤੇ ਬਾਬਾ ਹਰੀ ਸਿੰਘ ਰੰਧਾਵਾ ਵਾਲਿਆਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਬਾਬਾ ਸੰਤਾ ਸਿੰਘ ਨੇ ਆਪਣਾ ਸਮੁੱਚਾ ਜੀਵਨ ਤਖਤ ਕੇਸਗੜ੍ਹ ਸਾਹਿਬ ਅਤੇ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਸੇਵਾ ਵਿੱਚ ਸਮਰਪਿਤ ਕੀਤਾ। ਉਹਨਾਂ ਨੇ 1936 ਤੋਂ 1944 ਤੱਕ ਬਲਦਾਂ ਤੇ ਗੱਡਿਆਂ ਨਾਲ ਗੁਰਅਸਥਾਨਾਂ ਦੀ ਉਸਾਰੀ ਦੀ ਸੇਵਾ ਕਰਵਾਈ। ਅਨੰਦਪੁਰ ਸਾਹਿਬ ਵਿੱਚ ਜਿੱਥੇ ਅੱਜ ਭਾਈ ਨੰਦ ਲਾਲ ਪਬਲਿਕ ਸਕੂਲ ਸਥਿਤ ਹੈ, ਉੱਥੇ ਲਗਭਗ



65 ਵਿੱਘੇ ਜ਼ਮੀਨ ਉੱਤੇ ਬਾਬਾ ਜੀ ਖੁਦ ਖੇਤੀ ਕਰਦੇ ਰਹੇ ਅਤੇ ਉਪਜ ਤਖਤ ਕੇਸਗੜ੍ਹ ਸਾਹਿਬ ਤੇ ਕਿਲ੍ਹਾ ਅਨੰਦਗੜ੍ਹ ਸਾਹਿਬ ਲਈ ਭੇਜਦੇ ਰਹੇ। ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬੇਨਤੀ 'ਤੇ ਉਹਨਾਂ ਨੇ ਇਹ ਜ਼ਮੀਨ ਤਖਤ ਸਾਹਿਬ ਦੇ ਨਾਂਅ ਕਰਵਾ ਦਿੱਤੀ, ਜਿਸ ਨਾਲ ਇੱਥੇ ਸਕੂਲ ਦੀ ਉਸਾਰੀ ਸੰਭਵ ਹੋ ਸਕੀ। ਸੈਂਕੜੇ ਮੁਰੱਬਿਆਂ ਦੇ ਮਾਲਕ ਹੋਣ ਦੇ ਬਾਵਜੂਦ ਬਾਬਾ ਸੰਤਾ ਸਿੰਘ ਜੀ ਨੇ ਸਾਦਗੀ ਭਰਿਆ ਜੀਵਨ ਜੀਆ ਅਤੇ ਕਾਨਿਆਂ ਦੀ ਕੱਚੀ ਛੰਨ ਵਿੱਚ ਰਹੇ, ਜੋ ਅੱਜ ਵੀ ਭਾਈ ਨੰਦ ਲਾਲ ਪਬਲਿਕ ਸਕੂਲ ਵਿੱਚ ਸੰਭਾਲ ਕੇ ਰੱਖੀ ਹੋਈ ਹੈ। ਹਰ ਸਾਲ ਭਾਈ ਰਣਜੀਤ ਸਿੰਘ ਸਵਿਟਜ਼ਰਲੈਂਡ ਅਤੇ ਸਮੂਹ ਸੰਗਤ ਰਾਗੀ ਬਾਗ ਵੱਲੋਂ ਉਹਨਾਂ ਦੀ ਯਾਦ ਤਾਜ਼ਾ ਕੀਤੀ ਜਾਂਦੀ ਹੈ। ਇਸ ਮੌਕੇ ਬਾਬਾ ਸੁਖਪਾਲ ਸਿੰਘ ਭੈਰੋਮਾਜਰੇ ਵਾਲੇ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ, ਹੈੱਡ ਗ੍ਰੰਥੀ ਭਾਈ ਜੋਗਿੰਦਰ ਸਿੰਘ, ਭਾਈ ਸੁਖਵਿੰਦਰ ਸਿੰਘ ਖੁਜਾਲਾ, ਪ੍ਰਿੰਸੀਪਲ ਸਤਨਾਮ ਸਿੰਘ, ਬਾਬਾ ਕਾਲਾ ਕਾਰ ਸੇਵਾ ਪਟਿਆਲਾ, ਬਾਬਾ ਮਲੂਕ ਸਿੰਘ ਲਾਡੀ ਬੁੱਢਾ ਦਲ, ਤਖਤ ਕੇਸਗੜ੍ਹ ਸਾਹਿਬ ਦੇ ਸਮੂਹ ਪੰਜ ਪਿਆਰੇ ਸਾਹਿਬਾਨ, ਭਾਈ ਹਰਦੀਪ ਸਿੰਘ, ਭਾਈ ਚਤਰ ਸਿੰਘ, ਬੀਬੀ ਸਤਵੰਤ ਕੌਰ ਸਮੇਤ ਭਾਈ ਨੰਦ ਲਾਲ ਪਬਲਿਕ ਸਕੂਲ ਦੇ ਵਿਦਿਆਰਥੀ ਅਤੇ ਸਟਾਫ ਹਾਜ਼ਰ ਸੀ।

# ਪ੍ਰਿੰ. ਬਹਾਦਰ ਸਿੰਘ ਗੋਸਲ ਵੱਲੋਂ ਲਾਇਬ੍ਰੇਰੀ ਲਈ ਪੁਸਤਕਾਂ ਭੇਟ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**- ਵਿਸ਼ਵ ਪੰਜਾਬੀ ਪ੍ਰਚਾਰ ਸਭਾ ਚੰਡੀਗੜ੍ਹ ਦੇ ਸੈਕਟਰ-41 (ਬਡਹੇੜੀ), ਚੰਡੀਗੜ੍ਹ ਵਿਖੇ ਸਥਿਤ ਦਫਤਰ ਵਲੋਂ ਜਾਰੀ ਕੀਤੇ ਗਏ ਪ੍ਰੈੱਸ ਨੋਟ ਵਿੱਚ ਦੱਸਿਆ ਗਿਆ ਹੈ ਕਿ ਸੰਸਥਾ ਦੇ ਪ੍ਰਧਾਨ ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਵਲੋਂ ਅਕਾਲ ਅਕੈਡਮੀ ਰੱਤਾਖੇੜਾ (ਫਿਰੋਜ਼ਪੁਰ) ਦੀ ਆਪਣੀ ਫੇਰੀ ਸਮੇਂ, ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ, ਅਕੈਡਮੀ ਦੀ ਲਾਇਬ੍ਰੇਰੀ ਲਈ ਆਪਣੀਆਂ ਰਚਿਤ ਪੁਸਤਕਾਂ ਅਕਾਲ ਅਕੈਡਮੀ ਦੀ ਪ੍ਰਿੰਸੀਪਲ ਸ੍ਰੀ ਮਤੀ ਜਸਵੰਤ ਕੌਰ ਨੂੰ ਭੇਟ ਕੀਤੀਆਂ ਗਈਆਂ। ਇਸ ਮੌਕੇ ਤੇ ਸਕੂਲ ਦੇ ਅਧਿਆਪਕ ਗੁਰਸੇਵਕ ਸਿੰਘ ਸਮੇਤ ਅਕੈਡਮੀ ਦੇ ਬੱਚੇ ਅਤੇ ਸੰਜੇ ਭਾਰਤੀ ਵੀ ਹਾਜ਼ਰ ਸਨ। ਪ੍ਰਿੰ. ਗੋਸਲ ਵਲੋਂ ਜਿਹੜੀਆਂ ਪੁਸਤਕਾਂ ਲਾਇਬ੍ਰੇਰੀ ਲਈ ਭੇਟ ਕੀਤੀਆਂ ਗਈਆਂ ਉਨ੍ਹਾਂ ਵਿੱਚ ਧਾਰਮਿਕ ਪੁਸਤਕਾਂ "ਵਾਹ! ਧਰਤ ਅਨੰਦਪੁਰੀ ਦੀ" , "ਆਓ, ਚੱਲੀਏ ਦਰਸ਼ਨਾਂ ਨੂੰ" ਤੋਂ ਇਲਾਵਾ ਬਾਲ ਪੁਸਤਕਾਂ "ਗਿੱਦੜ ਦੀ ਚੰਡੀਗੜ੍ਹ ਫੇਰੀ", "ਧੂੰਏ ਵਾਲੀ ਗੱਡੀ", "ਚੂਹਿਆਂ ਦੀ ਬਰਾਤ", "ਮੇਰਾ ਸਾਹਿਤਕ ਸਰ", "ਕਲਿਆਣ ਪਰੀ", "ਪਰੀ ਤੇ ਚੁੜੇਲ", "ਟਾਂਗੇ ਦੀ ਸਵਾਰੀ" ਵੀ ਸ਼ਾਮਲ ਸਨ। ਇਸ ਮੌਕੇ ਪ੍ਰਿੰਸੀਪਲ ਜਸਵੰਤ ਕੌਰ ਨੇ ਪ੍ਰਿੰ .ਗੋਸਲ ਨੂੰ 115 ਪੁਸਤਕਾਂ ਲਿਖਣ ਲਈ ਵਧਾਈ ਦਿੱਤੀ ਅਤੇ ਅਕੈਡਮੀ ਦੀ ਲਾਇਬ੍ਰੇਰੀ ਲਈ ਦਿੱਤੀਆਂ ਮੁਫਤ ਪੁਸਤਕਾਂ ਲਈ ਧੰਨਵਾਦ ਕਰਦੇ ਹੋਏ ਕਿਹਾ ਕਿ ਇਨ੍ਹਾਂ ਦਾ ਅਕੈਡਮੀ ਦੇ ਅਧਿਆਪਕ ਅਤੇ ਬੱਚੇ ਪੂਰਾ-ਪੂਰਾ ਲਾਭ ਉਠਾਉਣਗੇ ਅਤੇ ਇਹ ਪੁਸਤਕਾਂ ਉਨ੍ਹਾਂ ਦੀ ਅਕੈਡਮੀ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਨਣਗੀਆਂ। ਪ੍ਰਿੰ. ਗੋਸਲ ਨੇ ਵੀ ਬੱਚਿਆਂ ਨੂੰ ਮਾਤ-ਭਾਸ਼ਾ ਪੰਜਾਬੀ ਦੀਆਂ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਦੀ ਪ੍ਰੇਰਣਾ ਦੇਂਦੇ ਹੋਏ, ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ, ਵੱਧ ਤੋਂ ਵੱਧ ਪੰਜਾਬੀ ਵਿੱਚ ਬਾਲ ਕਹਾਣੀਆਂ, ਬਾਲ ਕਵਿਤਾਵਾਂ ਅਤੇ ਮਿੰਨੀ ਕਹਾਣੀਆਂ ਲਿਖਣ ਦੀ ਪ੍ਰੇਰਣਾ ਦਿੱਤੀ। ਇਸ ਕੰਮ ਲਈ ਅਧਿਆਪਕਾਂ ਨੂੰ ਵੀ ਬੱਚਿਆਂ ਨੂੰ ਚੰਗੀ ਸੇਧ ਦੇਣ ਦੀ ਅਪੀਲ ਕੀਤੀ।

ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਇਨ੍ਹਾਂ ਪੁਸਤਕਾਂ ਤੋਂ ਵੱਧ ਤੋਂ ਵੱਧ ਲਾਭ ਉਠਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਪ੍ਰਿੰ. ਜਸਵੰਤ ਕੌਰ ਨੇ ਪੰਜਾਬੀ ਵਿਚ ਲਿਖੀ ਹੋਈ ਆਪਣੀ ਕਵਿਤਾ "ਅਮੜੀ ਦਾ ਵਿਹੜਾ " ਸੁਣਾਈ ਜਿਹੜੀ ਕਿ ਬਹੁਤ ਹੀ ਰੌਚਿਕ ਅਤੇ ਭਾਵੁਕਤਾ ਭਰਪੂਰ ਸੀ। ਪ੍ਰਿੰ. ਗੋਸਲ ਨੇ ਸ੍ਰੀ ਮਤੀ ਜਸਵੰਤ ਕੌਰ ਨੂੰ ਸਲਾਹ ਦਿੱਤੀ ਕਿ ਉਹ ਆਪਣੀਆਂ ਪੰਜਾਬੀ ਕਵਿਤਾਵਾਂ ਦਾ ਸੰਗ੍ਰਿਹ ਕਰਕੇ ਪੰਜਾਬੀ ਕਵਿਤਾਵਾਂ ਦੀ ਪੁਸਤਕ ਜ਼ਰੂਰ ਛਪਵਾਉਣ ਇਸ ਲਈ ਪ੍ਰਿੰ.ਗੋਸਲ ਨੇ ਉਨ੍ਹਾਂ ਨੂੰ ਵਿਸ਼ਵ ਪੰਜਾਬੀ ਪ੍ਰਚਾਰ ਸਭਾ ਵਲੋਂ ਪੂਰੇ ਸਹਿਯੋਗ ਦਾ ਭਰੋਸਾ ਦਿੱਤਾ।

## 19ਵਾਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਸਮਾਪਤ

# ਰਾਊਂਡ ਗਲਾਸ ਅਕੈਡਮੀ ਬਣੀ ਚੈਂਪੀਅਨ

**ਜਲੰਧਰ (ਸ਼ੈਲੀ ਐਲਬਰਟ)**

19ਵਾਂ ਬਲਵੰਤ ਸਿੰਘ ਕਪੂਰ ਮੈਮੋਰੀਅਲ ਹਾਕੀ ਟੂਰਨਾਮੈਂਟ ਅੰਡਰ-19 ਲੜਕੇ ਵਰਗ ਵਿਚ ਰਾਉਂਡ ਗਲਾਸ ਹਾਕੀ ਅਕੈਡਮੀ ਮੁਹਾਲੀ ਦੀ ਟੀਮ ਚੈਂਪੀਅਨ ਬਣੀ। ਫਾਈਨਲ ਮੈਚ ਵਿਚ ਸੁਰਜੀਤ ਹਾਕੀ ਅਕੈਡਮੀ ਨੂੰ ਪੈਨਾਲਟੀ ਸ਼ੂਟਆਊਟ ਨਾਲ 6-5 ਨਾਲ ਹਰਾਇਆ। ਇਸ ਮੌਕੇ ਲੈਫਟੀਨੈਂਟ ਜਨਰਲ ਅਜੇ ਚਾਂਦਪੁਰੀਆ ਮੁੱਖ ਮਹਿਮਾਨ ਵਜੋਂ ਪਹੁੰਚੇ ਤੇ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕੀਤੀ ਤੇ ਸੁਸਾਇਟੀ ਵਲੋਂ ਕਰਵਾਏ ਹਾਕੀ ਟੂਰਨਾਮੈਂਟ ਦੀ ਸਫਲਤਾ ਲਈ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਇਸ ਤੋਂ ਪਹਿਲਾਂ ਤੀਜੇ ਸਥਾਨ ਲਈ ਓਡੀਸ਼ਾ ਨੇਵਲ ਟਾਟਾ ਹਾਈ ਪਰਫਾਰਮੈਂਸ ਸੈਂਟਰ ਭਵਨੇਸ਼ਵਰ ਨੇ ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਨੂੰ 4-3 ਨਾਲ ਹਰਾ ਕੇ ਤੀਜਾ ਸਥਾਨ ਹਾਸਿਲ ਕੀਤਾ। ਪਲੇਅਰ ਆਫ ਦ ਮੈਚ ਓਡੀਸ਼ਾ ਟੀਮ ਦੇ ਰਯਾਵਰਪੂ ਗਣੇਸ਼ ਰਹੇ। ਜੇਤੂ ਰਾਉਂਡ ਗਲਾਸ ਹਾਕੀ ਅਕੈਡਮੀ ਦੀ ਟੀਮ ਨੂੰ ਚੈਂਪੀਅਨਸ਼ਿਪ ਟਰਾਫੀ ਅਤੇ 1.50 ਲੱਖ ਰੁਪਏ ਦੀ ਨਕਦ ਰਾਸ਼ੀ ਅਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਜਦਕਿ ਦੂਜੇ ਸਥਾਨ 'ਤੇ ਰਹਿਣ ਵਾਲੀ ਸੁਰਜੀਤ ਹਾਕੀ ਅਕੈਡਮੀ ਜਲੰਧਰ ਦੀ ਟੀਮ ਨੂੰ ਟਰਾਫੀ ਤੇ 1 ਲੱਖ ਰੁਪਏ ਨਗਦ ਇਨਾਮ, ਤੀਜੇ ਸਥਾਨ 'ਤੇ ਰਹਿਣ ਵਾਲੀ ਉੜੀਸਾ ਨੇਵਲ ਟਾਟਾ ਹਾਈ ਪਰਫਾਰਮੈਂਸ ਸੈਂਟਰ ਭੁਵਨੇਸ਼ਵਰ ਨੂੰ ਟਰਾਫੀ ਤੇ 80 ਹਜ਼ਾਰ ਰੁਪਏਨਕਦ ਇਨਾਮ, ਚੌਥੇ ਸਥਾਨ 'ਤੇ ਰਹੀ ਟੀਮ ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਨੂੰ 60 ਹਜ਼ਾਰ ਰੁਪਏ




ਦੀ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ। ਚੈਂਪੀਅਨਸ਼ਿਪ ਦੇ ਸਰਬੋਤਮ ਜੰਤੂਆਂ ਨੂੰ 10-10 ਹਜਾਰ ਰੁਪਏ ਦੇ ਨਕਦ ਸਨਮਾਨਤ ਕੀਤਾ, ਜਿਨ੍ਹਾਂ 'ਚ ਰਾਊਂਡ ਗਲਾਸ ਅਕੈਡਮੀ ਦਾ ਗਰਵ ਬੈਸਟ ਗੋਲਕੀਪਰ, ਰਾਊਂਡ ਗਲਾਸ ਅਕੈਡਮੀ ਦਾ ਅਮਨਦੀਪ ਬੈਸਟ ਫੁਲਬੈਕ, ਸੁਰਜੀਤ ਹਾਕੀ ਅਕੈਡਮੀ ਦਾ ਸਰਬੋਤਮ ਹਾਫ ਰੋਹਨ, ਭੂਸ਼ਣ ਸੁਰਜੀਤ ਹਾਕੀ ਅਕੈਡਮੀ ਦਾ ਸਰਬੋਤਮ ਫਾਰਵਰਡ ਮਨਦੀਪ ਸਿੰਘ, ਬਿਲਕਨ ਓਰਮ ਓਡੀਸ਼ਾ ਨੇਵਲ ਟਾਟਾ ਹਾਈ ਪਰਫਾਰਮੈਂਸ ਸੈਂਟਰ ਭੁਵਨੇਸ਼ਵਰ ਦਾ ਸਰਬੋਤਮ ਸਕੋਰਰ, ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਦੇ ਆਸ਼ੀਸ਼ ਤਾਨੀ ਟੂਰਨਾਮੈਂਟ ਦਾ ਸਰਬੋਤਮ ਹੋਣਹਾਰ ਖਿਡਾਰੀ ਤੇ ਆਰਮੀ ਬੁਆਏਜ਼ ਸਪੋਰਟਸ ਕੰਪਨੀ ਬੈਂਗਲੂਰੂ ਨੂੰ ਫੇਅਰ ਪਲੇਅ ਟਰਾਫੀ ਨਾਲ ਸਨਮਾਨਤ ਕੀਤਾ। ਇਸ ਮੌਕੇ ਗੁਰਸ਼ਰਨ ਸਿੰਘ ਕਪੂਰ, ਹਰਭਜਨ ਸਿੰਘ ਕਪੂਰ, ਤੀਰਥ ਸਿੰਘ ਕਪੂਰ, ਹਰਦੀਪ ਸਿੰਘ ਕਪੂਰ, ਮਨਜੀਤ ਸਿੰਘ ਕਪੂਰ, ਹਰਪ੍ਰੀਤ ਸਿੰਘ ਮੰਡੇਰ ਓਲੰਪੀਅਨ, ਸੰਜੀਵ ਕੁਮਾਰ ਓਲੰਪੀਅਨ, ਮੁਖਬੇਨ ਸਿੰਘ ਓਲੰਪੀਅਨ, ਰਜਿੰਦਰ ਸਿੰਘ ਸੀਨੀਅਰ ਓਲੰਪੀਅਨ, ਰਿਪੁਦਮਨ ਕੁਮਾਰ ਸਿੰਘ, ਜਗਦੀਪ ਸਿੰਘ, ਰਾਮਜੀਤ ਸਿੰਘ, ਸੰਦੀਪ ਸਿੰਘ, ਭੁਪਿੰਦਰ ਸਿੰਘ ਕੌਮਾਂਤਰੀ ਅੰਪਾਇਰ, ਨਰਿੰਦਰ ਸਿੰਘ, ਐਮ. ਪੀ. ਕਾਲੀਆ, ਰਜਿੰਦਰਪਾਲ ਸਿੰਘ ਕਪੂਰ, ਅਜਿੰਦਰਪਾਲ ਸਿੰਘ ਕਪੂਰ, ਜੋਵਿੰਦਰ ਸਿੰਘ, ਕਰਮਨ ਸਿੰਘ ਕਪੂਰ, ਹਰਗੁਣ ਸਿੰਘ ਕਪੂਰ, ਮਹਾਬੀਰ ਸਿੰਘ, ਸਰਬਤੇਜ ਸਿੰਘ, ਧਰਮਪਾਲ ਸਿੰਘ, ਕੁਲਜੀਤ ਸਿੰਘ ਰੰਧਾਵਾ, ਸੰਜਬੀਰ, ਸੁਰਿੰਦਰ ਸਿੰਘ, ਸਤਪਾਲ ਸਿੰਘ, ਕਰਨਲ ਸਿੰਘ, ਗੁਰਿੰਦਰ ਸਿੰਘ ਸੰਘਾਂ, ਹਰਿੰਦਰ ਸਿੰਘ ਸੰਘਾ, ਜੁਗਿੰਦਰ ਸਿੰਘ ਸੰਘਾਂ, ਲਕਸ਼ਮੀ ਕਾਂਤ ਹਾਜ਼ਰ ਸਨ।

# ਪੈਨਸ਼ਨਰ ਦਿਵਸ 'ਤੇ ਸੀਨੀਅਰ ਪੈਨਸ਼ਨਰਾਂ ਨੂੰ ਕੀਤਾ ਸਨਮਾਨਤ




**ਫ਼ਗਵਾੜਾ (ਡਾ. ਰਮਨ)**- ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਵੱਲੋਂ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਤੀਸਰਾ ਪੈਨਸ਼ਨਰ ਦਿਵਸ ਮਨਾਉਣ ਲਈ ਸਮਾਗਮ ਰੈਸਟ ਹਾਊਸ ਫ਼ਗਵਾੜਾ ਵਿਖੇ ਆਯੋਜਿਤ ਕੀਤਾ ਗਿਆ। ਸਮਾਗਮ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਐਸੋਸੀਏਸ਼ਨ ਦੇ ਮੈਂਬਰ ਹਰਭਜਨ ਲਾਲ ਦੇ ਛੋਟੇ ਭਰਾ ਪਰਮਜੀਤ ਲਾਲ,ਸੀਤਲ ਰਾਮ ਲੋਈ ਦੇ ਮਾਤਾ ਸ਼ਕੁੰਤਲਾ ਦੇਵੀ, ਜਮਹੂਰੀ ਲਹਿਰ ਦੇ ਉੱਘੇ ਪੱਤਰਕਾਰ ਸਤਪਾਲ ਸਿੰਘ ਚੱਕਦੇਸ ਰਾਜ ਦੇ ਨੌਜਵਾਨ ਬੇਟੇ ਗੁਰਪ੍ਰੀਤ ਸਿੰਘ ਅਤੇ ਖੱਬੀ ਜਮਹੂਰੀ ਲਹਿਰ ਦੇ ਉੱਘੇ ਆਗੂ ਡਾ.ਬਲਵਿੰਦਰ ਸਿੰਘ ਛੇਹਰਟਾ ਅਤੇ ਚੋਣ ਡਿਊਟੀ ਤੇ ਜਾ ਰਹੇ ਅਧਿਆਪਕ ਪਤੀ ਪਤਨੀ ਦੀ ਹਾਦਸੇ ਨਾਲ ਹੋਈ ਮੌਤ 'ਤੇ ਮੋਨ ਧਾਰਨ ਕਰਦੇ ਹੋਏ ਸ਼ਰਧਾਂਜਲੀ ਭੇਟ ਕੀਤੀ ਗਈ। ਐਸੋਸੀਏਸ਼ਨ ਦੇ ਜਿਹਨਾਂ ਪੈਨਸ਼ਨਰ ਮੈਂਬਰਾਂ ਦਾ ਜਨਮ ਦਿਨ ਦਸੰਬਰ ਮਹੀਨੇ ਵਿੱਚ ਆਉਂਦਾ ਹੈ, ਉਹਨਾਂ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੰਦੇ ਹੋਏ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਪੈਨਸ਼ਨਰ ਦਿਵਸ ਦੀ ਸਮੁੱਚੀ ਕਾਰਵਾਈ ਨੂੰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਚਲਾਇਆ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ ਨੇ ਦੱਸਿਆ ਕਿ ਸਮਾਗਮ ਨੂੰ ਐਸੋਸੀਏਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ, ਜਥੇਬੰਦਕ ਸਕੱਤਰ ਨਿਰਮੋਲਕ ਸਿੰਘ ਹੀਰਾ,ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਸੀਨੀਅਰ ਪੈਨਸ਼ਨਰ ਮੈਂਬਰ ਪ੍ਰਿੰਸੀਪਲ ਧਰਮਵੀਰ ਨਾਰੰਗ ਅਤੇ ਐਸੋਸੀਏਸ਼ਨ ਫਿਲੌਰ ਦੇ ਪ੍ਰਧਾਨ ਬਲਵਿੰਦਰ ਕੁਮਾਰ ਨੇ ਸੰਬੋਧਨ ਕਰਦੇ ਹੋਏ ਪੈਨਸ਼ਨਰ ਦਿਵਸ ਮਨਾਉਣ ਦੇ ਇਤਿਹਾਸ ਸੰਬੰਧੀ ਅਤੇ ਪੈਨਸ਼ਨਰਾਂ-ਮੁਲਾਜ਼ਮਾਂ ਦੀ ਮੰਗਾਂ ਸਬੰਧੀ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੇ ਬੇਰੁਖੀ ਵਾਲੇ ਵਤੀਰੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਪੈਨਸ਼ਨਰਾਂ ਨੂੰ ਆਪਣੇ ਬੁਢਾਪੇ ਦੀ ਡੰਗੋਰੀ ਨੂੰ ਬਚਾਉਣ ਅਤੇ ਆਪਣਾ ਬੁਢਾਪਾ ਸੁਰੱਖਿਅਤ ਪੂਰਣ ਬਤੀਤ ਕਰਨ ਲਈ ਪ੍ਰੇਰਿਤ ਕਰਦੇ ਹੋਏ ਭਵਿੱਖ ਦੇ ਉਲੀਕੇ ਜਾਣ ਵਾਲੇ ਸੰਘਰਸ਼ਾਂ ਵਿੱਚ ਤਨੋਂ ਮਨੋਂ ਧਨੋ ਯੋਗਦਾਨ ਪਾਉਣ ਲਈ ਸਦਾ ਤਤਪਰ ਰਹਿਣ ਦਾ ਸੁਨੇਹਾ ਦਿੱਤਾ।ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ ਵਲੋਂ ਸਾਲ 2025 ਵਿੱਚ ਐਸੋਸੀਏਸ਼ਨ ਦੀ ਆਮਦਨ ਅਤੇ ਖਰਚ ਦੇ ਵੇਰਵੇ ਹਾਜ਼ਰ ਪੈਨਸ਼ਨਰ ਮੈਂਬਰਾਂ ਨਾਲ ਸਾਂਝੇ ਕੀਤੇ ਗਏ ਅਤੇ ਕੀਤੇ ਗਏ ਖਰਚਿਆਂ ਨੂੰ ਪਾਸ ਕਰਵਾਇਆ ਗਿਆ।ਸਮਾਗਮ ਦੇ ਅਖੀਰ ਵਿੱਚ ਐਸੋਸੀਏਸ਼ਨ ਦੇ 75+ ਸਾਲਾਂ ਦਾ ਸਫ਼ਰ ਤੈਅ ਕਰ ਚੁੱਕੇ ਸੀਨੀਅਰ ਪੈਨਸ਼ਨਰ ਮੈਂਬਰਾਂ ਵਿੱਚ ਪ੍ਰਿੰਸੀਪਲ ਧਰਮਵੀਰ ਨਾਰੰਗ, ਤਰਸੇਮ ਕੌਰ ਫੈਮਿਲੀ ਪੈਨਸ਼ਨਰ, ਬਲਵੀਰ ਚੰਦ ਹੈੱਡ ਟੀਚਰ, ਸਵਰਨ ਕੌਰ ਬੀ ਪੀ ਈ ਓ, ਰਜਨੀ ਬਾਲਾ ਚੁੱਘ ਜੇ ਬੀ ਟੀ ਅਧਿਆਪਕਾ, ਰਮੇਸ਼ ਲਾਲ ਐੱਸ ਐੱਸ ਮਾਸਟਰ, ਰਣਜੀਤ ਕੌਰ ਹੈੱਡ ਟੀਚਰ,ਭੁਪਿੰਦਰ ਸਿੰਘ ਧਨੀ ਹੈੱਡ ਡ੍ਰਾਫਟਸਮੈਨ, ਹਰਭਜਨ ਲਾਲ ਕੌਲ ਰੀਡਰ ਐੱਸ ਡੀ ਐੱਮ, ਬਲਬੀਰ ਸਿੰਘ ਕੂਨਰ ਸਾਇੰਸ ਮਾਸਟਰ, ਭਜਨ ਕੌਰ ਫੈਮਿਲੀ ਪੈਨਸ਼ਨਰ, ਹਰਪਾਲ ਸਿੰਘ ਲੈਕਚਰਾਰ ਗਣਿਤ, ਸੁਰਿੰਦਰ ਸਿੰਘ ਲੈਕਚਰਾਰ ਇਕਨੌਮਿਕਸ, ਹਰੀ ਰਾਮ ਚੋਟ ਲੈਕਚਰਾਰ ਇਕਨੌਮਿਕਸ, ਸੁਰਿੰਦਰ ਕੌਰ ਲਾਇਬ੍ਰੇਰੀਅਨ, ਨਗਿੰਦਰ ਸਿੰਘ ਵੋਕੇਸ਼ਨਲ ਮਾਸਟਰ ਆਦਿ ਨੂੰ ਮਾਣ ਤੇ ਸਤਿਕਾਰ ਸਹਿਤ ਸਨਮਾਨ ਚਿੰਨ੍ਹ,ਲੋਈ ਅਤੇ ਸ਼ਾਲ ਭੇਟ ਕਰਕੇ ਸਨਮਾਨਤ ਕੀਤਾ ਗਿਆ ਅਤੇ ਉਹਨਾਂ ਦੀ ਤੰਦਰੁਸਤੀ ਅਤੇ ਖੁਸ਼ੀਆਂ ਭਰਪੂਰ ਲੰਬੀ ਉਮਰ ਦੀ ਕਾਮਨਾ ਕੀਤੀ ਗਈ। ਆਖ਼ਰ ਵਿੱਚ ਪ੍ਰਧਾਨ ਮੋਹਣ ਸਿੰਘ ਭੱਟੀ ਨੇ ਸਮਾਗਮ ਵਿੱਚ ਹਾਜ਼ਰ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਐਸੋਸੀਏਸ਼ਨ ਨੂੰ ਤਨੋਂ ਮਨੋਂ ਧਨੋ ਸਹਿਯੋਗ ਦਿੰਦੇ ਰਹਿਣ ਦੀ ਅਪੀਲ ਕੀਤੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਤਪਾਲ ਸਿੰਘ ਖੱਟਕੜ, ਹਰਭਜਨ ਲਾਲ ਕੌਲ,ਕੇ ਕੇ ਪਾਂਡੇ, ਰਤਨ ਸਿੰਘ ਗੁਰਾਇਆ,ਤਾਰਾ ਸਿੰਘ ਬੀਕਾ, ਰਵਿੰਦਰ ਪਾਲ ਕੌਰ ਸੰਧੂ, ਬਲਵੀਰ ਚੰਦ, ਸ਼ਿਵ ਦਾਸ, ਵਿਜੇ ਕੁਮਾਰ ਕਟਾਰੀਆ, ਕ੍ਰਿਸ਼ਨ ਗੋਪਾਲ ਚੋਪੜਾ, ਦਲਜੀਤ ਸਿੰਘ, ਪਿਆਰਾ ਰਾਮ ਪਲਾਹੀ, ਅਸ਼ੋਕ ਕੁਮਾਰ, ਭਜਨ ਕੌਰ, ਸੋਹਣ ਲਾਲ, ਸੁਰਿੰਦਰ ਕੌਰ, ਡਾ.ਬਲਜਿੰਦਰ ਸਿੰਘ ਮਨਿੰਦਰ ਕੁਮਾਰ ਸ਼ਰਮਾ ਆਦਿ ਪੈਨਸ਼ਨਰ ਸਾਥੀ ਹਾਜ਼ਰ ਹੋਏ।

# ਸੰਗਰਾਂਦ ਦਾ ਦਿਹਾੜਾ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**

ਗੁਰੂਦੁਆਰਾ ਸ਼ਹੀਦ ਬਾਬਾ ਮੱਤੀ ਜੀ ਵਿਖੇ ਪੋਹ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸਮੂਹ ਨਗਰ ਨਿਵਾਸੀਆਂ, ਇਲਾਕਾ ਵਾਸੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਦੀ ਦੇਖਰੇਖ ਹੇਠ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨੋਹਰ ਸਿੰਘ ਨੇ ਦੱਸਿਆ ਕਿ ਸੰਗਰਾਂਦ ਦਿਹਾੜੇ ਮੌਕੇ ਸਵੇਰ 8 ਵਜੇ ਤੋਂ ਦੁਪਹਿਰ 1.30 ਵਜੇ ਤੱਕ ਸਜੇ ਦੀਵਾਨਾਂ ਅੰਦਰ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਜੱਥਿਆਂ 'ਚ ਭਾਈ ਗੁਰਜੀਤ ਸਿੰਘ ਹਜ਼ੂਰੀ ਰਾਗੀ ਗੁਰੂਦੁਆਰਾ ਸਹੀਦ ਬਾਬਾ ਮੱਤੀ, ਕਥਾ ਵਾਚਕ ਭਾਈ ਸੁਰਿੰਦਰ ਸਿੰਘ ਕਲਾਨੌਰ,ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ , ਢਾਡੀ ਜੱਥਾ ਭਾਈ ਜਗਜੀਵਨ ਸਿੰਘ ਅਤੇ ਸਾਥੀ ਅਰਜਨਵਾਲ ਵਾਲੇ ਸੰਗਤਾਂ ਨੂੰ ਕੀਰਤਨ, ਕਥਾ ਅਤੇ ਢਾਡੀ ਵਾਰਾਂ ਰਾਹੀਂ ਗੁਰੂਬਾਣੀ ਨਾਲ ਜੋੜ ਨਿਹਾਲ ਕੀਤਾ ।ਉਨ੍ਹਾਂ ਦੱਸਿਆ ਕਿ ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਉਨ੍ਹਾਂ ਸਭਨਾਂ ਸੰਗਤਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਸਭਨਾਂ ਨੂੰ ਸੰਗਰਾਂਦ ਦੇ ਦਿਹਾੜੇ ਦੀ ਵਧਾਈ ਵੀ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਕੱਤਰ ਰਣਵੀਰ ਪਾਲ ਸਿੰਘ, ਜਰਨੈਲ ਸਿੰਘ, ਸਰਪੰਚ ਰਸਪਾਲ ਸਿੰਘ ਪਾਲਾ, ਜਸਪਾਲ ਸਿੰਘ ਸਾਬਾ, ਨਰਿੰਦਰ ਪਾਲ ਸਿੰਘ ਨਿੰਦੀ, ਕੁਲਦੀਪ ਸਿੰਘ, ਹਰਦਿਆਲ ਸਿੰਘ, ਅਮਰਜੀਤ ਸਿੰਘ, ਸ਼ਹੀਦ ਬਾਬਾ ਮੱਤੀ ਰਾਜਪੂਤ ਸਭਾ ਦੇ ਪ੍ਰਧਾਨ ਜ, ਕੁਲਦੀਪ ਸਿੰਘ ਮਿਨਹਾਸ, ਦਲਜੀਤ ਸਿੰਘ ਭੱਟੀ ਡਾਕਟਰ ਰਣਧੀਰ ਸਿੰਘ ਰੰਧਾਵਾ ਅਤੇ ਵੱਡੀ ਗਿਣਤੀ 'ਚ ਇਲਾਕਾ ਵਾਸੀ ਸੰਗਤਾਂ ਨੇ ਗੁਰੂ ਘਰ ਦਾ ਆਸ਼ੀਰਵਾਦ ਲਿਆ। ਸਟੇਜ ਸਕੱਤਰ ਦੀ ਸੇਵਾ ਮਾਸਟਰ ਸੁਰਜੀਤ ਸਿੰਘ ਵੱਲੋਂ ਨਿਭਾਈ ਗਈ।

# ਸਰਕਾਰੀ ਸਕੂਲਾਂ 'ਚ ਮੈਗਾ ਪੀ ਟੀ ਐੱਮ 20 ਨੂੰ : ਬੈਂਸ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਕੂਲ ਸਿੱਖਿਆ ਵਿਭਾਗ 20 ਦਸੰਬਰ ਨੂੰ ਸਕੂਲ ਪ੍ਰਬੰਧਨ ਕਮੇਟੀਆਂ (ਐੱਸ ਐੱਮ ਸੀ) ਦੇ ਸਹਿਯੋਗ ਨਾਲ ਸਿੱਖਿਆ ਖੇਤਰ ਵਿੱਚ ਕ੍ਰਾਂਤੀ ਲਿਆਉਣ ਦੇ ਉਦੇਸ਼ ਨਾਲ ਸੂਬੇ ਭਰ ਦੇ ਸਾਰੇ ਸਕੂਲਾਂ ਵਿੱਚ 'ਮਾਪਿਆਂ ਦੀ ਭਾਗੀਦਾਰੀ' ਤੇ ਵਰਕਸ਼ਾਪ ਅਤੇ ਮੈਗਾ ਪੀ ਟੀ ਐਮ ਨਾਮਕ ਵਰਕਸ਼ਾਪਾਂ ਦੀ ਇੱਕ ਵਿਆਪਕ ਲੜੀ ਦਾ ਆਯੋਜਨ ਕਰ ਰਿਹਾ ਹੈ। ਰਿਆਤ ਬਾਹਰਾ ਯੂਨੀਵਰਸਿਟੀ ਵਿਖੇ ਸਕੂਲ ਅਧਿਆਪਕਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਬੈਂਸ ਨੇ ਕਿਹਾ ਕਿ ਇਸ ਲੜੀ ਦੀ ਪਹਿਲੀ ਵਰਕਸ਼ਾਪ 20 ਦਸੰਬਰ ਨੂੰ ਹੋਵੇਗੀ। ਬੈਂਸ ਨੇ ਕਿਹਾ ਕਿ ਇਨ੍ਹਾਂ ਵਰਕਸ਼ਾਪਾਂ ਦਾ ਮੁੱਖ ਉਦੇਸ਼ ਮਾਪਿਆਂ ਨੂੰ ਸਸ਼ਕਤ ਬਣਾਉਣਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਚਾਹੁੰਦੀ ਹੈ ਕਿ ਹਰੇਕ ਮਾਪੇ ਨੂੰ ਬੱਚੇ ਦੀ ਅਕਾਦਮਿਕ ਪ੍ਰਗਤੀ, ਸਰਕਾਰੀ ਸਕੂਲਾਂ ਦੇ ਯੋਗਦਾਨ ਅਤੇ ਸਕੂਲ ਵਿਕਾਸ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਸਪੱਸ਼ਟ ਜਾਣਕਾਰੀ ਹੋਵੇ।ਇਹ ਯਤਨ ਬੱਚਿਆਂ ਦੇ ਸੰਪੂਰਨ ਵਿਕਾਸ ਲਈ ਘਰ ਅਤੇ ਸਕੂਲ ਵਿਚਕਾਰ ਇੱਕ ਅਟੁੱਟ ਪੁਲ ਬਣਾਏਗਾ। ਰਿਆਤ ਬਾਹਰਾ ਯੂਨੀਵਰਸਿਟੀ ਪਹੁੰਚਣ 'ਤੇ ਹਰਜੋਤ ਬੈਂਸ ਦਾ ਸਵਾਗਤ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਗਰੁੱਪ ਵਾਈਸ-ਚਾਂਸਲਰ ਪ੍ਰੋਫੈਸਰ (ਡਾ.) ਸੰਜੇ ਕੁਮਾਰ ਨੇ ਕੀਤਾ। ਸਿੱਖਿਆ ਮੰਤਰੀ ਨੇ ਸਿੱਖਿਆ ਕ੍ਰਾਂਤੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਇਸ ਪਹਿਲਕਦਮੀ ਵਿੱਚ ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਨਵੀਨੀਕਰਨ, 'ਸਕੂਲ ਆਫ਼ ਐਮੀਨੈਂਸ' ਬਣਾਉਣ ਅਤੇ ਸਰਕਾਰੀ ਸਕੂਲਾਂ ਵਿੱਚ ਸਹੂਲਤਾਂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰਨਾ ਸ਼ਾਮਲ ਹੈ, ਜਿਸ ਵਿੱਚ ਸਮਾਰਟ ਕਲਾਸਰੂਮ, ਸਾਇੰਸ ਲੈਬ ਅਤੇ ਚਾਰਦੀਵਾਰੀ ਸ਼ਾਮਲ ਹਨ।ਬੈਂਸ ਨੇ ਕਿਹਾ ਕਿ 12,000 ਸਰਕਾਰੀ ਸਕੂਲਾਂ ਨੂੰ ਨਵੀਆਂ/ਮੁਰੰਮਤ ਕੀਤੀਆਂ ਚਾਰਦੀਵਾਰੀਆਂ, ਕਲਾਸਰੂਮਾਂ, ਪਖਾਨਿਆਂ ਅਤੇ ਖੇਡ ਦੇ ਮੈਦਾਨਾਂ ਨਾਲ ਅਪਗ੍ਰੇਡ ਕਰਨ ਲਈ 2,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਗਿਆ ਹੈ।

# ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰ ਰੰਗੇ-ਹੱਥੀਂ ਕਾਬੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਆਪਣੀ ਚੱਲ ਰਹੀ ਮੁਹਿੰਮ ਦੌਰਾਨ ਨਵੰਬਰ ਮਹੀਨੇ ਦੌਰਾਨ 8 ਵੱਖ-ਵੱਖ ਟਰੈਪ ਕੇਸਾਂ ਵਿੱਚ 9 ਸਰਕਾਰੀ ਮੁਲਾਜ਼ਮਾਂ ਅਤੇ 2 ਪ੍ਰਾਈਵੇਟ ਵਿਅਕਤੀਆਂ ਨੂੰ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਨੇ ਇਸ ਸਮੇਂ ਦੌਰਾਨ ਸਰਕਾਰੀ ਮੁਲਾਜ਼ਮਾਂ ਅਤੇ ਹਰ ਖੇਤਰ ਵਿੱਚ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਦੱਸਿਆ ਕਿ ਬਿਊਰੋ ਨੇ ਪਿਛਲੇ ਮਹੀਨੇ ਵੱਖ-ਵੱਖ ਸਮਰੱਥ ਅਦਾਲਤਾਂ ਵਿੱਚ 12 ਵਿਜੀਲੈਂਸ ਕੇਸਾਂ ਨਾਲ ਸਬੰਧਤ ਚਲਾਨ ਪੇਸ਼ ਕੀਤੇ ਹਨ। ਇਸ ਦੇ ਨਾਲ ਹੀ ਭ੍ਰਿਸ਼ਟਾਚਾਰ ਦੇ ਮਾਮਲਿਆਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ 7 ਕੇਸਾਂ ਵਿੱਚ ਵਿਜੀਲੈਂਸ ਜਾਂਚ ਵੀ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ 17 ਮੁਲਜ਼ਮਾਂ ਵਿਰੁੱਧ 8 ਅਪਰਾਧਿਕ ਮਾਮਲੇ ਵੀ ਦਰਜ ਕੀਤੇ ਗਏ ਹਨ ਜਿਨ੍ਹਾਂ ਵਿੱਚ 11 ਸਰਕਾਰੀ ਕਰਮਚਾਰੀ ਸ਼ਾਮਲ ਹਨ।ਇਸ ਸਬੰਧੀ ਹੋਰ ਵੇਰਵੇ ਦਿੰਦਿਆਂ ਉਨ੍ਹਾਂ ਅੱਗੇ ਦੱਸਿਆ ਕਿ ਵੱਖ-ਵੱਖ ਅਦਾਲਤਾਂ ਨੇ ਪਿਛਲੇ ਮਹੀਨੇ ਦੌਰਾਨ ਬਿਊਰੋ ਵੱਲੋਂ ਦਾਇਰ ਕੀਤੇ ਤਿੰਨ ਰਿਸ਼ਵਤਖੋਰੀ ਦੇ ਕੇਸਾਂ ਦਾ ਫੈਸਲਾ ਕੀਤਾ ਹੈ, ਜਿਸ ਵਿੱਚ ਪੰਜ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਤਿੰਨ ਸਾਲ ਤੋਂ ਪੰਜ ਸਾਲ ਦੀ ਕੈਦ ਅਤੇ 10,000 ਰੁਪਏ ਤੋਂ 67,000 ਰੁਪਏ ਤੱਕ ਦੇ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।

# ਸੱਲ੍ਹ ਕਲਾਂ ਤੇ ਸੱਲ੍ਹ ਖ਼ੁਰਦ ਬਣਿਆ ਆਪਸੀ ਭਾਈਚਾਰਕ ਸਾਂਝ ਦੀ ਮਿਸਾਲ



**ਬੰਗਾ (ਅਵਤਾਰ ਕਲੇਰ)**

ਪਿੰਡ ਸੱਲ੍ਹ ਕਲਾਂ ਅਤੇ ਸੱਲ੍ਹ ਖ਼ੁਰਦ ਬਣਿਆ ਆਪਸੀ ਭਾਈਚਾਰਕ ਸਾਂਝ ਦੀ ਮਿਸਾਲ, ਇਸ ਪਿੰਡ ਵਿੱਚ ਕਾਂਗਰਸ ਪਾਰਟੀ, ਬਹੁਜਨ ਸਮਾਜ ਪਾਰਟੀ,ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਚਾਰੋਂ ਪਾਰਟੀ ਦੀਆਂ ਵੋਟਾਂ ਹਨ ਪਰ ਇੱਕ ਗੱਲ ਜ਼ਰੂਰ ਹੈ ਕਿ ਇਥੇ ਬੂਥ ਕੈਂਪ ਚਾਰੇ ਪਾਰਟੀਆਂ ਦੇ ਵਰਕਰ ਰਲ ਕੇ ਲਾਉਂਦੇ ਹਨ। ਇਨ੍ਹਾਂ ਨੇ ਘਰ ਘਰ ਜਾ ਕੇ ਵੋਟਰਾਂ ਨੂੰ ਕਹਿਣਾ ਹੈ ਪਰ ਬੂਥ ਕੈਂਪ ਤੇ ਕੋਈ ਵੀ ਕਿਸੇ ਨੂੰ ਨਹੀਂ ਕਹਿੰਦਾ ਕਿ ਤੁਸੀਂ ਇਸ ਪਾਰਟੀ ਨੂੰ ਵੋਟ ਪਾਉਣੀ ਹੈ। ਇਸ ਲਈ ਹੀ ਭਾਈਚਾਰਕ ਸਾਂਝ ਬਣੀ ਹੋਈ ਹੈ। ਵੋਟਰ ਆਪਣੀ ਵਿਚਾਰਧਾਰਾ ਦੇ ਤਹਿਤ ਵੋਟਾਂ ਦਾ ਇਸਤੇਮਾਲ ਕਰਦੇ ਹਨ। ਪਿੰਡ ਦੀ ਪੰਚਾਇਤ, ਨੰਬਰਦਾਰ ਅਤੇ ਸਾਰੇ ਵੋਟਰਾਂ ਦੀ ਸਹਿਮਤੀ ਨਾਲ ਹੁੰਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਬੀ ਐਲ ਓ ਪਾਸੋਂ ਵੋਟਾਂ ਘਰ ਘਰ ਭੇਜਣੀਆਂ ਚਾਹੀਦੀਆਂ ਹਨ ਤਾਂ ਕਿ ਵੋਟਾਂ ਦੇਣ ਲਈ ਬੂਥ ਕੈਂਪ ਨਾ ਲਗਾਉਣੇ ਪੈਣ। ਵੋਟਰਾਂ ਨੂੰ ਲਿਸਟ ਵਿੱਚੋਂ ਕੱਢ ਕੇ ਪਰਚੀਆਂ ਦੇਣ ਕਰਕੇ ਹੀ ਬੂਥ ਕੈਂਪ ਦੀ ਜ਼ਰੂਰਤ ਪੈਂਦੀ ਹੈ।

# ਉਰਦੂ ਆਮੋਜ਼ ਦੀ ਸਿਖਲਾਈ 1 ਤੋਂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਭਾਸ਼ਾ ਵਿਭਾਗ, ਪੰਜਾਬ ਮਾਂ-ਬੋਲੀ ਪੰਜਾਬੀ ਦੇ ਨਾਲ-ਨਾਲ ਹੋਰਨਾਂ ਜ਼ੁਬਾਨਾਂ ਦੇ ਵਿਕਾਸ ਲਈ ਵੀ ਸਰਗਰਮ ਰਹਿੰਦਾ ਹੈ। ਇਸੇ ਕੜੀ ਤਹਿਤ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਵਿਖੇ ਉਰਦੂ ਆਮੋਜ਼ ਸਿਖਲਾਈ 1 ਜਨਵਰੀ 2026 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਇਸ ਸਬੰਧੀ ਡਾ. ਦਰਸ਼ਨ ਕੌਰ, ਖੋਜ ਅਫ਼ਸਰ, ਐੱਸ ਏ ਐੱਸ ਨਗਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 1 ਜਨਵਰੀ 2026 ਤੋਂ ਸ਼ੁਰੂ ਹੋਣ ਵਾਲੇ ਉਰਦੂ ਆਮੋਜ਼ ਦੇ ਕੋਰਸ ਦੀ ਦਾਖਲਾ ਅਤੇ ਪ੍ਰੀਖਿਆ ਫੀਸ ਯਕਮੁਸ਼ਤ 500 ਰੁਪਏ ਨਿਸ਼ਚਿਤ ਕੀਤੀ ਗਈ ਹੈ। ਇਸ ਕੋਰਸ ਦੀ ਮਿਆਦ 6 ਮਹੀਨੇ ਅਤੇ ਜਮਾਤ ਦਾ ਸਮਾਂ ਰੋਜ਼ਾਨਾ ਇੱਕ ਘੰਟਾ ਹੋਵੇਗਾ। ਕਿਸੇ ਵੀ ਉਮਰ ਦਾ ਵਿਅਕਤੀ ਇਸ ਕੋਰਸ ਵਿੱਚ ਦਾਖ਼ਲਾ ਲੈ ਸਕਦਾ ਹੈ। ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਵੀ ਉਰਦੂ ਆਮੋਜ਼ ਦੀ ਸਿਖਲਾਈ ਲੈ ਸਕਦੇ ਹਨ।

ਉਰਦੂ ਆਮੋਜ਼ ਦੀ ਸਿਖਲਾਈ ਲਈ ਫਾਰਮ ਭਰਨ ਲਈ ਆਖਰੀ ਮਿਤੀ 31 ਦਸੰਬਰ 2025 ਰੱਖੀ ਗਈ ਹੈ। ਦਾਖ਼ਲਾ ਲੈਣ ਦੇ ਚਾਹਵਾਨ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਕਮਰਾ ਨੰ. 518 (ਏ), ਚੌਥੀ ਮੰਜ਼ਿਲ, ਐੱਸ.ਏ.ਐੱਸ.ਨਗਰ ਤੋਂ ਦਾਖਲਾ ਫਾਰਮ ਕਿਸੇ ਵੀ ਕੰਮਕਾਜ ਵਾਲੇ ਦਿਨ (ਦਫ਼ਤਰੀ ਸਮੇਂ ਦੌਰਾਨ) ਮੁਫ਼ਤ ਪ੍ਰਾਪਤ ਕਰ ਸਕਦੇ ਹਨ। ਦਾਖ਼ਲਾ ਫਾਰਮ ਭਰਨ ਉਪਰੰਤ ਦਫ਼ਤਰ ਵਿਖੇ 31 ਦਸੰਬਰ 2025 ਤੱਕ ਦਸਤੀ ਜਮ੍ਹਾਂ ਕਰਵਾਏ ਜਾ ਸਕਦੇ ਹਨ।

# ਪ੍ਰੋਫੈਸਰ ਮੰਜੂ ਜੋਸ਼ੀ ਪੁਰਸਕਾਰ ਨਾਲ ਸਨਮਾਨਤ




**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਆਪਣੇ ਵਿਦਿਆਰਥੀਆਂ ਦੇ ਨਾਲ-ਨਾਲ ਅਧਿਆਪਕਾਂ ਦੇ ਸਰਵਪੱਖੀ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਲਈ ਜਾਣਿਆ ਜਾਂਦਾ ਹੈ ਅਤੇ ਵੱਖ-ਵੱਖ ਪਲੇਟਫਾਰਮਾਂ 'ਤੇ ਉੱਤਮਤਾ ਪ੍ਰਾਪਤ ਕਰਨ ਦੇ ਭਰਪੂਰ ਮੌਕੇ ਪ੍ਰਦਾਨ ਕਰਦਾ ਹੈ। ਪ੍ਰਿੰਸੀਪਲ ਪ੍ਰੋ. ਨਵਦੀਪ ਕੌਰ ਨੇ ਦੱਸਿਆ ਕਿ ਕਾਲਜ ਦੇ ਅਧਿਆਪਕ ਡਾ. ਮੰਜੂ ਜੋਸ਼ੀ, ਸਹਾਇਕ ਪ੍ਰੋਫੈਸਰ, ਪੀ.ਜੀ. ਅੰਗਰੇਜ਼ੀ ਵਿਭਾਗ ਨੂੰ 'ਜ਼ੈਨ ਜ਼ੈਡ ਇਨ ਫੋਕਸ: ਐਜੂਕੇਸ਼ਨ, ਰਿਸਰਚ ਐਂਡ ਰਿਸਪੌਂਸੀਬਲ ਸਿਟੀਜ਼ਨਸ਼ਿਪ' ਵਿਸ਼ੇ 'ਤੇ 13ਵੀਂ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਾਨਦਾਰ ਸਮਰਪਣ, ਲੀਡਰਸ਼ਿਪ ਅਤੇ ਸਿੱਖਿਆ ਵਿੱਚ ਪ੍ਰਭਾਵਸ਼ਾਲੀ ਯੋਗਦਾਨ ਲਈ ਵਿਸ਼ੇਸ਼ ਮਾਨਤਾ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਹੈ। ਇਹ ਕਾਨਫਰੰਸ ਐੱਮ ਪੀ ਸ਼ਾਹ ਮਹਿਲਾ ਆਰਟਸ ਕਾਲਜ, ਕਾਡੀ, ਲਾਧੀਦੇਵੀ ਰਾਮਧਰ ਮਹੇਸ਼ਵਰੀ ਕਾਲਜ ਆਫ਼ ਕਾਮਰਸ, ਮੁੰਬਈ ਦੁਆਰਾ ਗ੍ਰੈਂਡ ਅਕਾਦਮਿਕ ਪੋਰਟਲ ਅਤੇ ਗਲੋਬਲ ਅਕਾਦਮਿਕ ਅਸੈਸਮੈਂਟ ਕੰਸੋਰਟੀਅਮ ਦੇ ਨਾਲ ਸਾਂਝੇ ਤੌਰ 'ਤੇ 12 ਤੋਂ 13 ਦਸੰਬਰ ਤੱਕ ਏਕਤਾ ਨਗਰ ਗੁਜਰਾਤ ਦੇ ਸਟੈਚੂ ਆਫ਼ ਯੂਨਿਟੀ ਵਿਖੇ ਆਯੋਜਿਤ ਕੀਤੀ ਗਈ ਸੀ। ਪ੍ਰਿੰਸੀਪਲ ਨੇ ਪੁਰਸਕਾਰ ਪ੍ਰਾਪਤ ਕਰਤਾ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਕਾਲਜ ਆਪਣੇ ਸਟਾਫ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਅਕਾਦਮਿਕ, ਖੋਜ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਲਈ ਇੱਕ ਅਨੁਕੂਲ ਵਾਤਾਵਰਣ ਪ੍ਰਦਾਨ ਕਰਦਾ ਹੈ।

# ਜ਼ਿਲ੍ਹੇ 'ਚ ਅਮਨ-ਅਮਾਨ ਨਾਲ ਨੇਪਰੇ ਚੜ੍ਹੀ ਵੋਟਿੰਗ ਪ੍ਰਕਿਰਿਆ : ਅਵਨੀਤ ਕੌਰ

**ਬੰਗਾ/ਨਵਾਂਸ਼ਹਿਰ (ਅਵਤਾਰ ਕਲੇਰ, ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਦੀਆਂ ਚੋਣਾਂ ਦੌਰਾਨ ਜ਼ਿਲ੍ਹੇ ਵਿਚ ਵੋਟਿੰਗ ਪ੍ਰਕਿਰਿਆ ਪੂਰੇ ਅਮਨ-ਅਮਾਨ ਨਾਲ ਮੁਕੰਮਲ ਹੋਈ ਅਤੇ ਜ਼ਿਲ੍ਹੇ ਵਿਚ ਕੁੱਲ 47.82 ਫੀਸਦੀ ਵੋਟਾਂ ਪਈਆਂ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ, ਜਿਨ੍ਹਾਂ ਨੇ ਖ਼ੁਦ ਵੱਖ-ਵੱਖ ਪੋਲਿੰਗ ਸਟੇਸ਼ਨਾਂ 'ਤੇ ਜਾ ਕੇ ਵੋਟਿੰਗ ਪ੍ਰਕਿਰਿਆ ਦਾ ਜਾਇਜ਼ਾ ਲਿਆ, ਨੇ ਦੱਸਿਆ ਕਿਹਾ ਜ਼ਿਲ੍ਹੇ ਵਿਚ ਵੋਟਾਂ ਦਾ ਅਮਨ ਸ਼ਾਂਤੀਪੂਰਵਕ ਨੇਪਰੇ ਚੜ੍ਹਿਆ ਅਤੇ ਕਿਸੇ ਵੀ ਤਰ੍ਹਾਂ ਦਾ ਕੋਈ ਵਿਘਨ ਜਾਂ ਅਣਹੋਣੀ ਘਟਨਾ ਤੋਂ ਬਚਾਅ ਰਿਹਾ। ਉਨ੍ਹਾਂ ਦੱਸਿਆ ਕਿ ਨਵਾਂਸ਼ਹਿਰ ਵਿਚ ਕੁੱਲ 46.47 ਫੀਸਦੀ, ਬਲਾਕ ਬਲਾਚੌਰ ਅਤੇ ਸੜੋਆ ਵਿਚ ਕ੍ਰਮਵਾਰ 51.9 ਫੀਸਦੀ ਤੇ 51.56 ਫੀਸਦੀ ਵੋਟਿੰਗ ਦਰਜ ਕੀਤੀ ਗਈ ਅਤੇ ਬੰਗਾ ਖੇਤਰ ਵਿਚ 41.30 ਫੀਸਦੀ ਵੋਟਾਂ ਪਈਆਂ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਵਾਂਸ਼ਹਿਰ ਸਬ-ਡਵੀਜ਼ਨ ਵਿਖੇ ਕੁਲ 193 ਪੋਲਿੰਗ ਪਾਰਟੀਆਂ, ਬਲਾਚੌਰ ਅਤੇ ਸੜੋਆ ਬਲਾਕ ਲਈ 237 ਪੋਲਿੰਗ ਪਾਰਟੀਆਂ ਅਤੇ ਬੰਗਾ ਵਿਖੇ 207 ਪੋਲਿੰਗ ਪਾਰਟੀਆਂ ਤਾਇਨਾਤ ਕੀਤੀਆਂ ਗਈਆਂ ਸਨ। ਉਨ੍ਹਾਂ ਨੇ ਸਾਰੀ ਪ੍ਰਕਿਰਿਆ ਸ਼ਾਂਤਮਈ ਢੰਗ ਨਾਲ ਮੁਕੰਮਲ ਹੋਣ 'ਤੇ ਪੋਲਿੰਗ ਸਟਾਫ਼ ਅਤੇ ਵੋਟਰਾਂ ਧੰਨਵਾਦ ਵੀ ਕੀਤਾ। ਜ਼ਿਕਰਯੋਗ ਹੈ ਕਿ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਹੋਵੇਗੀ। ਜ਼ਿਲ੍ਹੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਲਈ 10 ਅਤੇ ਪੰਚਾਇਤ ਸੰਮਤੀਆਂ ਲਈ 82 ਜ਼ੋਨ ਬਣਾਏ ਗਏ ਸਨ। ਜ਼ਿਲ੍ਹੇ ਵਿੱਚ ਕੁੱਲ 466 ਗ੍ਰਾਮ ਪੰਚਾਇਤਾਂ, 462 ਪੋਲਿੰਗ ਸਟੇਸ਼ਨ, 633 ਪੋਲਿੰਗ ਬੂਥ ਸਥਾਪਤ ਕੀਤੇ ਗਏ ਸਨ। ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਦੇ ਕੁੱਲ 417240 ਵੋਟਰ ਹਨ ਜਿਨ੍ਹਾਂ ਵਿਚ ਕੁੱਲ ਪੁਰਸ਼ ਵੋਟਰਾਂ ਦੀ ਗਿਣਤੀ 216395 ਅਤੇ ਮਹਿਲਾ ਵੋਟਰਾਂ ਦੀ ਗਿਣਤੀ 200836 ਜਦਕਿ 9 ਵੋਟਰ ਥਰਡ ਜੈਂਡਰ ਸ਼ਾਮਲ ਹਨ। ਜ਼ਿਲ੍ਹੇ ਵਿੱਚ ਕੁੱਲ 216395 ਪੁਰਸ਼ ਵੋਟਰਾਂ ਦੀ ਗਿਣਤੀ ਵਿੱਚ ਨਵਾਂਸ਼ਹਿਰ ਵਿੱਚ 66611, ਸੜੋਆ ਵਿੱਚ 29518, ਬਲਾਚੌਰ ਵਿੱਚ 42800 ਅਤੇ ਬੰਗਾ ਵਿੱਚ 77466 ਵੋਟਰ ਸ਼ਾਮਲ ਹਨ ਜਦਕਿ ਮਹਿਲਾ ਵੋਟਰਾਂ ਵਿੱਚ ਨਵਾਂਸ਼ਹਿਰ ਵਿੱਚ 63013, ਸੜੋਆ ਵਿੱਚ 27193, ਬਲਾਚੌਰ ਵਿੱਚ 38414 ਅਤੇ ਬੰਗਾ ਵਿੱਚ 72216 ਵੋਟਰ ਸ਼ਾਮਲ ਹਨ।

# ਸਾਲਾਨਾ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਹੋਇਆ ਆਰੰਭ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਅਜਨੋਹਾ ਵਿਖੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐੱਨ ਆਰ ਆਈ ਅਤੇ ਇਲਾਕੇ ਦੇ ਸਹਿਯੋਗ ਨਾਲ, ਸਪੋਰਟਸ ਕਲੱਬ ਅਜਨੋਹਾ ਵੱਲੋਂ ਸਵ.ਪਿਆਰਾ ਸਿੰਘ ਅਤੇ ਕਾਕਾ ਮਨਮੋਹਨ ਸਿੰਘ ਮੈਮੋਰੀਅਲ ਸਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 14 ਦਸੰਬਰ ਤੋਂ 21 ਦਸੰਬਰ ਤੱਕ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਲੱਬ ਪ੍ਰਧਾਨ ਇੰਦਰਜੀਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ ਰਜਿੰਦਰ ਸਿੰਘ ਪਰਮਾਰ, ਰਮਿੰਦਰ ਸਿੰਘ ਪਰਮਾਰ ਆਸਟ੍ਰੇਲੀਆ ਨੇ ਸਾਂਝੇ ਤੌਰ ਤੇ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਇਸ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਵਿੱਚ ਆਲ ਓਪਨ ਦੀਆਂ 16 ਟੀਮਾਂ,ਪਿੰਡ ਪੱਧਰ ਓਪਨ 32 ਟੀਮਾਂ ਅਤੇ ਅੰਡਰ 17 ਦੀਆਂ16 ਟੀਮਾਂ ਹਿੱਸਾ ਲੈ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਉਦਘਾਟਨੀ ਮੈਚ ਜਗਤ ਸਿੰਘ ਸਪੋਰਟਸ ਕਲੱਬ ਪਲਾਹੀ ਅਤੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਸਪੋਰਟਸ ਕਲੱਬ ਜੱਬੜ ਵਿਚਕਾਰ ਕਰਵਾਇਆ ਗਿਆ, ਜਿਸ ਵਿੱਚ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਸਪੋਰਟਸ ਕਲੱਬ ਦੀ ਟੀਮ ਜੇਤੂ ਰਹੀ। ਉਹਨਾਂ ਦੱਸਿਆ ਕਿ ਆਲ ਓਪਨ ਫੁੱਟਬਾਲ ਟੂਰਨਾਮੈਂਟ ਦਾ ਪਹਿਲਾ ਇਨਾਮ ਡੇਢ ਲੱਖ ਰੁਪਏ ਅਤੇ ਦੂਜਾ ਇਨਾਮ 1 ਲੱਖ ਰੁਪਏ ਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸੇ ਤਰ੍ਹਾਂ ਪਿੰਡ ਓਪਨ ਪਹਿਲਾ ਇਨਾਮ 51ਹਜ਼ਾਰ ਰੁਪਏ ਅਤੇ ਦੂਜਾ ਇਨਾਮ 41 ਹਜ਼ਾਰ ਰੁਪਏ ਅਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਤਰ੍ਹਾਂ ਅੰਡਰ 17 ਦਾ ਪਹਿਲਾ ਇਨਾਮ 31 ਹਜ਼ਾਰ ਰੁਪਏ ਅਤੇ ਦੂਜਾ ਇਨਾਮ 25 ਹਜ਼ਾਰ ਰੁਪਏ ਪਲੱਸ ਟਰਾਫੀ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 21 ਦਸੰਬਰ ਨੂੰ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਡਾ. ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਜੇਤੂ ਤੇ ਉਪ



ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਕਲੱਬ ਪ੍ਰਧਾਨ ਇੰਦਰਜੀਤ ਸਿੰਘ, ਸਤਵਿੰਦਰ ਸਿੰਘ ਉਪ ਪ੍ਰਧਾਨ, ਸੁਰਿੰਦਰ ਪਾਲ ਸਿੰਘ ਖਜਾਨਚੀ, ਜਗਦੀਪ ਸਿੰਘ ਜੌਲੀ, ਕੁਲਦੀਪ ਸਿੰਘ ਬੱਧਣ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ ਪੰਚ, ਨਿਰੰਕਾਰ ਸਿੰਘ ਸਾਬਕਾ ਸਰਪੰਚ, ਹਰਕੀਰਤ ਸਿੰਘ ਗੋਰਖਾ, ਅਰਸ਼ਦੀਪ ਸਿੰਘ, ਅੰਮ੍ਰਿਤ ਪ੍ਰੀਤ ਸਿੰਘ, ਰਣਜੋਧ ਸਿੰਘ, ਤਲਵਿੰਦਰ ਸਿੰਘ ਤੱਲ੍ਹ, ਇੰਦਰਜੀਤ ਸਿੰਘ, ਅਮਰਜੀਤ ਸਿੰਘ, ਲੱਕੀ, ਸੰਨੀ ਗੀਹਲ, ਮਹਿੰਦਰ ਸਿੰਘ, ਮੋਹਣ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਹਾਜ਼ਰ ਸਨ।

# ਸਿੱਧ ਯੋਗੀ ਟਰੱਸਟ ਖਾਨਪੁਰ ਨੇ ਲਗਾਇਆ ਮੁਫਤ ਮੈਡੀਕਲ ਕੈਂਪ



**ਜੇਜੋਂ ਦੋਆਬਾ ( ਨਿਰਮਲ ਸਿੰਘ ਮੁੱਗੋਵਾਲ )**-ਜੇਜੋਂ ਦੋਆਬਾ- ਗੜ੍ਹਸ਼ੰਕਰ ਮੁੱਖ ਮਾਰਗ 'ਤੇ ਪੈਂਦੇ ਪਿੰਡ ਮਹਿਦੂਦ ਵਿਖੇ ਸਥਿਤ ਡੇਰਾ ਸੰਤਪੁਰੀ ਸੰਤ ਬਾਬਾ ਰਾਂਝੂ ਦਾਸ ਮਹਾਰਾਜ ਜੀ ਵਿਖੇ ਹੋਏ ਧਾਰਮਿਕ ਸਮਾਗਮ ਦੌਰਾਨ ਸਿੱਧ ਜੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐਸ.ਐਮ.ਓ. ਸਿਵਲ ਹਸਪਤਾਲ ਮਾਹਿਲਪੁਰ ਦੀ ਯੋਗ ਅਗਵਾਈ ਹੇਠ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ।ਇਸ ਮੌਕੇ ਮਰੀਜ਼ਾਂ ਦਾ ਚੈੱਕ ਅਪ ਕਰਕੇ ਉਹਨਾਂ ਨੂੰ ਮੁਫਤ ਦਵਾਈ ਦਿੱਤੀ ਗਈ। ਕੈਂਪ ਦਾ ਉਦਘਾਟਨ 108 ਸੰਤ ਸਤਨਾਮ ਦਾਸ ਮਹਾਰਾਜ ਜੀ ਨੇ ਕੀਤਾ। ਕੈਂਪ ਵਿੱਚ ਸ਼ਾਮਿਲ ਡਾਕਟਰ ਪ੍ਰਭ ਹੀਰ ਅਤੇ ਉਨਾਂ ਦੀ ਸਮੁੱਚੀ ਟੀਮ ਹਰਜਿੰਦਰ ਕੁਮਾਰੀ, ਨਵਜੋਤ ਕੌਰ ਭਪਿੰਦਰ ਸਿੰਘ ਅਤੇ ਹੋਰ ਸਹਿਯੋਗੀਆਂ ਨੂੰ ਸੰਤ ਸਤਨਾਮ ਦਾਸ ਮਹਾਰਾਜ ਜੀ ਵੱਲੋਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬਾਬਾ ਫਤਹਿ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਮੋਹਾਲੀ (ਗੁਰਜੀਤ ਬਿੱਲਾ)**

ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿੱਚ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚੌਥੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਗਿਆ । ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਦੇਵ ਸਿੰਘ ਜੀ ਦੇ ਇੰਟਰਨੈਸ਼ਨਲ ਢਾਡੀ ਜੱਥੇ ਨੇ ਬਾਬਾ ਫਤਹਿ ਸਿੰਘ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਸਰਵਣ ਕਰਵਾਉਂਦੇ ਹੋਏ ਦੱਸਿਆ ਕਿ ਬਾਬਾ ਫਤਿਹ ਸਿੰਘ ਜੀ ਦਾ ਜਨਮ ਮਾਤਾ ਜੀਤੋ ਜੀ ਦੀ ਕੁੱਖੋ ਸੰਨ 1699ਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ। ਭਾਈ ਮਨਦੀਪ ਸਿੰਘ ਜੀ ਪਿਹੋਵਾ ਵਾਲਿਆਂ ਦੇ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ । ਸ਼੍ਰੋਮਣੀ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਜਵੱਦੀ ਟਕਸਾਲ ਵਾਲਿਆਂ ਨੇ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਵੱਲੋਂ ਛੋਟੀ ਉਮਰੇ ਸਮੇਂ ਦੀ ਜਾਲਮ ਮੁਗਲ ਹਕੂਮਤ ਦੇ ਜਬਰ ਅਤੇ ਜੁਲਮ ਖਿਲਾਫ ਸਰਹਿੰਦ ਵਿਖੇ ਅਦੁੱਤੀ ਅਤੇ ਲਾਸਾਨੀ ਸ਼ਹਾਦਤ ਦੇਣ ਦੇ ਪ੍ਰਸੰਗ ਨੂੰ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂੰ ਕਰਾਇਆ। ਇਸ ਤੋਂ ਇਲਾਵਾ ਸ਼ੇਰੇ ਪੰਜਾਬ ਕਵੀਸ਼ਰੀ ਜੱਥਾ, ਭਾਈ ਬਹਾਦਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਗੜਾਨੇ ਵਾਲਿਆਂ ਦਾ ਕਵੀਸ਼ਰੀ ਜਥਾ, ਭਾਈ ਗੁਰਿੰਦਰ ਸਿੰਘ, ਭਾਈ ਹਰੇਕਮ ਜੋਤ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਹਰਬੀਰ ਸਿੰਘ, ਭਾਈ ਹਰਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਹਜ਼ਾਰਾਂ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਜਨਮ ਦਿਹਾੜੇ ਦੀ ਖੁਸ਼ੀ ਵਿੱਚ ਦਰਬਾਰ ਸਾਹਿਬ ਨੂੰ ਅੰਦਰੋ ਅਤੇ ਬਾਹਰ ਗੇਟ ਤੱਕ ਦੇ ਰਸਤੇ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਫੁੱਲਾਂ ਨਾਲ ਸਜਾਇਆ ਗਿਆ ਸੀ। ਗੁਰੂ ਕਾ ਲੰਗਰ ਇਸ ਮੌਕੇ ਅਤੁੱਟ ਵਰਤਾਇਆ ਗਿਆ ।

# ਲਖਵਿੰਦਰ ਲੱਖੀ ਵੱਲੋਂ ਸਮੂਹ ਅਕਾਲੀ ਵਰਕਰਾਂ ਤੇ ਵੋਟਰਾਂ ਦਾ ਧੰਨਵਾਦ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਵੱਲੋਂ ਬੀਤੇ ਦਿਨ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰ ਸਾਹਿਬਾਨ ਵੱਲੋਂ ਦਿੱਤੇ ਗਏ ਸਹਿਯੋਗ ਲਈ ਉਹਨਾਂ ਦਾ ਧੰਨਵਾਦ ਕੀਤਾ। ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਗੱਲਬਾਤ ਦੌਰਾਨ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਹਲਕਾ ਇੰਚਾਰਜਾਂ ਦਾ, ਵੱਖ ਵੱਖ ਵਿੰਗਾਂ ਦੇ ਪ੍ਰਧਾਨਾਂ ਦਾ ਅਤੇ ਜਿਨਾਂ ਉਮੀਦਵਾਰਾਂ ਨੇ ਪਾਰਟੀ ਦੀ ਟਿਕਟ ਤੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਲੜੀਆਂ, ਉਨ੍ਹਾਂ ਦਾ ਤੇ ਸਾਰੇ ਅਕਾਲੀ ਦਲ ਦੇ ਆਗੂ ਸਾਹਿਬਾਨ ,ਅਹੁਦੇਦਾਰ ਸਾਹਿਬਾਨ ਅਤੇ ਵਰਕਰ ਸਾਹਿਬਾਨ ਦਾ ਦਿਲੋਂ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਵਾਸਤੇ ਆਪਣਾ ਵਿਸ਼ੇਸ਼ ਸਹਿਯੋਗ ਕੀਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੂੰ ਮਜਬੂਤ ਕਰਨ ਲਈ ਦਿਨ ਰਾਤ ਇੱਕ ਕੀਤਾ ਜਾਵੇਗਾ ਤੇ 2027 ਵਿੱਚ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾ ਕੇ ਵਿਕਾਸ ਪੱਖੋਂ ਪੱਛੜ ਚੁੱਕੇ ਸੂਬੇ ਪੰਜਾਬ ਨੂੰ ਮੁੜ ਤੋਂ ਵਿਕਾਸ ਦੀਆਂ ਲੀਹਾਂ ਤੇ ਲਿਆਂਦਾ ਜਾਵੇਗਾ।

# ਰੋਜ਼ਾ ਸ਼ਰੀ.ਫ ਮੰਢਾਲੀ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

**ਬੰਗਾ (ਅਵਤਾਰ ਕਲੇਰ)**

ਦਰਬਾਰ ਸੱਯਦ ਉੱਲ ਸ਼ੇਖ ਸਾਈਂ ਬਾਬਾ ਅਬਦੁੱਲਾ ਸ਼ਾਹ ਕਾਦਰੀ ਜੀ, ਰੌਜਾ ਸ਼ਰੀਫ਼ ਮੰਢਾਲੀ ਵਿਖੇ ਸਾਬਰ ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਦੀ ਯਾਦ ਚ ਸਾਲਾਨਾ ਮੇਲਾ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਭਾਵਨਾ ਮਨਾਇਆ



ਗਿਆ। ਇਸ ਤਿੰਨ ਦਿਨਾਂ ਮੇਲੇ ਦੌਰਾਨ ਪਹਿਲੇ ਦਿਨ ਝੰਡੇ ਅਤੇ ਚਿਰਾਗਾਂ ਦੀ ਰਸਮ ਅਦਾ ਕੀਤੀ ਗਈ। ਰਾਤ ਨੂੰ ਕਵਾਲੀਆਂ ਦੀ ਮਹਿਫ਼ਿਲ ਹੋਈ। ਦੂਸਰੇ ਦਿਨ ਨਾਮਵਰ ਕਲਾਕਾਰਾਂ ਨੇ ਹਾਜ਼ਰੀਆਂ ਭਰੀਆਂ। ਤੀਸਰੇ ਦਿਨ ਚਾਦਰ ਦੀ ਰਸਮ ਅਦਾ ਕੀਤੀ ਗਈ ਅਤੇ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਵੱਖ ਵੱਖ ਦਰਬਾਰਾਂ ਤੋਂ ਸਾਈਂ ਫ਼ੱਕਰ ਸ਼ਾਹ ਦਾਦੂਵਾਲ, ਸਾਈਂ ਜੀਤ ਸ਼ਾਹ ਰੁੜਕਾ, ਬਾਬਾ ਸੋਢੀ ਸ਼ਾਹ ਲਲਵਾਨ, ਸਾਈਂ ਪੱਪਲ ਸ਼ਾਹ ਭਰੋਮਜਾਰਾ,ਬਾਬਾ ਮਨਜੀਤ ਸਾਬਰੀ ਲਿੱਧੜਾਂ,ਮਨੀ ਸਾਈਂ ਲੁਧਿਆਣਾ, ਬਾਬਾ ਜਸਵੀਰ ਸਾਬਰੀ ਖਾਨਖਾਨਾ, ਬਾਬਾ ਸ਼ੰਬੂ ਜੀ ਫਿਲੌਰ ਆਦਿ ਸੰਤ ਮਹਾਂਪੁਰਸ਼ਾਂ ਅਤੇ ਮਹੰਤਾਂ ਨੇ ਸ਼ਿਰਕਤ ਕੀਤੀ। ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਨੇ ਹਾਜ਼ਰੀਆਂ ਭਰੀਆਂ। ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਵਲੋਂ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ, ਰਾਜਨੀਤਿਕ ਸ਼ਖ਼ਸੀਅਤਾਂ ਤੇ ਸੇਵਾਦਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਪੰਜਾਬੀ ਗਾਇਕ ਲਖਵਿੰਦਰ ਵਡਾਲੀ,ਮੀਰਾ ਸ਼ਰਮਾ ਸਰਪੰਚ ਮੰਢਾਲੀ, ਧਰਮਿੰਦਰ ਸਿੰਘ ਨੰਬਰਦਾਰ ਮੰਢਾਲੀ, ਕਮਲਜੀਤ ਕੌਰ ਸਾਬਕਾ ਸਰਪੰਚ ਮੰਢਾਲੀ, ਬਲਜੀਤ ਸਿੰਘ ਸਾਬਕਾ ਸਰਪੰਚ ਕੁਲਥਮ, ਰੋਸ਼ਨ ਲਾਲ ਸਰਪੰਚ ਕੁਲਥਮ, ਮਲਕੀਤ ਮੰਢਾਲੀ, ਹੁਸਨ ਲਾਲ ਨੰਬਰਦਾਰ ਜੱਬੋਵਾਲ,ਸੁਖਚੈਨ ਰਾਮ ਪਰਸੋਵਾਲ, ਮੁਹੰਮਦ ਆਸ਼ਿਕ ਨੀਲਾ,ਬੀਬੀ ਸੀਤਾ ਦੇਵੀ, ਗੋਰਾ ਚੱਕ ਪ੍ਰੇਮਾ,ਡਾ ਸਤਨਾਮ ਸਿੰਘ ਪਰਸੋਵਾਲ, ਡਾ ਮੋਹਣ ਲਾਲ ਬੱਧਣ,ਚਰਨਜੀਤ ਰਾਏ ,ਪੱਪੀ ਅਨੀਹਰ, ਹਰਪ੍ਰੀਤ ਜੱਖੂ,ਮਨੀ, ਗੱਗੀ, ਹਨੀ, ਸੋਨੂੰ ਜੱਸੋਮਜਾਰਾ, ਡਾ ਜਗਦੀਸ਼ ਮੁਹੰਮਦ,ਸੋਨੀ ਮੰਢਾਲੀ,ਨੂਰ ਮੁਹੰਮਦ ਆਦਿ ਹਾਜ਼ਰ ਸਨ।

# ਰੈਵੀਨਿਊ ਪਟਵਾਰ ਤੇ ਕਾਨੂੰਗੋ ਜਥੇਬੰਦੀ ਦੀ ਮਾਸਿਕ ਮੀਟਿੰਗ



**ਬਲਾਚੌਰ (ਜਸਵਿੰਦਰ ਬੈਂਸ)**

ਸੇਵਾ ਮੁਕਤ ਰੈਵੀਨਿਊ ਪਟਵਾਰ ਅਤੇ ਕਾਨੂੰਗੋ ਜਥੇਬੰਦੀ ਦੀ ਮਾਸਿਕ ਮੀਟਿੰਗ ਗਿਆਨ ਸਿੰਘ ਭਨੂੰ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੜ੍ਹਸ਼ੰਕਰ ਰੋਡ ਨਜ਼ਦੀਕ ਬਲਵੀਰ ਸਰਵਿਸ ਸਟੇਸ਼ਨ ਬਲਾਚੌਰ ਵਿਖੇ ਹੋਈ । ਮੀਟਿੰਗ ਨੂੰ ਸੰਬੋਧਨ ਕਰਦਿਆ ਪ੍ਰਧਾਨ ਗਿਆਨ ਸਿੰਘ ਭਨੂੰ ਨੇ ਆਖਿਆ ਕਿ ਅਸੀਂ ਕੁੱਝ ਹੀ ਦਿਨਾ ਵਿੱਚ 2026 ਦੇ ਨਵੇਂ ਸਾਲ ਵਿੱਚ ਪ੍ਰਵੇਸ਼ ਕਰਨ ਜਾ ਰਹੇ ਹਨ ਜਿਸ ਲਈ ਨਵੇਂ ਸਾਲ ਦੀ ਆਮਦ ਤੇ ਸਭਨਾ ਦੀ ਸੁੱਖ ਸ਼ਾਂਤੀ ਲਈ ਚੜ੍ਹਦੀ ਕਲਾਂ ਦੀ ਅਰਦਾਸ ਕਰਨ ਲਈ ਇੱਕ ਪ੍ਰੋਗਰਾਮ ਉਲੀਕਿਆ ਗਿਆ ਹੈ ਜਿਸ ਵਿੱਚ ਉਨ੍ਹਾਂ ਜਥੇਬੰਦੀ ਦੇ ਸਾਰੇ ਮੈਂਬਰਾ ਨੂੰ ਹੁੰਮ ਹੁੰਮਾ ਦੇ ਪੁੱਜਣ ਦੀ ਅਪੀਲ ਕੀਤੀ । ਉਨ੍ਹਾ ਅੱਗੇ ਆਖਿਆ ਕਿ ਲੀਵ ਇਨ ਕੈਸਮੈਂਟ ਦੀ ਬਕਾਇਆ ਕਿਸ਼ਤ ਹੈ, ਨੂੰ ਤੁਰੰਤ ਪ੍ਰਭਾਵ ਨਾਲ ਖਾਤੇ ਵਿੱਚ ਭੇਜਿਆ ਜਾਵੇ । ਇਸ ਮੌਕੇ ਉਪਰ ਹਰਭਜਨ ਰਾਮ ਸੇਵਾ ਮੁਕਤ ਪਟਵਾਰੀ ਦੀ ਨਿੱਜੀ ਜਾਇਦਾਦ ਸਬੰਧੀ ਮਸਲਾ ਦਫਤਰ ਤਹਿਸੀਲ ਬਲਾਚੌਰ ਪੈਂਡਿੰਗ ਚੱਲ ਰਿਹਾ ਹੈ । ਤਕਸੀਮ ਸਬੰਧੀ ਇਹ ਕੇਸ ਬਿਲਕੁੱਲ ਜਾਇਜ ਚੱਲ ਰਿਹਾ ਹੈ ਉਸ ਦੇ ਹੱਲ ਲਈ ਤਹਿਸੀਲਦਾਰ ਬਲਾਚੌਰ ਨਾਲ ਰਾਬਤਾ ਕੀਤਾ ਜਾਵੇਗਾ । ਇਸ ਮੌਕੇ ਜਨਰਲ ਸਕੱਤਰ ਮਦਨ ਲਾਲ ਬੇਗਮਪੁਰੀ, ਸੁਰਿੰਦਰ ਕੁਮਾਰ, ਰਜਿੰਦਰ ਸਿੰਘ, ਜਨਕ ਰਾਜ, ਬਲਦੇਵ ਸਿੰਘ ਬੱਲੀ, ਗੁਰਨੇਕ ਸਿੰਘ, ਹਰਭਜਨ ਰਾਮ, ਮੇਹਰ ਸਿੰਘ, ਰਾਮ ਨਾਥ ਭਾਟੀਆ, ਬਲਵਿੰਦਰ ਪਾਲ ਸਿੰਘ, ਮੋਹਨ ਲਾਲ, ਮਨੋਹਰ ਲਾਲ, ਜਗਨ ਨਾਥ, ਹਰਚਰਨਜੀਤ ਸਿੰਘ ਤੇ ਕੁਲਦੀਪ ਸਿੰਘ ਵੀ ਮੌਜੂਦ ਸਨ।

# ਮੈਡੀਕਲ ਤੇ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਗੜ੍ਹਸ਼ੰਕਰ ਰੋਡ 'ਤੇ ਗੁਰਦੁਆਰਾ ਟਾਹਲੀ ਸਾਹਿਬ ਨੇੜੇ ਲਾਇਨਜ਼ ਕਲੱਬ ਐਕਟਿਵ ਵੱਲੋਂ 92ਵਾਂ ਮੈਡੀਕਲ ਜਾਂਚ ਲਿਵਾਸਾ ਹਸਪਤਾਲ ਵੱਲੋਂ ਮੁਫ਼ਤ ਜਨਰਲ ਕੈਂਪ ਅਤੇ ਗੜ੍ਹਸ਼ੰਕਰ ਦੇ ਨਵਦੀਪਕ ਹਸਪਤਾਲ ਵੱਲੋਂ ਅੱਖਾਂ ਦਾ ਜਾਂਚ ਕੈਂਪ ਲਗਾਇਆ ਗਿਆ। ਕਲੱਬ ਦੇ ਡਿਪਟੀ ਗਵਰਨਰ ਤ੍ਰਿਲੋਚਨ ਸਿੰਘ ਵਿਰਦੀ ਨੇ ਦੱਸਿਆ ਕਿ ਇਸ ਕੈਂਪ ਵਿੱਚ 242 ਵਿਅਕਤੀਆਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦ ਮਰੀਜ਼ਾਂ ਨੂੰ ਕਲੱਬ ਵੱਲੋਂ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਮਰੀਜ਼ਾਂ ਦੀ ਖੂਨ ਜਾਂਚ ਜਿਸ ਵਿੱਚ ਸ਼ੂਗਰ ਟੈਸਟ ਮੁਫਤ ਵਿੱਚ ਕੀਤਾ ਗਿਆ। ਡਿਪਟੀ ਗਵਰਨਰ ਤ੍ਰਿਲੋਚਨ ਸਿੰਘ ਵਿਰਦੀ ਨੇ ਕਿਹਾ ਕਿ ਕਲੱਬ ਵਲੋਂ ਮਨੁੱਖਤਾ ਦੇ ਭਲੇ ਲਈ ਗੁਰਦੁਆਰਾ ਟਾਹਲੀ ਸਾਹਿਬ ਨਵਾਂਸ਼ਹਿਰ ਵਿਖੇ ਹਰ ਸੰਗਰਾਂਦ ਤੇ ਮੁਫ਼ਤ ਮੈਡੀਕਲ ਕੈਂਪ ਅਤੇ ਅੱਖਾਂ ਦਾ ਚੈੱਕਅੱਪ ਕੈਂਪ 10 ਵਜੇ ਤੋਂ 2 ਵਜੇ ਤੱਕ ਲਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਲਾਜ ਦਿਨੋਂ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਅਜਿਹੇ ਕੈਂਪ ਲੋਕਾਂ ਲਈ ਲਾਹੇਵੰਦ ਸਾਬਤ ਹੋ ਰਹੇ ਹਨ। ਲਿਵਾਸਾ ਹਸਪਤਾਲ ਦੇ ਡਾਕਟਰ ਅਮਰਵੀਰ ਨੇ ਲੋਕਾਂ ਨੂੰ ਪੌਸ਼ਟਿਕ ਭੋਜਨ ਖਾਣ ਅਤੇ ਫਾਸਟ ਫੂਡ ਤੋਂ ਦੂਰ ਰਹਿਣ ਲਈ ਕਿਹਾ। ਨਵਦੀਪਕ ਹਸਪਤਾਲ ਦੇ ਡਾਕਟਰ ਨਵਦੀਪਕ ਡਾ. ਹਰਸ਼ ਯਾਦਵ ਨੇ ਕਿਹਾ ਕਿ ਸਾਨੂੰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਮੌਕੇ ਸੀਨੀਅਰ ਚੇਅਰਮੈਨ ਸੰਜੀਵ ਸੂਰੀ ਸੰਜੀਵ ਕੁਮਾਰ ਕੈਂਥ, ਪੂਨਮ ਸੂਰੀ, ਕਲਦੀਆਂ ਭੂਸ਼ਨ ਸਵਰਨਦੀਪ,ਪਧਾਨ ਜਸਵਿੰਦਰ ਕੋਰ, ਸਟਾਫ ਅਕਾਸ਼ ਗੁਰਕੀਰਤ ਸਿੰਘ ਬਿੱਕਰ ਸਿੰਘ ਵਿਨੀਤਾ ਹਾਜ਼ਰ ਸਨ।



# ਸੰਗਰਾਂਦ ਦਾ ਦਿਹਾੜਾ ਮਨਾਇਆ





**ਅੱਡਾ ਸਰਾਂ (ਜਸਵੀਰ ਕਾਜਲ)**

ਗੁਰਦੁਆਰਾ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਕੰਧਾਲਾ ਜੱਟਾਂ ਵਿਖੇ ਪੋਹ ਦੇ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਮਨਾਇਆ ਗਿਆ। ਗ੍ਰੰਥੀ ਸਿੰਘ ਭਾਈ ਸੰਦੀਪ ਸਿੰਘ ਜੀ ਕੂੰਟਾਂ ਵਾਲਿਆਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਜਾਪ ਕਰਨ ਉਪਰੰਤ ਸ੍ਰੀ ਬਾਰਹ ਮਾਹ ਜੀ ਦੇ ਪਾਠ ਕੀਤੇ ਗਏ ਉਪਰੰਤ, ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਸੰਧਿਆ ਵੇਲੇ ਕੀਰਤਨ ਕਰਨ ਵਾਲੇ ਬੱਚਿਆਂ ਨੇ ਕੀਰਤਨ ਰਾਹੀਂ ਆਈਆਂ ਹੋਈਆਂ ਸੰਗਤਾਂ ਨੂੰ ਨਿਹਾਲ ਕੀਤਾ, ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਇਸ ਮੌਕੇ ਗੁਰੂ ਘਰ ਦੇ ਸੇਵਕਾਂ ਵਲੋਂ ਚਾਹ ਸਮੋਸੇ ਮਠਿਆਈਆਂ ਦੇ ਲੰਗਰ ਲਗਾਏ ਗਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੈਪਟਨ ਹਰੀ ਓਮ ਸਿੰਘ, ਉਪ ਪ੍ਰਧਾਨ ਸੂਬੇਦਾਰ ਬਖਸ਼ੀਸ਼ ਸਿੰਘ ਕੈਸ਼ੀਅਰ ਧਰਮ ਸਿੰਘ, ਮਨਦੀਪ ਸਿੰਘ ਅਮਰੀਕ ਸਿੰਘ ਮੀਕਾ, ਸਾਬਕਾ ਸਰਪੰਚ ਜੋਗਿੰਦਰ ਸਿੰਘ ਹੀਰ, ਦੇਸ ਰਾਜ, ਗੁਰਮੇਲ ਸਿੰਘ, ਲਖਵੀਰ ਸਿੰਘ, ਜਸਵੀਰ ਲੱਕੀ ਚਮਨਪ੍ਰੀਤ ਸਿੰਘ ਅਮਰਜੀਤ ਸਿੰਘ ਹੀਰ ਜਸਵੀਰ ਨਿੱਕਾ, ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

# ਚੈਰੀਟੇਬਲ ਹਸਪਤਾਲ ਨੂੰ ਚਲਾਉਣ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਕਰੇਗੀ ਸਹਿਯੋਗ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪਿੰਡ ਮਹਿਤਪੁਰ ਉਲੱਦਣੀ ਸਥਿਤ ਸ੍ਰੀਮਾਨ 108 ਸੰਤ ਬਾਬਾ ਓਂਕਾਰ ਸਿੰਘ ਚੈਰੀਟੇਬਲ ਹਸਪਤਾਲ ਦੇ ਪ੍ਰਬੰਧ ਨੂੰ ਚਲਾਉਣ ਵਿੱਚ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਪੂਰਨ ਸਹਿਯੋਗ ਕਰੇਗੀ। ਇਹ ਜਾਣਕਾਰੀ ਸਾਂਝੀ ਕਰਦੇ ਹੋਏ ਟਰੱਸਟ ਦੇ ਪ੍ਰਧਾਨ ਬਰਜਿੰਦਰ ਸਿੰਘ ਹੁਸੈਨਪੁਰ ਅਤੇ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਇਹ ਫੈਸਲਾ ਟਰੱਸਟ ਮੈਂਬਰਾਂ ਵੱਲੋਂ ਕੀਤੀ ਗਈ ਅਪੀਲ ਤੇ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੈਂਬਰਾਂ ਵਲੋਂ ਸੋਸਾਇਟੀ ਦਫਤਰ ਵਿਖੇ ਇਕ ਮੀਟਿੰਗ ਦੌਰਾਨ ਲਿਆ ਗਿਆ। ਇਸ ਮੀਟਿੰਗ ਵਿਚ ਸੋਸਾਇਟੀ ਦੇ ਮੁੱਖ ਸਰਪ੍ਰਸਤ ਗਿਆਨੀ ਸਰਬਜੀਤ ਸਿੰਘ ਤੇ ਬਰਜਿੰਦਰ ਸਿੰਘ ਹੁਸੈਨਪੁਰ ਵੀ ਮੌਜੂਦ ਸਨ। ਫੈਸਲੇ ਮੁਤਾਬਕ ਸੁਸਾਇਟੀ ਦੇ ਤਿੰਨ ਮੈਂਬਰਾਂ ਸੁਰਜੀਤ ਸਿੰਘ ਮੁੱਖ ਸੇਵਾਦਾਰ, ਦੀਦਾਰ ਸਿੰਘ ਗਹੂੰਣ ਉੱਪ ਮੁੱਖ ਸੇਵਾਦਾਰ ਅਤੇ ਜਗਜੀਤ ਸਿੰਘ ਜਨਰਲ ਸਕੱਤਰ ਨੂੰ ਸੰਤ ਬਾਬਾ ਉਂਕਾਰ ਸਿੰਘ ਚੈਰੀਟੇਬਲ ਟਰੱਸਟ ਵਿਚ ਸ਼ਾਮਲ ਕੀਤਾ ਗਿਆ । ਉਨ੍ਹਾਂ ਕਿਹਾ ਕਿ ਬੀਮਾਰੀਆਂ ਦਾ ਇਲਾਜ ਅਤੇ ਦਵਾਈਆਂ ਅਜਕਲ੍ਹ ਆਮ ਤਬਕੇ ਦੀ ਪਹੁੰਚ ਤੋਂ ਬਾਹਰ ਹਨ । ਅਜਿਹੇ ਵਿਚ ਕਿਸੇ ਵੀ ਸੰਸਥਾਂ ਵਲੋਂ ਲੋੜਵੰਦਾਂ ਨੂੰ ਨਿਸ਼ਕਾਮ ਜਾਂ ਬਹੁਤ ਘੱਟ ਰੇਟਾਂ ਤੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਮਨੁੱਖਤਾ ਦੀ ਸਭ ਤੋਂ ਅਨਮੋਲ ਸੇਵਾ ਹੈ।

ਇਸ ਮੀਟਿੰਗ ਦੌਰਾਨ ਉਪਰੋਕਤ ਮੈਂਬਰਾਂ ਤੋਂ ਇਲਾਵਾ ਜਸਵੀਰ ਸਿੰਘ ਢਿਲੋਂ ਮਾਛੀਵਾੜਾ, ਸੁਸਾਇਟੀ ਸਰਪ੍ਰਸਤ ਉੱਤਮ ਸਿੰਘ ਸੇਠੀ, ਦੀਦਾਰ ਸਿੰਘ ਗਹੂੰਣ, ਜਗਜੀਤ ਸਿੰਘ ਜਨਰਲ ਸਕੱਤਰ, ਜਗਦੀਪ ਸਿੰਘ ਕੈਸ਼ੀਅਰ, ਸੁਰਜੀਤ ਸਿੰਘ ਮਹਿਤਪੁਰੀ ਵਾਈਸ ਪ੍ਰਧਾਨ ਟਰੱਸਟ, ਤਰਲੋਚਨ ਸਿੰਘ ਖਟਕੜ ਕਲਾਂ, ਮੁਖਵਿੰਦਰ ਪਾਲ ਸਿੰਘ, ਪਲਵਿੰਦਰ ਸਿੰਘ ਕਰਿਆਮ, ਡਾਕਟਰ ਭਗਵਾਨ ਸਿੰਘ, ਪਰਮਿੰਦਰ ਸਿੰਘ ਕੰਵਲ, ਮਨਮੋਹਨ ਸਿੰਘ ਕੰਵਲ, ਗੁਰਚਰਨ ਸਿੰਘ ਪਾਬਲਾ, ਬਖਸ਼ੀਸ਼ ਸਿੰਘ ਸੈਣੀ, ਭਾਈ ਗੁਰਦੇਵ ਸਿੰਘ ਮੁਬਾਰਕਪੁਰ, ਮਾਸਟਰ ਕੁਲਵਿੰਦਰ ਸਿੰਘ ਭੀਣ, ਗੁਰਬਖਸ਼ ਸਿੰਘ, ਸੁਰਿੰਦਰ ਸਿੰਘ ਰਾਜਸਥਾਨੀ ਵੀ ਮੌਜੂਦ ਸਨ।

# ਸਮਾਜ ਸੇਵਕ ਭਗਵਾਨ ਦਾਸ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ





**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਠੰਡਲ ਦੇ ਉੱਘੇ ਸਮਾਜ ਸੇਵਕ ਭਗਵਾਨ ਦਾਸ ਦਾ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਪੱਤਰਕਾਰ ਭਾਈਚਾਰਾ ਅਤੇ ਸਿਆਸੀ ਆਗੂਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੇ ਪੂਜਨੀਕ ਚਾਚਾ ਭਗਵਾਨ ਦਾਸ ਦਾ ਸੰਖੇਪ ਬੀਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਸੁਖਮਨੀ ਪਾਠ ਸਾਹਿਬ ਜੀ ਦੇ ਭੋਗ ਉਨਾਂ ਦੇ ਗ੍ਰਹਿ ਵਿਖੇ ਪਾਏ ਗਏ। ਗਏ। ਉਪਰੰਤ ਗੁਰਦੁਆਰਾ ਸਿੰਘ ਸਭਾ ਸਾਹਿਬ ਵਿਖੇ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਏ ਗਏ।ਜਿਸ ਵਿੱਚ ਭਾਈ ਬਲਵੀਰ ਸਿੰਘ ਟਾਂਡਾ ਨੇ ਵੈਰਾਗਮਈ ਕੀਰਤਨ ਕੀਤਾ ਗਿਆ।ਇਸ ਮੌਕੇ ਉੱਘੇ ਸਮਾਜ ਸੇਵਕ ਭਗਵਾਨ ਦਾਸ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਸ਼ਰਧਾਂਜਲੀ ਸਮਾਗਮ ਦੌਰਾਨ ਸਰਦਾਰ ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੇ ਹਰਮਨ ਪਿਆਰੇ ਚਾਚਾ ਭਗਵਾਨ ਦਾਸ ਦੀ ਅੰਤਿਮ ਅਰਦਾਸ ਵਿੱਚ ਰੱਖੇ ਗਏ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਤੇ ਹਾਜ਼ਰੀ ਭਰੀ ਅਤੇ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗੁਰੂ ਸਾਹਿਬ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਇਸ ਮੌਕੇ ਬੀਬੀ ਬਲਵੀਰ ਕੌਰ ਠੰਡਲ, ਮਲਕੀਅਤ ਸਿੰਘ ਠੰਡਲ, ਬੀਬੀ ਹਰਜਿੰਦਰ ਕੌਰ ਠੰਡਲ, ਰਵਿੰਦਰ ਸਿੰਘ ਠੰਡਲ, ਮਾਸਟਰ ਰਸ਼ਪਾਲ ਸਿੰਘ ਜਲਵੇੜਾ, ਜਰਨੈਲ ਸਿੰਘ ਖਾਲਸਾ ਬੱਡੋ, ਜਥੇਦਾਰ ਪਰਮਜੀਤ ਸਿੰਘ ਪੰਜੌੜ, ਜਸਵਿੰਦਰ ਸਿੰਘ ਨੰਗਲ ਠੰਡਲ, ਕਮਲਜੀਤ ਸਿੰਘ ਪੰਜੌੜ, ਲੰਬੜਦਾਰ ਭੁਪਿੰਦਰ ਸਿੰਘ, ਦਲਜੀਤ ਸਿੰਘ ਹਰਦੀਪ ਸਿੰਘ ਦੀਪਾ, ਪਰਮਜੀਤ ਸਿੰਘ ਰੱਕੜ ਆਦਿ ਹਾਜ਼ਰ ਸਨ।

## ਇੰਜੀਨੀਆਰ ਜਸਵਿੰਦਰ ਮਾਨ ਤੇ ਡਾ. ਦਵਿੰਦਰ ਬੋਹਾ ਨੂੰ ਸਦਮਾ



**ਬੋਹਾ (ਨਿਰੰਜਣ ਬੋਹਾ)**-ਪੰਜਾਬ ਮੰਡੀ ਬੋਰਡ ਦੇ ਸੇਵਾ ਮੁਕਤ ਕਾਰਜਕਾਰੀ ਇੰਜੀਨੀਅਰ ਸ੍. ਜਸਵਿੰਦਰ ਸਿੰਘ ਮਾਨ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਪਿਤਾ ਸ੍. ਹਰਨੇਕ ਸਿੰਘ ਮਾਨ (ਬੋਹਾ) ਦਾ ਦਿਹਾਂਤ ਹੋ ਗਿਆ।ਸ੍. ਹਰਨੇਕ ਸਿੰਘ ਮਾਨ ਭਾਸ਼ਾ ਵਿਭਾਗ ਮੋਹਾਲੀ ਦੇ ਸੇਵਾ-ਮੁਕਤ ਅਧਿਕਾਰੀ ਡਾ. ਦਵਿੰਦਰ ਸਿੰਘ ਬੋਹਾ ਦੇ ਤਾਇਆ ਜੀ ਤੇ ਮੇਰੇ ਅਧਿਆਪਕ ਸਨ।ਵੀਰਵਾਰ ਦੇ ਦਿਨ ਮੋਹਾਲੀ ਦੇ ਬਲੌਂਗੀ ਸਥਿਤ ਸ਼ਮਸ਼ਾਨਘਾਟ ਵਿੱਚ ਬਾਅਦ ਦੁਪਹਿਰ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।ਮੁੱਖ ਅਗਨੀ ਉਨ੍ਹਾਂ ਦੇ ਪੁੱਤਰ ਜਸਵਿੰਦਰ ਸਿੰਘ ਮਾਨ ਤੇ ਪੋਤਰੇ ਡਿਪਟੀ ਸੁਪਰਡੈਂਟ ਆਫ ਪੁਲਸ ਸ੍. ਜਸ਼ਨਪ੍ਰੀਤ ਸਿੰਘ ਮਾਨ ਨੇ ਦਿਖਾਈ।ਇਸ ਮੌਕੇ ਜਸਟਿਸ ਕੁਲਦੀਪ ਸਿੰਘ ਸਾਬਕਾ ਜੱਜ ਹਾਈ ਕੋਰਟ, ਆਰ. ਐੱਲ. ਮਹਿਮੀ ਸਾਬਕਾ ਸੈਸ਼ਨ ਜੱਜ, ਸ੍. ਸੁਰਜੀਤ ਸਿੰਘ ਰਿਟਾ. ਡੀ.ਆਈ.ਜੀ. ਵਿਜੀਲੈਂਸ ਪੰਜਾਬ, ਸੁਖਦੇਵ ਸਿੰਘ ਵਿਰਕ, ਐੱਸ.ਪੀ. ਰਿਟਾ. (ਅਰਬਾਈਡ ਵਰਲਡ), ਬਲਬੀਰ ਸਿੰਘ ਜੋਗਾ ਚੀਫ਼ ਇੰਜੀਨੀਅਰ, ਬਲਬੀਰ ਸਿੰਘ ਸਿੱਧੂ ਸਾਬਕਾ ਮੰਤਰੀ ਪੰਜਾਬ, ਇੰਦਰਜੀਤ ਕੌਸ਼ਿਕ ਰਜਿਸਟਰਾਰ ਲੋਕਪਾਲ, ਇੰਦਰਜੀਤ ਸਿੰਘ ਸਰਾਂ, ਸਾਬਕਾ ਡਾਇਰੈਕਟਰ ਡੇਅਰੀ ਵਿਕਾਸ ਪੰਜਾਬ, ਡਾ. ਦਵਿੰਦਰ ਬੋਹਾ ਰਿਟਾ. ਜ਼ਿਲ੍ਹਾ ਭਾਸ਼ਾ ਅਫਸਰ ਮੋਹਾਲੀ, ਗੁਰਫਤਿਹ ਸਿੰਘ ਸੰਧੂ, ਨਵਜੀਤ ਸਿੰਘ ਸੰਧੂ, ਸੁਖਦੇਵ ਸਿੰਘ ਗਿੱਲ ਐਕਸੀਅਨ ਰਿਟਾ., ਡਾ. ਗੁਰਮੀਤ ਕੌਰ ਮਨੋਵਿਗਿਆਨੀ ਤੋਂ ਇਲਾਵਾ ਪੰਜਾਬ ਮੰਡੀਬੋਰਡ ਦੀ ਰਿਟਾਇਰਡ ਐਸੋਸੀਏਸ਼ਨ ਵੱਲੋਂ ਸੇਵਾਮੁਕਤ ਰਵਿੰਦਰ ਸਿੰਘ ਗਿੱਲ ਮੁੱਖ ਇੰਜੀਨੀਅਰ, ਸ੍. ਦਲੀਪ ਸਿੰਘ ਸਿੱਧੂ ਸੁਪਰਡੰਟ, ਸ੍. ਸਵਰਨ ਸਿੰਘ ਸਰਕਲ ਐੱਚ.ਡੀ.ਐੱਸ., ਮਨਜੀਤ ਸਿੰਘ ਐੱਸ.ਡੀ.ਓ., ਯੂ.ਡੀ.ਐੱਸ. ਘੁੰਮਣ ਸੀ.ਜੀ.ਐੱਸ., ਜੀ.ਪੀ.ਐੱਸ. ਰੰਧਾਵਾ ਜੀ. ਐੱਮ. ਤੇ ਇੰਦਰਜੀਤ ਪ੍ਰੇਮੀ ਡਾਇਰੈਕਟਰ ਕੈਮਰਾਮੈਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ, ਜਿਨ੍ਹਾਂ ਮਾਨ ਪਰਵਾਰ ਨਾਲ ਸੰਵੇਦਨਾ ਪ੍ਰਗਟ ਕਰਕੇ ਸ੍. ਹਰਨੇਕ ਸਿੰਘ ਮਾਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ।

## ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਸ਼ੇਰਪੁਰ ਦੀ ਚੋਣ ਹੋਈ, ਮਿਸਤਰੀ ਨਾਹਰ ਸਿੰਘ ਦੂਜੀ ਵਾਰ ਪ੍ਰਧਾਨ ਚੁਣੇ



**ਸ਼ੇਰਪੁਰ (ਰਵੀ ਟਿੱਬਾ)**-ਕਸਬਾ ਸ਼ੇਰਪੁਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ ਦੀ ਚੋਣ ਹਰ ਸਾਲ ਦੀ ਤਾਂ ਇਸ ਸਾਲ ਵੀ ਸੰਗਤਾਂ ਦੀ ਹਾਜ਼ਰੀ ਵਿੱਚ ਕੀਤੀ ਗਈ ਪੋਹ ਮਹੀਨੇ ਦੀ ਸੰਗਰਾਂਦ ਤੇ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਸਾਲ ਦਾ ਲੇਖਾ ਜੋਖਾ ਸੰਗਤਾਂ ਨੂੰ ਗੁਰਦੁਆਰਾ ਸਾਹਿਬ ਦੇ ਸੈਕਟਰੀ ਹਰਵਿੰਦਰ ਸਿੰਘ ਮਿੰਟੂ ਵੱਲੋਂ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਸੰਗਤਾਂ ਇਕੱਤਰਤਾ ਵਿੱਚ ਮਿਸਤਰੀ ਨਾਹਰ ਸਿੰਘ ਨੂੰ ਦੂਜੀ ਵਾਰ ਗੁਰਦੁਆਰਾ ਸਾਹਿਬ ਦਾ ਪ੍ਰਧਾਨ ਬਣਾਇਆ ਗਿਆ। ਉਨ੍ਹਾਂ ਦੇ ਨਾਂਅ ਦੀ ਪੇਸ਼ਕਸ਼ ਸੂਬੇਦਾਰ ਜਰਨੈਲ ਸਿੰਘ, ਸੁਖਦੇਵ ਸਿੰਘ ਡਰਾਈਵਰ ਵੱਲੋਂ ਕੀਤੀ ਗਈ। ਇਸ ਤੋਂ ਬਾਅਦ ਸਮੂਹ ਸੰਗਤਾਂ ਵੱਲੋਂ ਪੁਰਾਣੀ ਕਮੇਟੀ ਜੋ ਪਹਿਲਾਂ ਕਾਰਜ ਕਰ ਰਹੀ ਹੈ, ਉਸ ਕਮੇਟੀ ਨੂੰ ਹੀ ਇੱਕ ਸਾਲ ਹੋਰ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਤੇ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਨਾਲ ਪੁਰਾਣੀ ਕਮੇਟੀ ਨੂੰ ਮਾਨਤਾ ਦਿੱਤੀ ਗਈ ਮਿਸਤਰੀ ਨਾਹਰ ਸਿੰਘ ਪ੍ਰਧਾਨ, ਮੀਤ ਪ੍ਰਧਾਨ ਲਾਲ ਸਿੰਘ ਲਾਲੀ, ਸੀਨੀਅਰ ਮੀਤ ਪ੍ਰਧਾਨ ਰਾਮਦਾਸ ਸਿੰਘ ਬਿੱਟੂ, ਜਨਰਲ ਸਕੱਤਰ ਹਰਵਿੰਦਰ ਸਿੰਘ ਮਿੰਟੂ, ਸਹਾਇਕ ਸਕੱਤਰ ਹਰਵਿੰਦਰ ਸਿੰਘ ਕੁੱਕੂ, ਖ਼ਜ਼ਾਨਚੀ ਜਰਨੈਲ ਸਿੰਘ ਫੌਜੀ, ਬਲਵਿੰਦਰ ਸਿੰਘ ਫੌਜੀ, ਗੁਰਮੀਤ ਸਿੰਘ ਧਾਲੀਵਾਲ, ਮੁੱਖ ਸਲਾਹਕਾਰ ਜਗਦੇਵ ਸਿੰਘ ਸੋਹਣਾ, ਸੂਬੇਦਾਰ ਜਰਨੈਲ ਸਿੰਘ, ਸੁਖਦੇਵ ਸਿੰਘ ਡਰਾਈਵ, ਪਾਲਕੀ ਸਾਹਿਬ ਦੇ ਡਰਾਈਵਰ ਜਸਪਾਲ ਸਿੰਘ ਬੰਗਾ, ਜਗਸੀਰ ਸਿੰਘ ਜੱਗੀ, ਮੈਂਬਰ ਜਸਪਾਲ ਸਿੰਘ ਬੀਰੀ, ਹਰਜਿੰਦਰ ਸਿੰਘ ਖੰਡਾ, ਅਮਰੀਕ ਸਿੰਘ, ਗੁਰਦੀਪ ਸਿੰਘ, ਜਗਤਾਰ ਸਿੰਘ, ਸੁਖਵਿੰਦਰ ਸਿੰਘ, ਲਸਮਣ ਸਿੰਘ ਲੱਛਾ, ਨੱਥਾ ਸਿੰਘ, ਅਮਰਜੀਤ ਸਿੰਘ ਜੱਸੀ, ਹੈਪੀ ਸਿੰਘ, ਚਮਕੌਰ ਸਿੰਘ ਗੋਗੀ, ਮਲਕੀਤ ਸਿੰਘ ਆਦਿ ਸਰਬਸੰਮਤੀ ਨਾਲ ਚੁਣੇ ਗਏ।

## ਭਾਰਤੀਯ ਅੰਬੇਡਕਰ ਮਿਸ਼ਨ ਦੀਆਂ ਸਾਰੀਆਂ ਇਕਾਈਆਂ ਭੰਗ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੀਆਂ ਰਾਸ਼ਟਰੀ, ਸੂਬਾ ਤੇ ਜ਼ਿਲ੍ਹਾ ਇਕਾਈਆਂ ਨੂੰ ਭੰਗ ਕਰ ਦਿੱਤਾ ਗਿਆ ਹੈ, ਜਿਸ ਦੀ ਘੋਸ਼ਣਾ ਮਿਸ਼ਨ ਦੇ ਕੌਮੀ ਪ੍ਰਧਾਨ ਸ੍ਰੀ ਦਰਸ਼ਨ ਸਿੰਘ ਕਾਂਗੜਾ ਵੱਲੋਂ ਭਾਰਤੀਯ ਅੰਬੇਡਕਰ ਮਿਸ਼ਨ ਦੇ ਮੁੱਖ ਦਫਤਰ ਵਿਖੇ ਕੀਤੀ ਗਈ ਕੌਮੀ ਪ੍ਰਧਾਨ ਨੇ ਇਹ ਵੀ ਐਲਾਨ ਕੀਤਾ ਕਿ ਮਿਸ਼ਨ ਦਾ ਨਵਾਂ ਢਾਂਚਾ 15 ਜਨਵਰੀ 26 ਤੋਂ ਪਹਿਲਾਂ ਪਹਿਲਾਂ ਬਣਾ ਲਿਆ ਜਾਵੇਗਾ। ਕੌਮੀ ਪ੍ਰਧਾਨ ਸ੍ਰੀ ਦਰਸ਼ਨ ਕਾਂਗੜਾ ਮਿਸ਼ਨ ਦੇ ਮੁੱਖ ਦਫਤਰ ਵਿਖੇ ਗੱਲਬਾਤ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਪਿਛਲੇ ਕਰੀਬ 28 ਸਾਲਾਂ ਤੋਂ ਅਨੁਸੂਚਿਤ ਜਾਤੀਆਂ ਦੇ ਨਾਲ-ਨਾਲ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਯਤਨਸ਼ੀਲ ਹੈ, ਜੋ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਸਥਾਈ ਹੱਲ ਉਨ੍ਹਾਂ ਦੇ ਹਿੱਤਾਂ 'ਤੇ ਪਹਿਰਾ ਦੇਣ। ਉਨ੍ਹਾਂ ਦੇ ਬੱਚਿਆਂ ਦਾ ਵਿੱਦਿਅਕ ਪੱਧਰ ਉੱਚਾ ਚੁੱਕਣ ਉਨ੍ਹਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਕਰਨ ਤੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਪੰਜਾਬ ਸਣੇ ਦੇਸ ਦੇ ਹੋਰ ਵੀ ਵੱਖ-ਵੱਖ ਸੂਬਿਆਂ ਅੰਦਰ ਕੰਮ ਕਰ ਰਿਹਾ ਹੈ।ਸ੍ਰੀ ਕਾਂਗੜਾ ਨੇ ਕਿਹਾ ਕਿ ਮਿਸ਼ਨ ਵੱਲੋਂ ਹਰ ਸਾਲ ਸਮਾਜ ਸੇਵਾ ਦਾ ਜਜ਼ਬਾ ਰੱਖਣ ਵਾਲੇ, ਅਗਾਂਹਵਧੂ ਸੋਚ ਰੱਖਣ ਵਾਲੇ ਤੇ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਸਾਥੀਆਂ ਨੂੰ ਮਿਸ਼ਨ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਵਿੱਚ ਜ਼ਿੰਮੇਵਾਰੀਆਂ ਦੇਣ ਲਈ ਹਰ ਸਾਲ ਨਵੀਂ ਟੀਮ ਦਾ ਗਠਨ ਕੀਤਾ ਜਾਂਦਾ ਹੈ।ਕੌਮੀ ਪ੍ਰਧਾਨ ਨੇ ਕਿਹਾ ਕਿ ਸਾਲ 2025 ਲਈ ਗਠਿਤ ਟੀਮ ਦੀ ਕਾਰਗੁਜ਼ਾਰੀ ਕਾਫੀ ਸ਼ਲਾਘਾਯੋਗ ਰਹੀ। ਹੁਣ ਸਾਲ 2026 ਲਈ ਨਵੀਂ ਟੀਮ ਦਾ ਐਲਾਨ 15 ਜਨਵਰੀ 2026 ਤੋਂ ਪਹਿਲਾਂ ਕਰ ਦਿੱਤਾ ਜਾਵੇਗਾ। ਸ੍ਰੀ ਕਾਂਗੜਾ ਨੇ ਕਿਹਾ ਕਿ ਮਿਸ਼ਨ ਵਿੱਚ ਸ਼ਾਮਲ ਹੋਣ ਲਈ ਜਾਂ ਮਿਸ਼ਨ ਦਾ ਹਿੱਸਾ ਬਣਨ ਲਈ ਕਿਸੇ ਵੀ ਤਰ੍ਹਾਂ ਦਾ ਕੋਈ ਜਾਤੀ ਬੰਧਨ ਨਹੀਂ ਹੈ।ਕਿਸੇ ਵੀ ਵਰਗ ਨਾਲ ਸਬੰਧਤ ਕੋਈ ਵੀ ਸਾਥੀ, ਚਾਹੇ ਉਹ ਔਰਤ ਹੋਵੇ ਜਾਂ ਮਰਦ, ਜੋ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਮੰਨਣ ਵਾਲੇ ਹਨ, ਉਹ ਮਿਸ਼ਨ ਦਾ ਹਿੱਸਾ ਬਣ ਸਕਦੇ ਹਨ।

## ਨੰਦੀਸ਼ਾਲਾ ਗਊਸ਼ਾਲਾ 'ਚ ਗਊ ਭਲਾਈ ਕੈਂਪ ਲਾਇਆ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪ੍ਰਜਾ)**-ਪੰਜਾਬ ਗਊ ਸੇਵਾ ਕਮਿਸ਼ਨ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇੱਕ ਗਊ ਭਲਾਈ ਕੈਂਪ ਨੰਦੀ ਨਸਲ ਸੁਧਾਰ ਗਊਸ਼ਾਲਾ ਕਮੇਟੀ ਗੁਰੂਹਸਾਏ ਰੋਡ, ਸਾਹਮਣੇ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਲਾਇਆ ਗਿਆ।ਕੈਂਪ ਦੌਰਾਨ ਗਊਆਂ ਦੇ ਇਲਾਜ ਲਈ ਗਊਸ਼ਾਲਾ ਨੂੰ 25000/- ਰੁਪਏ ਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ।ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਗੁਰਦਿੱਤ ਸਿੰਘ ਔਲਖ ਨੇ ਦੱਸਿਆ ਕਿ ਪਸ਼ੂਆਂ ਨੂੰ ਨਿਰੋਗ ਰੱਖਣ ਲਈ ਪਸ਼ੂ ਪਾਲਣ ਵਿਭਾਗ ਵੱਲੋਂ ਮੁਫ਼ਤ ਡੀਵਾਰਮਿੰਗ ਕੀਤੀ ਜਾਂਦੀ ਹੈ ਤੇ ਸਮੇਂ-ਸਮੇਂ 'ਤੇ ਬਿਮਾਰੀਆਂ ਤੋਂ ਬਚਾਅ ਲਈ ਵੈਕਸੀਨ ਕੀਤੀ ਜਾਂਦੀ ਹੈ।ਉਨ੍ਹਾਂ ਗਊਸ਼ਾਲਾ ਦੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਸਾਰੇ ਪਸ਼ੂਆਂ ਨੂੰ ਸਮੇਂ ਸਿਰ ਡੀਵਾਰਮਿੰਗ ਤੇ ਵੈਕਸੀਨੇਸ਼ਨ ਕਰਵਾਈ ਜਾਵੇ।ਸੀਨੀਅਰ ਵੈਟਰਨਰੀ ਅਫ਼ਸਰ ਡਾ. ਕੇਵਲ ਸਿੰਘ ਨੇ ਸਰਦੀ ਰੁੱਤ ਵਿੱਚ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਤੇ ਉਨ੍ਹਾਂ ਦੀ ਰੋਕਥਾਮ ਸਬੰਧੀ ਜਾਣੂ ਕਰਵਾਇਆ।ਡਾ. ਅਮਨਦੀਪ ਸਿੰਘ ਸੇਠੀ ਤੇ ਆਧਾਰਿਤ ਵੈਟਰਨਰੀ ਟੀਮ ਵੱਲੋਂ 26 ਪਸ਼ੂਆਂ ਦਾ ਮੁਆਇਨਾ ਕੀਤਾ ਗਿਆ।

## ਸ਼੍ਰੋਮਣੀ ਕਵੀਸ਼ਰ ਗੁਰਚਰਨ ਸਿੰਘ ਚੱਠਾ ਦਾ ਦੇਹਾਂਤ



**ਲੁਧਿਆਣਾ (ਰੈਕਟਰ ਕਥੂਰੀਆ)**-ਪੰਡਿਤ ਰਾਮ ਜੀ ਦਾਸ ਤੇ ਸੋਮ ਨਾਥ ਕਵੀਸ਼ਰ ਰੋੜੀਆਂ ਵਾਲਿਆਂ ਦੇ ਲੰਮਾ ਸਮਾਂ ਸਾਥੀ ਰਹੇ ਕਵੀਸ਼ਰੀ ਗੁਰਚਰਨ ਸਿੰਘ ਚੱਠਾ ਦੇ ਦੇਹਾਂਤ 'ਤੇ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।ਗੁਰਚਰਨ ਸਿੰਘ ਚੱਠਾ ਲੰਮਾ ਸਮਾਂ ਰੋੜੀਆਂ ਵਾਲੇ ਕਵੀਸ਼ਰਾਂ ਨਾਲ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲੇ 'ਤੇ ਇਲਾਵਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕਿਸਾਨ ਮੇਲਿਆਂ ਵਿੱਚ ਵੀ ਗਾਉਂਦੇ ਰਹੇ।ਉਨ੍ਹਾਂ ਦੀ ਗਾਈ ਇੱਕ ਕਵੀਸ਼ਰੀ 'ਅਸੀਂ ਪੱਟਤੇ ਟੈਲੀਵਿਜ਼ਨ ਨੇ, ਕਾਹਦਾ ਡੱਬਾ ਵਿਆਹਿਆ' ਨੂੰ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾ ਨੇ ਛਣਕਾਟਾ ਵਿੱਚ ਵੀ ਪੇਸ਼ ਕੀਤਾ।ਉਹ ਬੜੇ ਮਿਲਨਸਾਰ ਮਿਹਰਬਾਨ ਸੱਜਣ ਸਨ।ਮੇਰੀ ਉਨ੍ਹਾਂ ਨਾਲ ਆਖ਼ਰੀ ਮੁਲਾਕਾਤ 2024 'ਚ ਗੁਰਨਾਮ ਸਿੰਘ ਬਰਾੜ ਯਾਦਗਾਰੀ ਕਵੀਸ਼ਰੀ ਦਰਬਾਰ ਮੌਕੇ ਤਖ਼ਤੂਪੁਰਾ (ਮੋਗਾ) ਵਿੱਚ ਹੋਈ ਸੀ।ਉਨ੍ਹਾਂ ਦਾ ਸਪੁੱਤਰ ਕੁਲਦੀਪ ਸਿੰਘ ਚੱਠਾ ਪੰਜਾਬ ਪੁਲੀਸ 'ਚ ਹੋਣ ਦੇ ਨਾਲ ਨਾਲ ਕਵੀਸ਼ਰੀ ਤੇ ਬੁਲੰਦ ਪੰਜਾਬੀ ਗਾਇਕੀ 'ਚ ਪਛਾਣਯੋਗ ਚਿਹਰਾ ਹੈ।ਗੁਰਚਰਨ ਸਿੰਘ ਚੱਠਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਸਹਿਜ ਪਾਠ ਦਾ ਭੋਗ 19 ਦਸੰਬਰ ਨੂੰ ਦੁਪਹਿਰ ਕਰੀਬ 12 ਤੋਂ 1 ਵਜੇ ਗੁਰਦੁਆਰਾ ਜੇਠੀ ਸਰ ਸਾਹਿਬ ਪਿੰਡ ਕਲੇਰੀ (ਸੰਗਰੂਰ) ਵਿਖੇ ਪਾਇਆ ਜਾਵੇਗਾ।

## ਕੋਟਾਂ ਕਾਲਜ ਵਿਖੇ ਮਨੁੱਖੀ ਅਧਿਕਾਰ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ ਰਾਜਨੀਤੀ ਸ਼ਾਸਤਰ ਵਿਭਾਗ ਵੱਲੋਂ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਤ ਜਾਗਰੂਕਤਾ ਗਤੀਵਿਧੀ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਮਨੁੱਖੀ ਮਾਣ, ਸਮਾਨਤਾ ਤੇ ਵਿਅਕਤੀਗਤ ਆਜ਼ਾਦੀ ਦੀ ਰਾਖੀ ਦੇ ਮਹੱਤਵ ਨੂੰ ਉਜਾਗਰ ਕਰਨਾ ਸੀ। ਇਸ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮਨੁੱਖੀ ਅਧਿਕਾਰ ਦਿਵਸ ਦੇ ਇਤਿਹਾਸ ਤੇ ਸਾਰਥਕਤਾ ਬਾਰੇ ਚਰਚਾ ਕੀਤੀ ਗਈ, ਜੋ ਕਿ 1948 ਵਿੱਚ ਮਨੁੱਖੀ ਅਧਿਕਾਰਾਂ ਦੇ ਵਿਸ਼ਵਵਿਆਪੀ ਐਲਾਨਨਾਮੇ ਨੂੰ ਅਪਣਾਉਣ ਲਈ 10 ਦਸੰਬਰ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਰਾਜਨੀਤੀ ਸ਼ਾਸਤਰ ਵਿਭਾਗ ਦੇ ਪ੍ਰੋਫੈਸਰ ਨਵਦੀਪ ਕੌਰ ਨੇ ਮੌਲਿਕ ਅਧਿਕਾਰਾਂ ਦੇ ਸਥਾਈ ਮਹੱਤਵ 'ਤੇ ਜ਼ੋਰ ਦਿੰਦਿਆਂ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣੇ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਸੰਵਿਧਾਨਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਤੇ ਹਰ ਤਰ੍ਹਾਂ ਦੇ ਵਿਤਕਰੇ ਦੇ ਵਿਰੁੱਧ ਖੜ੍ਹੇ ਹੋਣ ਲਈ ਵੀ ਕਿਹਾ। ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕੀਤੀ ਤੇ ਵਿਦਿਆਰਥੀਆਂ ਵਿੱਚ ਜਾਗਰੂਕਤਾ ਤੇ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਤ ਕਰਨ ਵਾਲੀਆਂ ਅਜਿਹੀਆਂ ਪਹਿਲਕਦਮੀਆਂ ਨੂੰ ਜਾਰੀ ਰੱਖਣ ਲਈ ਆਪਣੀ ਵਚਨਬੱਧਤਾ ਪ੍ਰਗਟ ਕੀਤੀ।

# ਜੀ ਬੀ ਇੰਟਰਨੈਸ਼ਨਲ ਸਕੂਲ ਦੇ ਫੇਟ ਸਮਾਰੋਹ 'ਚ ਨਜ਼ਰ ਆਈ ਭਾਰਤ ਦੀ ਏਕਤਾ ਤੇ ਵਿਭਿੰਨਤਾ



**ਨਾਭਾ (ਵਰਿੰਦਰ ਵਰਮਾ)**

ਸਥਾਨਕ ਜੀ ਬੀ ਇੰਟਰਨੈਸ਼ਨਲ ਸਕੂਲ ਵਿੱਚ ਸਕੂਲ ਚੇਅਰਮੈਨ ਸੰਦੀਪ ਬਾਂਸਲ ਤੇ ਸਕੂਲ ਨਿਰਦੇਸ਼ਿਕਾ ਸ੍ਰੀਮਤੀ ਅੰਸ਼ੂ ਬਾਂਸਲ ਦੀ ਅਗਵਾਈ ਹੇਠ ਕਰਵਾਏ ਫੇਟ ਸਮਾਰੋਹ ਨੇ ਖੁਸ਼ੀਆਂ ਦਾ ਮਹਾਉਤਸਵ ਰਚ ਦਿੱਤਾ।ਇਸ ਦੌਰਾਨ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਸਾਬਕਾ ਵਿਧਾਇਕ ਰਮੇਸ਼ ਸਿੰਗਲਾ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ।ਇਸ ਤੋਂ ਇਲਾਵਾ ਸ੍ਰੀ ਦਵਿੰਦਰ ਅੱਤਰੀ (ਐੱਸ ਪੀ ਇਨਵੈਸਟੀਗੇਸ਼ਨ, ਸੰਗਰੂਰ) ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਪ੍ਰੋਗਰਾਮ ਦਾ ਸ਼ੁਭ-ਆਰੰਭ ਮੁੱਖ ਮਹਿਮਾਨ ਵੱਲੋਂ ਦੀਪ ਜਗਾ ਕੇ ਕੀਤਾ ਗਿਆ।ਇਸ ਉਪਰੰਤ ਵਿਦਿਆਰਥੀਆਂ ਵੱਲੋਂ ਭਾਰਤ ਦੇ ਵੱਖ-ਵੱਖ ਰਾਜਾਂ ਨਾਲ ਸੰਬੰਧਤ ਲੋਕਨਾਚਾਂ ਤੇ ਸੰਗੀਤ ਦੀਆਂ ਸ਼ਾਨਦਾਰ ਪੇਸ਼ਕਾਰੀਆਂ ਨੇ 'ਏਕਤਾ ਵਿੱਚ ਵਿਭਿੰਨਤਾ' ਦੀ ਭਾਵਨਾ ਨੂੰ ਮਜ਼ਬੂਤੀ ਨਾਲ ਦਰਸਾਇਆ।ਇਸ ਤੋਂ ਇਲਾਵਾ ਵਿਦਿਆਰਥੀਆਂ ਨੇ 'ਮਲਵਈ ਗਿੱਧਾ' ਦੀ ਪੇਸ਼ਕਾਰੀ 'ਤੇ ਦਰਸ਼ਕਾਂ ਤੋਂ ਖੂਬ ਤਾੜੀਆਂ ਬਟੋਰੀਆਂ।ਇਸ ਉਪਰੰਤ ਮੁੱਖ ਮਹਿਮਾਨ ਸ੍. ਗੁਰਦੇਵ ਸਿੰਘ ਦੇਵ ਮਾਨ ਨੇ ਰਾਜ-ਵਾਰ ਸਟਾਲਾਂ ਨੂੰ ਆਧਿਕਾਰਕ ਤੌਰ 'ਤੇ ਸ਼ੁਰੂ ਕਰਨ ਦੀ ਘੋਸ਼ਣਾ ਕੀਤੀ।ਫੇਟ ਵਿੱਚ ਭਾਰਤ ਦੇ ਵੱਖ-ਵੱਖ ਰਾਜਾਂ ਦੇ ਸਟਾਲ ਲਗਾਏ ਗਏ, ਜਿਨ੍ਹਾਂ ਵਿੱਚ ਪੰਜਾਬ, ਰਾਜਸਥਾਨ, ਗੁਜਰਾਤ, ਹਿਮਾਚਲ, ਹਰਿਆਣਾ ਆਦਿ ਦੀ ਸੰਸਕ੍ਰਿਤੀ, ਲੋਕਕਲਾ ਤੇ ਵਿਅੰਜਨ ਪ੍ਰਦਰਸ਼ਿਤ ਕੀਤੇ ਗਏ। ਬੱਚਿਆਂ ਲਈ ਤਿਆਰ ਕੀਤਾ ਗਿਆ ਰੋਮਾਂਚਕ ਐਡਵੈਂਚਰਸ ਜ਼ੋਨ, ਜਿਸ ਵਿੱਚ ਛੋਟੇ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਸੁਰੱਖਿਅਤ ਤੇ ਮਨੋਰੰਜਕ ਗਤੀਵਿਧੀਆਂ ਦੀ ਵਿਵਸਥਾ ਕੀਤੀ ਗਈ ਸੀ, ਫੇਟ ਦਾ ਮੁੱਖ ਆਕਰਸ਼ਣ ਰਿਹਾ।ਇਸ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਬੱਚਿਆਂ ਦੇ ਨਾਲ-ਨਾਲ ਵੱਡਿਆਂ ਨੂੰ ਵੀ ਆਪਣੇ ਵੱਲ ਖਿੱਚਦੀਆਂ ਨਜ਼ਰ ਆਈਆਂ।ਮਾਪਿਆਂ ਲਈ ਆਯੋਜਿਤ ਤੰਬੋਲਾ ਗੇਮ ਨੇ ਵੀ ਪ੍ਰੋਗਰਾਮ ਵਿੱਚ ਖਾਸ ਰੰਗ ਭਰ ਦਿੱਤਾ।ਫੇਟ ਦੌਰਾਨ ਆਯੋਜਿਤ ਲੱਕੀ ਡ੍ਰਾਅ ਨੇ ਸਮਾਰੋਹ ਵਿੱਚ ਹੋਰ ਵੀ ਉਤਸ਼ਾਹ ਭਰ ਦਿੱਤਾ, ਜਿਸ ਵਿੱਚ ਇਲੈਕਟ੍ਰਿਕ ਸਕੂਟੀ ਸਮੇਤ 28 ਤੋਂ ਵੱਧ ਆਕਰਸ਼ਕ ਇਨਾਮਾਂ ਦੀ ਘੋਸ਼ਣਾ ਕੀਤੀ ਗਈ।ਫੇਟ ਦੀ ਰੌਣਕ ਉਸ ਵੇਲੇ ਹੋਰ ਵਧ ਗਈ, ਜਦੋਂ ਲੱਕੀ ਡ੍ਰਾਅ ਵਿੱਚ ਜੀ ਬੀ ਆਈ ਐੱਸ ਦੀ ਪੰਜਵੀਂ ਕਲਾਸ ਦੀ ਭਾਗਾਂਵਾਲੀ ਵਿਦਿਆਰਥਣ ਪ੍ਰਭਵੀਰ ਕੌਰ ਨੇ ਪਹਿਲੇ ਇਨਾਮ ਵਜੋਂ ਇਲੈਕਟ੍ਰਿਕ ਸਕੂਟੀ ਹਾਸਲ ਕੀਤੀ।ਇਸ ਤੋਂ ਬਾਅਦ ਖੇਡਕੁੱਦ ਤੇ ਵਿੱਦਿਅਕ ਉਪਲਬਧੀਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਸ੍. ਗੁਰਦੇਵ ਸਿੰਘ ਦੇਵ ਮਾਨ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜੀ ਬੀ ਆਈ ਐੱਸ ਵੱਲੋਂ ਆਯੋਜਿਤ ਇਸ ਸਮਾਰੋਹ ਨੇ ਵਿਦਿਆਰਥੀਆਂ ਵਿੱਚ ਸੱਭਿਆਚਾਰਕ ਮੁੱਲਾਂ ਪ੍ਰਤੀ ਸਨਮਾਨ ਤੇ ਰਚਨਾਤਮਕਤਾ ਦਾ ਵਿਕਾਸ ਕੀਤਾ ਹੈ। ਸਮਾਪਨ ਸਮਾਰੋਹ ਮੌਕੇ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਆਯੋਜਨ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਰਚਨਾਤਮਕਤਾ ਤੇ ਸੱਭਿਆਚਾਰਕ ਚੇਤਨਾ ਨੂੰ ਉਤਸ਼ਾਹਤ ਕਰਦੇ ਹਨ।ਸਕੂਲ ਦੀ ਵਾਈਸ ਪ੍ਰਿੰਸੀਪਲ ਸ੍ਰੀਮਤੀ ਦਿਵਿਆ ਸ਼ਰਮਾ ਨੇ ਕਿਹਾ ਕਿ ਇਸ ਪ੍ਰੋਗਰਾਮ ਨੇ ਬੱਚਿਆਂ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਵਿੱਚ ਮਦਦ ਕੀਤੀ ਹੈ। ਇਸ ਮੌਕੇ ਪ੍ਰਥਮ ਬਾਂਸਲ, ਰਮੇਸ਼ ਗਰਗ, ਰਾਕੇਸ਼ ਗਰਗ, ਸਤੀਸ਼ ਗਰਗ ਤੇ ਮੋਂਟੂ ਪਹੂਜਾ (ਐੱਮ ਸੀ, ਨਾਭਾ) ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਆਲ ਇੰਡੀਆ ਮੀਆਂਵਾਲੀ ਡਿਸਟ੍ਰਿਕ ਐਸੋਸੀਏਸ਼ਨ ਵੱਲੋਂ ਖੂਨਦਾਨ ਕੈਂਪ ਤੇ ਪਰਵਾਰ ਮਿਲਣ ਸਮਾਰੋਹ

### ਮੁੱਖ ਮਹਿਮਾਨ, ਹੋਣਹਾਰ ਬੱਚਿਆਂ ਤੇ ਬਜ਼ੁਰਗਾਂ ਨੂੰ ਕੀਤਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਆਲ ਇੰਡੀਆ ਮੀਆਂਵਾਲੀ ਡਿਸਟ੍ਰਿਕ ਐਸੋਸੀਏਸ਼ਨ ਇਕਾਈ ਨਾਭਾ ਪ੍ਰਧਾਨ ਜਸਪਾਲ ਜੁਨੇਜਾ ਦੀ ਅਗਵਾਈ ਹੇਠ ਪਰਵਾਰ ਮਿਲਣ ਸਮਾਰੋਹ ਕੀਤਾ ਗਿਆ। ਪ੍ਰਧਾਨ ਜਸਪਾਲ ਜੁਨੇਜਾ ਨੇ ਦੱਸਿਆ ਕਿ ਇਸ ਮੌਕੇ ਮਾਨਵ ਸੇਵਾ ਉੱਤਮ ਸੇਵਾ ਸੰਸਥਾ ਸਟੇਟ ਐਵਾਰਡੀ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਾਇਨਜ਼ ਕਲੱਬ ਸਿਨੇਮਾ ਰੋਡ ਵਿਖੇ ਲਗਾਇਆ ਗਿਆ।ਉਨ੍ਹਾਂ ਕਿਹਾ ਕਿ ਇਸ ਪਰਵਾਰ ਮਿਲਣ ਸਮਾਰੋਹ ਵਿੱਚ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਸਮਾਰੋਹ ਦੌਰਾਨ ਮੁੱਖ ਮਹਿਮਾਨ, ਹੋਣਹਾਰ ਬੱਚਿਆਂ ਤੇ ਬਜ਼ੁਰਗਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਜਸਪਾਲ ਜੁਨੇਜਾ ਨੇ ਕਿਹਾ ਕਿ ਖੂਨਦਾਨ ਕੈਂਪ ਵਿੱਚ ਸਿਵਲ ਹਸਪਤਾਲ ਬਲੱਡ ਬੈਂਕ ਡਾ. ਹੀਨਾ ਸਿੰਗਲਾ, ਰਜਿੰਦਰ ਸਿੰਘ ਚੋਪੜਾ, ਨਾਭਾ ਦੀ ਟੀਮ ਵੱਲੋਂ ਖੂਨਦਾਨੀਆਂ ਤੋਂ ਖੂਨ ਇਕੱਤਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਸਮਾਰੋਹ ਦੇ ਮੁੱਖ ਮਹਿਮਾਨ ਸ੍ਰੀ ਐੱਸ. ਕੇ. ਗੁਲਾਟੀ (ਐਡਵੋਕੇਟ) ਚੇਅਰਮੈਨ ਗਵਰਨਿੰਗ ਬਾਡੀ ਏਆਈਐੱਮਡੀਏ (ਦਿੱਲੀ) ਅਤੇ ਸ੍ਰੀਮਤੀ ਲਕਸ਼ਮੀ ਗੁਲਾਟੀ ਮਹਿਲਾ ਵਿੰਗ ਏਆਈਐੱਮਡੀਏ (ਦਿੱਲੀ) ਚੇਅਰਪਰਸਨ, ਵਿਸ਼ੇਸ਼ ਮਹਿਮਾਨ ਬੀ. ਐੱਸ. ਭੱਠਲ (ਪ੍ਰਬੰਧ ਨਿਦੇਸ਼ਕ ਬ੍ਰਿਸਟੋ ਸੁਰੱਖਿਆ ਸਿਸਟਮ) ਉਨ੍ਹਾਂ ਦੀ ਸੁਪਤਨੀ ਅਮਨ ਭੱਠਲ ਤੇ ਬੇਟੀ ਤੇਜਕਿਰਨ ਰੰਧਾਵਾ ਅਤੇ ਸ੍. ਚਰਨ ਸਿੰਘ ਐੱਮ ਡੀ ਮਲਕੀਤ ਕੰਬਾਈਨ ਨਾਭਾ ਨੇ ਸ਼ਿਰਕਤ ਕੀਤੀ।ਉਨ੍ਹਾਂ ਸਾਂਝੇ ਤੌਰ 'ਤੇ ਕਿਹਾ ਕਿ ਆਲ ਇੰਡੀਆ ਮੀਆਂਵਾਲੀ ਡਿਸਟ੍ਰਿਕ ਐਸੋਸੀਏਸ਼ਨ ਇਕਾਈ ਨਾਭਾ ਵੱਲੋਂ ਖੂਨਦਾਨ ਕੈਂਪ ਤੇ ਪਰਵਾਰ ਮਿਲਣ ਸਮਾਰੋਹ ਦਾ ਆਯੋਜਨ ਕੀਤਾ ਜਾਣਾ ਬਹੁਤ ਵਧੀਆ ਉਪਰਾਲਾ ਹੈ, ਹਰ ਇਨਸਾਨ ਨੂੰ ਖੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਅਸੀਂ ਕਿਸੇ ਦੀ ਜ਼ਿੰਦਗੀ ਬਚਾ ਸਕੀਏ।

ਇਸ ਮੌਕੇ ਵਿਕਾਸ ਮਿੱਤਲ, ਸੁਨੀਲ ਗੁਪਤਾ, ਅੰਕੁਰ ਸਿੰਗਲਾ, ਵਰੁਣ ਸਿੰਗਲਾ, ਦੀਪਕ ਜੌਲੀ, ਵਾਈਸ ਪ੍ਰਧਾਨ ਹੰਸ ਰਾਜ, ਜਰਨਲ ਸਕੱਤਰ ਦਵਿੰਦਰ ਮੋਹਨ ਖੇਤਰਪਾਲ, ਕੈਸ਼ੀਅਰ ਗਣੇਸ਼ ਜੇਤਵਾਨੀ, ਜੁਆਇੰਟ ਸਕੱਤਰ ਅਸ਼ਵਨੀ ਸਚਦੇਵਾ, ਪ੍ਰੈੱਸ ਸਕੱਤਰ ਸੰਜੇ ਢੀਂਗਰਾ, ਜਤਿੰਦਰ ਪਾਲ ਸ਼ਾਹ, ਦੀਪਕ ਕਾਮਰਾ, ਗੁਲਸ਼ਨ ਵਰਮਾ, ਗੁਲਸ਼ਨ ਢੀਂਗਰਾ, ਨੰਦ ਲਾਲ ਜੈਤਵਾਨੀ, ਯਸ਼ਪਾਲ ਗੁਲਾਟੀ, ਰਮੇਸ਼ ਖੰਨਾ, ਸੁਨੀਲ ਮਹਿੰਦੀਰੱਤਾ, ਮੁਕੇਸ਼ ਗੁਲਾਟੀ, ਪੂਰਨ ਚੰਦ, ਗੁਲਸ਼ਨ ਭਾਟੀਆ, ਓ ਪੀ ਬਾਂਗਾ, ਦਰਸ਼ਨ ਅਰੋੜਾ ਸਾਹਿਲ ਗੁਪਤਾ, ਸੁਮਿਤ ਗੋਇਲ ਸ਼ੈਟੀ, ਜਸਦੀਪ ਨਰੂਲਾ, ਅਸੀਮ ਗੋਇਲ, ਰਾਜ ਕੁਮਾਰ ਜਤਵਾਨੀ, ਰਾਮ ਕ੍ਰਿਸ਼ਨ ਭੱਲਾ, ਇੰਦਰਮੋਹਨ ਕਾਮਰਾ, ਇੰਦਰਜੀਤ ਨਰੂਲਾ, ਗੌਰਵ ਭਾਟੀਆ ਆਦਿ ਹਾਜ਼ਰ ਸਨ।

# ਮਾਛੀਵਾੜਾ ਖਾਮ ਦੇ ਨਿਵਾਸੀਆਂ ਨੇ ਦਿੱਤਾ ਏਕਤਾ ਦਾ ਸੁਨੇਹਾ



ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਖੇ ਪੋਲਿੰਗ ਬੂਥ 'ਤੇ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਲਈ ਆਪਣੀ ਵੋਟ ਪਾਉਣ ਉਪਰੰਤ ਨਿਸ਼ਾਨ ਦਿਖਾਉਂਦੇ ਹੋਏ। (ਫੋਟੋ : ਵਰਿੰਦਰ ਵਰਮਾ, ਨਾਭਾ)



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਖੇਤਰ ਦੇ ਪਿੰਡ ਮਾਛੀਵਾੜਾ ਖਾਮ ਦੇ ਨਿਵਾਸੀਆਂ ਨੇ ਅੱਜ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਵੋਟਾਂ ਵਾਲੇ ਦਿਨ ਇੱਕ ਭਾਈਚਾਰਕ ਏਕਤਾ ਦਾ ਸੁਨੇਹਾ ਦਿੰਦਿਆਂ ਇੱਕ ਸਾਂਝਾ ਬੂਥ ਲਗਾਇਆ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਚੋਣਾਂ ਵਾਲੇ ਦਿਨ ਸਿਆਸੀ ਪਾਰਟੀਆਂ ਆਪਣੇ ਵੱਖੋ-ਵੱਖਰੇ ਬੂਥ ਲਗਾਉਂਦੀਆਂ ਹਨ ਤਾਂ ਜੋ ਇਥੇ ਆ ਕੇ ਉਨ੍ਹਾਂ ਦੇ ਸਮਰਥਕ ਵੋਟ ਪਰਚੀ ਲੈ ਕੇ ਅੰਦਰ ਆਪਣੀ ਵੋਟ ਦਾ ਇਸਤੇਮਾਲ ਕਰ ਸਕਣ। ਪੋਲਿੰਗ ਬੂਥ ਦੇ ਬਾਹਰ ਲੱਗੇ ਚੋਣ ਬੂਥਾਂ 'ਤੇ ਜਿਹੜੀ ਸਿਆਸੀ ਪਾਰਟੀ ਦੇ ਬੂਥ 'ਤੇ ਜ਼ਿਆਦਾ ਰੌਣਕ ਹੁੰਦੀ ਹੈ ਤਾਂ ਉੱਥੋਂ ਪਤਾ ਲੱਗ ਜਾਂਦਾ ਹੈ ਕਿ ਪਿੰਡ 'ਚ ਕਿਸ ਪਾਰਟੀ ਦਾ ਅਧਾਰ ਹੈ। ਚੋਣਾਂ ਕਰਕੇ ਪਿੰਡਾਂ ਵਿਚ ਵੱਖਰੇ ਵੱਖਰੇ ਧੜੇ ਬਣ ਜਾਂਦੇ ਹਨ, ਪਰ ਅੱਜ ਮਾਛੀਵਾੜਾ ਖਾਮ ਦੇ ਸਿਆਸੀ ਪਾਰਟੀਆਂ ਨਾਲ ਸਬੰਧਤ ਆਗੂਆਂ ਨੇ ਭਾਈਚਾਰਕ ਸਾਂਝ ਦਾ ਸਬੂਤ ਦਿੰਦਿਆਂ ਇੱਕ ਬੂਥ ਲਗਾ ਦਿੱਤਾ, ਜਿੱਥੇ ਸਾਰੇ ਇਕੱਠੇ ਹੋ ਕੇ ਬੈਠੇ ਤੇ ਆਪਣੇ ਸਮਰਥਕਾਂ ਨੂੰ ਪਰਚੀਆਂ ਵੰਡੀਆਂ।

ਇਸ ਚੋਣ ਬੂਥ 'ਤੇ ਆਮ ਆਦਮੀ ਪਾਰਟੀ ਦੇ ਆਗੂ, ਭਾਜਪਾ, ਅਕਾਲੀ ਦਲ ਤੇ ਕਾਂਗਰਸੀ ਆਗੂਆਂ ਨੇ ਕਿਹਾ ਕਿ 75 ਸਾਲਾਂ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਮਾਛੀਵਾੜਾ ਖਾਮ ਵਿੱਚ ਚੋਣਾਂ ਦੌਰਾਨ ਇੱਕ ਸਾਂਝਾ ਬੂਥ ਲੱਗਿਆ ਹੋਵੇ। ਉਨ੍ਹਾਂ ਕਿਹਾ ਕਿ ਵੋਟਾਂ ਲੰਘ ਜਾਂਦੀਆਂ ਹਨ, ਪਰ ਪਿੰਡ ਵਿੱਚ ਇਹ ਵੋਟਾਂ ਧੜੇਬਾਜ਼ੀ ਐਨੀ ਵੱਡੀ ਪੈਦਾ ਕਰ ਦਿੰਦੀ ਹੈ ਕਿ ਪਾਰਟੀ ਸਮਰਥਕ ਹੀ ਇੱਕ ਦੂਜੇ ਨੂੰ ਕਈ-ਕਈ ਸਾਲ ਬੁਲਾਉਂਦੇ ਤੱਕ ਨਹੀਂ। ਉਨ੍ਹਾਂ ਕਿਹਾ ਕਿ ਪਿੰਡ ਵਿੱਚ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਵੋਟਾਂ ਦੌਰਾਨ 75 ਸਾਲ ਬਾਅਦ ਸਾਂਝਾ ਬੂਥ ਲੱਗਿਆ ਹੈ ਤੇ ਅਸੀਂ ਬਾਕੀ ਪਿੰਡਾਂ ਦੇ ਲੋਕਾਂ ਨੂੰ ਵੀ ਸੁਨੇਹਾ ਦਿੰਦੇ ਹਾਂ ਕਿ ਉਹ ਵੋਟਾਂ ਦੀ ਧੜੇਬੰਦੀ ਛੱਡ ਭਾਈਚਾਰਕ ਏਕਤਾ ਬਣਾ ਕੇ ਰੱਖਣ।

## ਪੰਜਾਬੀ ਸਾਹਿਤ ਅਕਾਦਮੀ ਵੱਲੋਂ ਮਾਤਾ ਤੇਜ ਕੌਰ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ

**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਦੇ ਮੈਂਬਰਾਂ ਤੇ ਸਮੂਹ ਮੈਂਬਰਾਂ ਵੱਲੋਂ ਅਕਾਦਮੀ ਦੇ ਜੀਵਨ ਮੈਂਬਰ ਅਤੇ ਪ੍ਰੈੱਸ ਸਕੱਤਰ ਸ੍ਰੀ ਜਸਵੀਰ ਝੱਜ ਦੇ ਮਾਤਾ ਸ੍ਰੀਮਤੀ ਤੇਜ ਕੌਰ ਦੇ ਦੇਹਾਂਤ 'ਤੇ ਡੂੰਘੇ ਦੁੱਖ 'ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਤਾ ਤੇਜ ਕੌਰ ਦੇ ਹੁੰਦਿਆਂ ਜਸਵੀਰ ਝੱਜ ਸਮੇਤ ਸਮੁੱਚਾ ਪਰਵਾਰ ਉਨ੍ਹਾਂ ਦੀ ਮਿਹਨਤ ਤੇ ਪਰਵਰਿਸ਼ ਸਦਕਾ ਸਮਾਜ ਵਿੱਚ ਆਪਣੀ ਸਨਮਾਨਯੋਗ ਥਾਂ ਬਣਾ ਸਕਿਆ ਹੈ।



ਉਹ 91ਵੇਂ ਤੋਂ ਵੱਧ ਵਰ੍ਹਿਆਂ ਦੀ ਖੁਸ਼ਹਾਲ ਤੇ ਤੰਦਰੁਸਤ ਉਮਰ ਜੀਵੇ।ਮਹੀਨੇ ਕੁ ਤੋਂ ਉਹ ਬਿਮਾਰ ਸਨ, ਜਿਸ ਕਰਕੇ ਹਸਪਤਾਲ ਦਾਖਲ ਕਰਵਾਉਣੇ ਪਏ, ਵਡੇਰੀ ਉਮਰ ਕਰਕੇ ਉਹ ਬਿਮਾਰੀ 'ਤੇ ਕਾਬੂ ਨਾ ਪਾ ਸਕੇ।ਅੰਤ 14 ਦਸੰਬਰ ਸਵੇਰੇ ਉਨ੍ਹਾਂ ਦੇ ਸਵਰਗਵਾਸ ਹੋਣ ਦੀ ਸੂਚਨਾ ਮਿਲੀ ਹੈ।ਪ੍ਰਬੰਧਕੀ ਬੋਰਡ ਦੀ ਮੀਟਿੰਗ ਵਿੱਚ ਬਕਾਇਦਾ ਸ਼ਰਧਾਂਜਲੀ ਅਰਪਣ ਕੀਤੀ ਗਈ।ਸ੍ਰੀਮਤੀ ਤੇਜ ਕੌਰ ਜੀ ਦੇ ਦੇਹਾਂਤ ਨਾਲ ਪਰਵਾਰ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ।ਅਫ਼ਸੋਸ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਪਾਲ ਕੌਰ, ਡਾ. ਅਨੂਪ ਸਿੰਘ, ਸੁਰਿੰਦਰ ਕੈਲੇ, ਡਾ. ਜੋਗਿੰਦਰ ਸਿੰਘ ਨਿਰਾਲਾ, ਬਲਬੀਰ ਮਾਧੋਪੁਰੀ, ਡਾ. ਗੁਰਇਕਬਾਲ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿੰਘ, ਤ੍ਰੈਲੋਚਨ ਲੋਚੀ, ਜਸਪਾਲ ਮਾਨਖੇੜਾ, ਜਨਮੇਜਾ ਸਿੰਘ ਜੌਹਲ, ਡਾ. ਹਰੀ ਸਿੰਘ ਜਾਚਕ, ਸਹਿਜਪ੍ਰੀਤ ਸਿੰਘ ਮਾਂਗਟ, ਸ਼ਬਦੀਸ਼, ਸੰਜੀਵਨ ਸਿੰਘ, ਨਰਿੰਦਰਪਾਲ ਕੌਰ, ਵਾਹਿਦ (ਸਤਿਨਾਮ ਸਿੰਘ), ਸੰਤੋਖ ਸਿੰਘ ਸੁੱਖੀ, ਡਾ. ਹਰਜਿੰਦਰ ਸਿੰਘ, ਕੰਵਰਜੀਤ ਭੱਠਲ, ਪ੍ਰੋ. ਸਰਘੀ, ਪ੍ਰੇਮ ਸਾਹਿਲ, ਪ੍ਰੋ. ਬਲਵਿੰਦਰ ਸਿੰਘ ਚਹਿਲ, ਕਰਮਜੀਤ ਸਿੰਘ ਗਰੇਵਾਲ ਤੇ ਵਰਗਿਸ ਸਲਾਮਤ ਸਮੇਤ ਸਮੂਹ ਮੈਂਬਰ ਸ਼ਾਮਲ ਸਨ।

## ਬਲਾਕ ਪੱਧਰੀ ਲੋਕ ਗੀਤ ਤੇ ਨਾਚ ਮੁਕਾਬਲਿਆਂ 'ਚ ਪੰਜਾਬ ਸਕੂਲ ਅੱਵਲ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ, ਜੋ ਸੰਸਥਾ ਦੇ ਬਾਨੀ ਪ੍ਰਿੰਸੀਪਲ ਸ੍. ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਯੋਗ ਅਤੇ ਸੁਚੱਜੀ ਅਗਵਾਈ ਵਿੱਚ ਨਿੱਤ-ਨਵੀਆਂ ਪੁਲਾਂਘਾਂ ਪੁੱਟ ਰਹੀ ਹੈ, ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਯਤਨਾਂ ਦੁਆਰਾ ਮਾਣਯੋਗ ਜ਼ਿਲ੍ਹਾ ਸਿੱਖਿਆ ਅਫਸਰ ਆਸ਼ੀਸ਼ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਬਲਾਕ ਪੱਧਰੀ ਪ੍ਰਤਿਭਾ-ਖੋਜ ਸਹਿ-ਵਿੱਦਿਅਕ ਮੁਕਾਬਲੇ 2025-26 ਕਰਵਾਏ ਗਏ, ਜਿਸ ਵਿੱਚ ਬਲਾਕ ਪੱਧਰ ਦੇ ਸਾਰੇ ਪ੍ਰਾਈਵੇਟ ਤੇ ਸਰਕਾਰੀ ਸਕੂਲਾਂ ਨੇ ਭਾਗ ਲਿਆ।

ਇਸ ਮੁਕਾਬਲੇ ਵਿੱਚ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਨੇ ਲੋਕ ਗੀਤ ਤੇ ਲੋਕ-ਨਾਚ (ਗਿੱਧੇ) ਵਿੱਚ ਪਹਿਲਾ ਤੇ ਝੂੰਮਰ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਜੱਜਮੈਂਟ ਦੀ ਭੂਮਿਕਾ ਮੈਡਮ ਪਰਮਜੀਤ ਕੌਰ, ਰੁਪਿੰਦਰ ਕੌਰ, ਜਸਵੀਰ ਕੌਰ ਤੇ ਲੈਕਚਰਾਰ ਸੁਖਚੈਨ ਸਿੰਘ ਤੇ ਰਾਜਵਿੰਦਰ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਪ੍ਰਤੀਯੋਗੀ ਵਿਦਿਆਰਥੀਆਂ ਨੂੰ ਗਿੱਧਾ, ਭੰਗੜਾ ਤੇ ਲੋਕ ਗੀਤ ਦੀ ਤਿਆਰੀ ਮੈਡਮ ਚੰਦਰਵਤੀ, ਗੁਰਦੀਪ ਕੌਰ ਤੇ ਸਿਮਰਨਜੀਤ ਸਿੰਘ ਵੱਲੋਂ ਬੜੀ ਮਿਹਨਤ ਨਾਲ ਕਰਵਾਈ ਗਈ। ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਹਰਦੀਪ ਕੌਰ ਤੇ ਲੈਕਚਰਾਰ ਹਰਜਿੰਦਰਪਾਲ ਸਿੰਘ ਨੇ ਨਿਭਾਈ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਪ੍ਰਤੀਯੋਗੀਆਂ ਨੂੰ ਸ਼ੀਲਡ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਸਮਾਗਮ ਦੇ ਅਖੀਰ ਵਿੱਚ ਸੰਸਥਾ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਜੇਤੂ ਪ੍ਰਤੀਯੋਗੀਆਂ ਨੂੰ ਵਧਾਈ ਦਿੱਤੀ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਏ ਗਏ ਇਸ ਸ਼ਲਾਘਾਯੋਗ ਉਪਰਾਲੇ ਲਈ ਧੰਨਵਾਦ ਕੀਤਾ। ਸਕੂਲ ਦੀ ਮੈਨੇਜਮੈਂਟ ਵੱਲੋਂ ਜੱਜਮੈਂਟ ਕਰਨ ਵਾਲੇ ਅਧਿਆਪਕਾਂ ਦਾ ਧੰਨਵਾਦ ਕਰਦਿਆਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ, ਕੋਆਡੀਨੇਟਰ ਮੁਕੇਸ਼ ਅਰੋੜਾ, ਮੈਡਮ ਖੁਸ਼ਪ੍ਰੀਤ ਕੌਰ, ਡੀ. ਪੀ. ਈ. ਬਲਰਾਜ ਸਿੰਘ ਤੇ ਨਵਨੀਤ ਸਿੰਘ ਆਦਿ ਹਾਜ਼ਰ ਰਹੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਸੰਧਵਾਂ 'ਚ ਹੋਵੇਗੀ ਰਿਕਾਰਡ-ਤੋੜ ਰੈਲੀ : ਸੰਧੂ, ਚਹਿਲ

### ਹਜ਼ਾਰਾਂ ਦੀ ਗਿਣਤੀ 'ਚ ਬੱਸਾਂ ਤੇ ਗੱਡੀਆਂ ਰਾਹੀਂ ਡਾਕਟਰ ਸਾਥੀ ਕਰਨਗੇ ਸ਼ਮੂਲੀਅਤ : ਮਚਾਕੀ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ 295 ਜ਼ਿਲ੍ਹਾ ਫਰੀਦਕੋਟ ਦੀ ਮਹੀਨਾਵਾਰ ਮੀਟਿੰਗ ਸੇਠ ਕਦਾਰ ਨਾਥ ਧਰਮਸ਼ਾਲਾ ਕੋਟਕਪੂਰਾ ਵਿਖੇ ਜ਼ਿਲ੍ਹਾ ਪ੍ਰਧਾਨ ਡਾਕਟਰ ਰਸ਼ਪਾਲ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਸਮੂਹ ਬਲਾਕ ਪ੍ਰਧਾਨ, ਖਜ਼ਾਨਚੀ, ਜਨਰਲ ਸਕੱਤਰ ਤੇ ਜ਼ਿਲ੍ਹਾ ਡੈਲੀਗੇਟਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਡਾਕਟਰ ਗੁਰਤੇਜ ਮਚਾਕੀ ਜ਼ਿਲ੍ਹਾ ਜਨਰਲ ਸਕੱਤਰ ਵੱਲੋਂ ਸਾਰਿਆਂ ਨੂੰ ਜੀ ਆਇਆਂ ਨੂੰ ਕਿਹਾ ਗਿਆ ਅਤੇ ਬਲਾਕ ਬਾਜਾਖਾਨਾ ਦੇ ਪ੍ਰਧਾਨ ਡਾਕਟਰ ਸੋਹਣ ਲਾਲ ਦੇ ਸਤਿਕਾਰਯੋਗ ਮਾਤਾ ਤੇ ਡਾਕਟਰ ਲਖਵੀਰ ਸਿੰਘ ਬਲਾਕ ਬਰਗਾੜੀ ਦੇ ਸਤਿਕਾਰਯੋਗ ਪਿਤਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਉਨ੍ਹਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾ ਦੇ ਫੁੱਲ ਭੇਟ ਕੀਤੇ।21 ਦਸੰਬਰ ਨੂੰ ਪੰਜਾਬ ਦਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੱਤ ਜ਼ਿਲ੍ਹਿਆਂ ਵੱਲੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ੍. ਕੁਲਤਾਰ ਸਿੰਘ ਸੰਧਵਾਂ ਵਿਧਾਨ ਸਭਾ ਦੇ ਸਪੀਕਰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਨੂੰ ਯਾਦ ਕਰਵਾਉਣ ਸਬੰਧੀ ਇੱਕ ਵੱਡੀ ਰੈਲੀ ਰੱਖੀ ਗਈ ਹੈ, ਜਿਸ ਵਿੱਚ ਸੱਤ ਜ਼ਿਲ੍ਹਿਆਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ, ਜਿਨ੍ਹਾਂ ਵਿੱਚ ਫਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਬਰਨਾਲਾ, ਫਾਜ਼ਿਲਕਾ, ਬਠਿੰਡਾ, ਮੋਗਾ ਦੇ ਮੈਂਬਰਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਸਾਥੀਆਂ ਨੂੰ ਸੰਬੋਧਨ ਕਰਦਿਆਂ ਡਾਕਟਰ ਜਗਦੇਵ ਸਿੰਘ ਚਹਿਲ ਲੀਗਲ ਅਡਵਾਈਜ਼ਰ ਪੰਜਾਬ, ਡਾਕਟਰ ਰਸ਼ਪਾਲ ਸਿੰਘ ਸੰਧੂ, ਡਾਕਟਰ ਗੁਰਜੰਟ ਸਿੰਘ ਸਿੰਘ ਝੱਖੜ ਵਾਲਾ, ਡਾਕਟਰ ਵੀਰ ਪਾਲ ਸਿੰਘ ਡੋਡ, ਡਾਕਟਰ ਰਕੇਸ਼ ਕੁਮਾਰ ਜੈਤੋ, ਡਾਕਟਰ ਐੱਚ ਐੱਸ ਵੋਹਰਾ ਨੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਰੇ ਬਲਾਕ ਪ੍ਰਧਾਨ ਆਪੋ ਆਪਣੇ ਬਲਾਕਾਂ ਦੀ ਪੂਰੀ ਦੀ ਪੂਰੀ ਗਿਣਤੀ ਨਾਲ ਠੀਕ ਸਮੇਂ 'ਤੇ ਪਹੁੰਚਣ ਦੀ ਕਿਰਪਾਲਤਾ ਕਰਨ। ਇਸ ਮੌਕੇ ਡਾਕਟਰ ਅਮ੍ਰਿਤਪਾਲ ਸਿੰਘ ਟਹਿਣਾ, ਪ੍ਰੈੱਸ ਸਕੱਤਰ ਡਾਕਟਰ ਯਸ਼ਪਾਲ ਗੁਲਾਟੀ, ਡਾਕਟਰ ਕੁਲਵੰਤ ਸਿੰਘ ਚਹਿਲ, ਡਾਕਟਰ ਭਾਰਤ ਭੂਸ਼ਨ ਬਲਾਕ ਪ੍ਰਧਾਨ ਸਾਦਿਕ, ਡਾਕਟਰ ਜਗਰੂਪ ਸਿੰਘ ਸੰਧੂ, ਡਾਕਟਰ ਪ੍ਰਮੇਸ਼ਰ ਸਿੰਘ, ਡਾਕਟਰ ਇਕਬਾਲ ਸਿੰਘ ਗੋਲੇਵਾਲਾ, ਡਾਕਟਰ ਗੁਰਮੀਤ ਸਿੰਘ ਢੁੱਡੀ, ਡਾਕਟਰ ਸੁਖਦੇਵ ਸਿੰਘ ਅਰਾਈਆਂਵਾਲਾ, ਡਾਕਟਰ ਗੁਰਤੇਜ ਸਿੰਘ ਦਾਨਾ ਰੋਮਾਣਾ, ਡਾਕਟਰ ਵਿਜੇ ਕੁਮਾਰ, ਡਾਕਟਰ ਹਰਭਜਨ ਸਿੰਘ ਸੇਵੇਵਾਲਾ, ਡਾਕਟਰ ਸੋਹਣ ਲਾਲ ਬਲਾਕ ਪ੍ਰਧਾਨ ਬਾਜਾਖਾਨਾ, ਡਾਕਟਰ ਗੁਰਦੀਪ ਸਿੰਘ ਬਰਾੜ, ਡਾਕਟਰ ਨਿਰਮਲ ਸਿੰਘ, ਡਾਕਟਰ ਸਿਕੰਦਰ ਸਿੰਘ ਪੱਕਾ, ਡਾਕਟਰ ਗੁਰਮੀਤ ਸਿੰਘ ਸਾਦਿਕ, ਡਾਕਟਰ ਬਲਵਿੰਦਰ ਸਿੰਘ ਸੇਖੋਂ, ਡਾਕਟਰ ਸਤਪਾਲ ਸਿੰਘ ਜੈਤੋ, ਡਾਕਟਰ ਸਦੀਕ ਮੁਹੰਮਦ ਆਦਿ ਹਾਜ਼ਰ ਸਨ।



ਹਲਕਾ ਨਿਹਾਲ ਸਿੰਘ ਵਾਲਾ ਅਧੀਨ ਪੈਂਦੇ ਪਿੰਡ ਗਾਜੀਆਣਾ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਹੋ ਰਹੀਆਂ ਚੋਣਾਂ ਨੂੰ ਲੈ ਕੇ ਕੁੱਝ ਵੱਖਰਾ ਦੇਖਣ ਨੂੰ ਮਿਲਿਆ, ਜਿਸ ਵਿੱਚ ਆਮ ਆਦਮੀ ਪਾਰਟੀ ਤੇ ਕਾਂਗਰਸ ਪਾਰਟੀ ਵੱਲੋਂ ਸਾਂਝੇ ਤੌਰ 'ਤੇ ਪੋਲਿੰਗ ਬੂਥ ਲਾ ਕੇ ਏਕਤਾ ਦਾ ਸਬੂਤ ਦਿੱਤਾ ਗਿਆ। (ਫੋਟੋ ਤੇ ਵੇਰਵਾ : ਲਵਲੀ ਕੁਮਾਰ, ਨਿਹਾਲ ਸਿੰਘ ਵਾਲਾ)

## ਕਲੱਬ ਦੇ ਮਲਟੀ ਸਪੋਰਟਸ ਏਰੀਨਾ 'ਚ ਖੇਡਿਆ ਕ੍ਰਿਕਟ ਮੈਚ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਜਿਮਖਾਨਾ ਕਲੱਬ ਦੇ ਮਲਟੀ ਸਪੋਰਟਸ ਏਰੀਨਾ ਵਿੱਚ ਅੱਜ ਕ੍ਰਿਕਟ ਦੇ ਮੈਚ ਖੇਡਿਆ ਗਿਆ, ਜਿਸ ਦਾ ਮੈਂਬਰਾਂ ਤੇ ਬੱਚਿਆਂ ਨੇ ਖੂਬ ਆਨੰਦ ਮਾਣਿਆ।ਇਸ ਮੌਕੇ ਡਾ. ਮਨਮੋਹਨ ਸਿੰਘ, ਦੀਪਕ ਕੰਪਾਨੀ, ਡਾ. ਸੁਧੀਰ ਵਰਮਾ, ਰਾਧੇ ਸ਼ਾਮ ਗੋਇਲ, ਹਰਪਾਲ ਜੁਨੇਜਾ, ਵਿਕਾਸ ਪੁਰੀ ਤੋਂ ਇਲਾਵਾ ਹੋਰ ਵੀ ਮੈਂਬਰ ਵੱਡੇ ਗਿਣਤੀ ਵਿੱਚ ਹਾਜ਼ਰ ਸਨ।ਇਸ ਮੌਕੇ ਚੇਅਰਮੈਨ ਡਾ.ਰਕੇਸ਼ ਆਰੀਅਨ, ਜਸਬੀਰ ਸਿੰਘ ਤੇ ਡਾ. ਅੰਸ਼ੂਮਨ ਖਰਬੰਦਾ ਨੇ ਦੱਸਿਆ ਕਿ ਇਸ ਮਲਟੀ ਸਪੋਰਟਸ ਏਰੀਨਾ ਵਿੱਚ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ ਖੇਡੀਆਂ ਜਾਣਗੀਆਂ।ਜਿਵੇਂ ਕਿ ਬੌਕਸ ਕ੍ਰਿਕਟ, ਵਾਲੀਬਾਲ ਅਤੇ ਹੋਰ ਵੀ ਖੇਡਾਂ ਸ਼ਾਮਲ ਹਨ।ਇਹ ਕਲੱਬ ਨੋਰਥ ਇੰਡੀਆ ਦਾ ਪਹਿਲਾ ਐਸਾ ਕਲੱਬ ਹੈ, ਜਿੱਥੇ ਮਲਟੀ ਸਪੋਰਟਸ ਏਰੀਨਾ ਬੋਕਸ ਕ੍ਰਿਕਟ ਤੇ ਹੋਰ ਖੇਡਾਂ ਖੇਡਣ ਲਈ ਬਣਾਇਆ ਗਿਆ ਹੈ, ਜਿਸ ਵਿੱਚ ਕਲੱਬ ਦੇ ਮੈਂਬਰ, ਉਨ੍ਹਾਂ ਦੇ ਬੱਚੇ ਤੇ ਹੋਰ ਪਰਿਵਾਰਕ ਮੈਂਬਰ ਵੱਖ ਵੱਖ ਤਰ੍ਹਾਂ ਦੀਆਂ ਖੇਡਾਂ ਦਾ ਆਨੰਦ ਮਾਣ ਸਕਣਗੇ। ਇਸ ਮੌਕੇ ਗੁਰਦੇਵ ਸਿੰਘ ਧਾਲੀਵਾਲ, ਜਸਵਿੰਦਰ ਸਿੰਘ ਟਿਵਾਣਾ, ਦਲਬੀਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਗਿੱਲ, ਹਰਦੇਵ ਸਿੰਘ ਬੱਲੀ, ਗੁਰਦੀਪ ਸਿੰਘ ਚੀਮਾ, ਬਿਕਰਮਜੀਤ ਸਿੰਘ ਪ੍ਰਦੀਪ ਸਿੰਗਲਾ, ਡਾ. ਮਨਜੀਤ ਸਿੰਘ, ਅਸ਼ੋਕ ਰੌਣੀ, ਸੰਚਿਤ ਬਾਂਸਲ, ਗੁਰਪ੍ਰੀਤ ਰੰਧਾਵਾ, ਜਤਿਨ ਗੋਇਲ, ਸੁਸ਼ੀਲ ਬਾਂਸਲ, ਪੁਨੀਤ ਟੌਹੜਾ, ਹਰਿੰਦਰ ਪਾਲ ਟੋਹੜਾ, ਸੈਲੇਸ਼ ਜਿੰਦਲ, ਸਾਹਿਲ ਗਰਗ, ਸਵਰਨਜੀਤ ਲਾਲੀ, ਗੁਰਦੀਪ ਸਿੰਘ ਭੁੱਲਰ ਤੇ ਹੋਰ ਮੈਂਬਰ ਹਾਜ਼ਰ ਸਨ।

## ਸੰਮਤੀ ਚੋਣਾਂ ਅਮਨ-ਸ਼ਾਂਤੀ ਨਾਲ ਸੰਪੰਨ ਹੋਣ 'ਤੇ ਚੋਣ ਅਧਿਕਾਰੀ ਵੱਲੋਂ ਜ਼ਿਲ੍ਹਾ ਵਾਸੀਆਂ ਦਾ ਧੰਨਵਾਦ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੇ 11 ਜ਼ੋਨਾਂ ਤੇ 4 ਬਲਾਕ ਸੰਮਤੀਆਂ ਦੇ 86 ਜ਼ੋਨਾਂ ਲਈ ਵੋਟਾਂ ਦਾ ਅਮਲ ਅਮਨ-ਸ਼ਾਂਤੀ ਨਾਲ ਸੰਪੰਨ ਹੋਇਆ।ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਨਵਜੋਤ ਕੌਰ ਆਈ ਏ ਐੱਸ ਨੇ ਜ਼ਿਲ੍ਹਾ ਵਾਸੀਆਂ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਇਹ ਅਮਲ ਪੂਰੇ ਅਮਨ ਨਾਲ ਸਿਰੇ ਚੜ੍ਹਿਆ ਹੈ ਅਤੇ ਜ਼ਿਲ੍ਹਾ ਵਾਸੀਆਂ ਨੇ ਭਾਈਚਾਰਕ ਸਾਂਝ ਦੀ ਉਦਾਹਰਣ ਪੇਸ਼ ਕੀਤੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ 'ਚ ਕੁੱਲ 56.2 ਫੀਸਦੀ ਪੋਲਿੰਗ ਹੋਈ ਹੈ।ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਨਿਰਧਾਰਤ ਗਿਣਤੀ ਕੇਂਦਰਾਂ 'ਤੇ ਕੀਤੀ ਜਾਵੇਗੀ।ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਮਾਨਸਾ ਲਈ ਵੋਟਾਂ ਦੀ ਗਿਣਤੀ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਮਾਨਸਾ, ਪੰਚਾਇਤ ਸੰਮਤੀ ਝੁਨੀਰ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੁਨੀਰ, ਪੰਚਾਇਤ ਸੰਮਤੀ ਸਰਦੂਲਗੜ੍ਹ ਲਈ ਸਰਦਾਰ ਬਲਰਾਜ ਸਿੰਘ ਭੂੰਦੜ ਸਰਕਾਰੀ ਮੈਮੋਰੀਅਲ ਕਾਲਜ ਸਰਦੂਲਗੜ੍ਹ, ਪੰਚਾਇਤ ਸੰਮਤੀ ਬੁਢਲਾਡਾ ਲਈ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਵਿਖੇ ਗਿਣਤੀ ਕੇਂਦਰ ਸਥਾਪਤ ਕੀਤੇ ਗਏ ਹਨ।

## ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀ ਚੋਣਾਂ ਸ਼ਾਂਤੀ-ਪੂਰਵਕ ਨੇਪਰੇ ਚੜ੍ਹੀਆਂ : ਸੇਤੀਆ

### *ਭਲਕੇ ਹੋਵੇਗੀ ਵੋਟਾਂ ਦੀ ਗਿਣਤੀ*




**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਜ਼ਿਲ੍ਹਾ ਪ੍ਰੀਸ਼ਦ ਦੇ 15 ਜ਼ੋਨਾਂ ਤੇ 5 ਪੰਚਾਇਤ ਸੰਮਤੀਆਂ ਦੇ 101 ਜ਼ੋਨਾਂ 'ਚ ਹੋਈ ਵੋਟਿੰਗ ਦਾ ਕੰਮ ਸ਼ਾਂਤੀਪੂਰਵਕ ਸੰਪੰਨ ਹੋਇਆ।ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਜ਼ਿਲ੍ਹਾ ਵਾਸੀਆਂ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀਆਂ ਦੇ ਨੁਮਾਇੰਦਿਆਂ ਦੀ ਚੋਣ ਲਈ ਵੱਖਰੇ-ਵੱਖਰੇ ਬੈਲਟ ਪੇਪਰਾਂ ਦੀ ਵਰਤੋਂ ਕਰਦਿਆਂ ਆਪਣੀ ਵੋਟ ਦਾ ਇਸਤੇਮਾਲ ਕੀਤਾ।ਪਿੰਡਾਂ ਦੇ ਲੋਕਾਂ ਨੇ ਆਪਣੀ ਮਰਜ਼ੀ ਦੇ ਨੁਮਾਇੰਦਿਆਂ ਦੀ ਚੋਣ ਲਈ ਉਤਸ਼ਾਹ ਨਾਲ ਵੋਟਾਂ ਪਾਈਆਂ ਤੇ ਕਈ ਪੋਲਿੰਗ ਬੂਥਾਂ 'ਤੇ ਲੋਕਾਂ ਦੀਆਂ ਲੰਮੀਆਂ-ਲੰਮੀਆਂ ਕਤਾਰਾਂ ਵੀ ਵੇਖਣ ਨੂੰ ਮਿਲੀਆਂ।ਡਿਪਟੀ ਕਮਿਸ਼ਨਰ ਨੇ ਸ਼ਾਂਤੀਪੂਰਵਕ ਚੋਣਾਂ ਕਰਵਾਉਣ ਲਈ ਜ਼ਿਲ੍ਹੇ ਦੇ ਵੋਟਰਾਂ ਤੇ ਅਧਿਕਾਰੀਆਂ ਸਮੇਤ ਕਰਮਚਾਰੀਆਂ ਦਾ ਧੰਨਵਾਦ ਕੀਤਾ।ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਨ੍ਹਾਂ ਚੋਣਾਂ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਮੋਗਾ, ਪੰਚਾਇਤ ਸੰਮਤੀ ਬਾਘਾ ਪੁਰਾਣਾ, ਨਿਹਾਲ ਸਿੰਘ ਵਾਲਾ, ਧਰਮਕੋਟ, ਕੋਟ ਈਸੇ ਖਾਂ ਵਿੱਚ ਸ਼ਾਮ 4 ਵਜੇ ਤੱਕ ਕਰੀਬ 42.57 ਫੀਸਦੀ ਵੋਟਿੰਗ ਹੋਈ।ਉਨ੍ਹਾਂ ਦੱਸਿਆ ਕਿ ਬੈਲਟ ਬਕਸੇ ਬਲਾਕ-ਵਾਈਜ਼ ਬਣਾਏ ਗਏ ਵੱਖ-ਵੱਖ 5 ਸਟਰਾਂਗ ਰੂਮਾਂ ਵਿੱਚ ਸਖਤ ਨਿਗਰਾਨੀ ਹੇਠ ਰੱਖੇ ਗਏ ਅਤੇ ਇਨ੍ਹਾਂ ਥਾਵਾਂ 'ਤੇ ਹੀ 17 ਦਸੰਬਰ 2025 ਨੂੰ ਵੋਟਾਂ ਦੀ ਗਿਣਤੀ ਹੋਵੇਗੀ।

## ਸ੍ਰੀ ਖਾਟੂ ਸ਼ਿਆਮ ਦੇ ਦਰਸ਼ਨਾਂ ਲਈ ਜਥਾ ਰਵਾਨਾ




**ਨਾਭਾ (ਵਰਿੰਦਰ ਵਰਮਾ)**-ਸ੍ਰੀ ਖਾਟੂ ਸ਼ਿਆਮ ਮੰਦਰ ਦੁਲੱਦੀ ਗੇਟ ਨਾਭਾ ਵੱਲੋਂ ਪ੍ਰਧਾਨ ਵਿਕਾਸ ਗੋਇਲ ਤੇ ਸਕੱਤਰ ਰਾਜੇਸ਼ ਗਰਗ ਦੀ ਅਗਵਾਈ ਵਿੱਚ 58 ਮੈਂਬਰਾਂ ਦਾ ਜਥਾ ੍ਰੀ ਖਾਟੂ ਸ਼ਾਮ ਜੀ, ਸ੍ਰੀ ਸਾਲਾਸਰ ਬਾਲਾ ਜੀ ਦੇ ਦਰਸ਼ਨਾਂ ਲਈ ਰਵਾਨਾ ਹੋਇਆ। ਬੱਸ ਨੂੰ ਝੰਡੀ ਦੇਣ ਦੀ ਰਸਮ ਅਸ਼ੋਕ ਅਰੋੜਾ ਆਮ ਆਦਮੀ ਪਾਰਟੀ ਸ਼ਹਿਰੀ ਬਲਾਕ ਪ੍ਰਧਾਨ, ਖੂਨਦਾਨ ਖੇਤਰ ਵਿੱਚ ਮੋਹਰੀ ਖੂਨਦਾਨੀ ਸਟੇਟ ਐਵਾਰਡੀ ਹਰਸ਼ ਬਲੱਡ ਡੋਨਰ ਸੋਸਾਇਟੀ ਦੇ ਪ੍ਰਧਾਨ ਭੁਵੇਸ਼ ਬਾਂਸਲ ਭਾਸ਼ੀ ਨੇ ਸਾਂਝੇ ਤੌਰ 'ਤੇ ਅਦਾ ਕੀਤੀ। ਯਾਤਰਾ ਦੌਰਾਨ ਵਡਮੁੱਲਾ ਯੋਗਦਾਨ ਦੇਣ ਲਈ ਸਮਾਜ ਸੇਵਾ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੇ ਰੋਬਿਨ ਅਰੋੜਾ ਤੇ ਰਾਜੇਸ਼ ਕੁਮਾਰ ਗੋਲਡੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਨਾਲ ਹੀ ਪ੍ਰਧਾਨ ਭਾਸ਼ੀ ਨੇ ਕਿਹਾ ਕਿ ਸ੍ਰੀ ਖਾਟੂ ਸ਼ਿਆਮ ਮੰਦਰ ਦੁਲੱਦੀ ਗੇਟ ਨਾਭਾ ਦੀ ਕਮੇਟੀ ਦਾ ਹਮੇਸ਼ਾ ਧਾਰਮਿਕ ਕੰਮਾਂ ਵਿੱਚ ਹਿੱਸਾ ਲੈਣਾ ਬਹੁਤ ਚੰਗਾ ਕਦਮ ਹੈ। ਸ੍ਰੀ ਖਾਟੂ ਸ਼ਾਮ ਜੀ ਇਨ੍ਹਾਂ ਦੀ ਸਾਰੀ ਟੀਮ 'ਤੇ ਕਿਰਪਾ ਬਣਾ ਕੇ ਰੱਖਣ। ਇਨ੍ਹਾਂ ਦੀ ਟੀਮ ਹਮੇਸ਼ਾ ਲੋੜਵੰਦ ਵਿਅਕਤੀਆਂ ਨਾਲ ਵੀ ਹਰ ਜਗ੍ਹਾ ਧਰਮ ਦੇ ਕਾਰਜ ਕਰਨ ਦੇ ਨਾਲ-ਨਾਲ ਖੜ੍ਹਦੀ ਆਈ ਹੈ। ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਦਾ ਵੀ ਹਰੇਕ ਤਰ੍ਹਾਂ ਦਾ ਸਹਿਯੋਗ ਮੰਦਰ ਕਮੇਟੀ ਨੂੰ ਹਮੇਸ਼ਾ ਰਹਿੰਦਾ ਹੈ। ਇਸ ਮੌਕੇ ਰਵਿੰਦਰ ਪੱਪੂ ਤੇ ਗੀਪਾ ਜਿੰਦਲ ਵੱਲੋਂ ਸਾਰੇ ਆਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ, ਭਗਤਾਂ ਲਈ ਪਾਣੀ ਦੀ ਸੇਵਾ ਪਨਪ ਸਿੰਗਲਾ ਤੇ ਗੋਪੀ ਜਿੰਦੀਆਂ ਵੱਲੋਂ ਨਿਭਾਈ ਗਈ। ਇਸ ਮੌਕੇ ਉਨ੍ਹਾਂ ਨਾਲ ਲਵਲੀ ਗੋਇਲ, ਰਾਜੇਸ਼ ਗੋਲਡੀ, ਲਲਿਤ ਗੁਪਤਾ, ਪਨਪ ਸਿੰਗਲਾ, ਗੋਪੀ ਜਿੰਦੀਆਂ, ਪ੍ਰਿੰਸ ਜਿੰਦਲ, ਸ਼ੁਭਮ ਬਾਂਸਲ, ਸੰਜੀਵ ਸ਼ਰਮਾ, ਆਸ਼ੂ ਰਾਵਲ, ਵਿਪਨ ਕੁਮਾਰ, ਵਿੱਕੀ ਗੁਪਤਾ, ਸਚਿਨ, ਰੋਬਿਨ ਅਰੋੜਾ, ਹੈਪੀ ਠੇਕੇਦਾਰ, ਰਾਮੂ ਜਿੰਦਲ ਆਦਿ ਹਾਜ਼ਰ ਸਨ।

## ਫ਼ਰੀਦਕੋਟ ਜ਼ਿਲ੍ਹੇ 'ਚ ਚੋਣਾਂ ਸ਼ਾਂਤੀਪੂਰਵਕ ਨੇਪਰੇ ਚੜ੍ਹੀਆਂ, ਡੀ ਸੀ ਤੇ ਐੱਸ ਐੱਸ ਪੀ ਵੱਲੋਂ ਵੋਟਰਾਂ ਤੇ ਚੋਣ ਅਮਲੇ ਦਾ ਧੰਨਵਾਦ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਫ਼ਰੀਦਕੋਟ ਜ਼ਿਲ੍ਹੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਐਤਵਾਰ ਨੂੰ ਪੂਰੀ ਤਰ੍ਹਾਂ ਅਮਨ-ਅਮਾਨ ਤੇ ਸ਼ਾਂਤੀਪੂਰਵਕ ਢੰਗ ਨਾਲ ਸੰਪੰਨ ਹੋ ਗਈਆਂ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਵਿੱਚ ਸ਼ਾਮ 4 ਵਜੇ ਤੱਕ ਕਰੀਬ 48 ਪ੍ਰਤੀਸ਼ਤ ਪੋਲਿੰਗ ਦਰਜ ਕੀਤੀ ਗਈ ਹੈ।ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਤੇ ਐੱਸ.ਐੱਸ.ਪੀ. ਡਾ. ਪ੍ਰਗਿਆ ਜੈਨ ਨੇ ਸਮੁੱਚੇ ਚੋਣ ਅਮਲ ਦੇ ਸ਼ਾਂਤੀਪੂਰਵਕ ਨੇਪਰੇ ਚੜ੍ਹਨ 'ਤੇ ਸਮੂਹ ਵੋਟਰਾਂ, ਸੁਰੱਖਿਆ ਕਰਮਚਾਰੀਆਂ ਤੇ ਚੋਣ ਅਮਲ ਵਿੱਚ ਲੱਗੇ ਅਧਿਕਾਰੀਆਂ/ਕਰਮਚਾਰੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਪੋਲਿੰਗ ਦਾ ਸਮਾਂਵਾਰ ਵੇਰਵਾ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਾਂ ਪਾਉਣ ਦਾ ਕੰਮ ਸਵੇਰੇ 8.00 ਵਜੇ ਸ਼ੁਰੂ ਹੋਇਆ ਤੇ ਸ਼ਾਮ 4 ਵਜੇ ਤੱਕ ਕਰੀਬ 48% ਪੋਲਿੰਗ ਹੋਈ।ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਜ਼ਿਲ੍ਹਾ ਪ੍ਰੀਸ਼ਦ ਲਈ ਕੁੱਲ 10 ਜ਼ੋਨ ਤੇ ਪੰਚਾਇਤ ਸੰਮਤੀਆਂ ਲਈ ਕੁੱਲ 65 ਜ਼ੋਨ ਸਨ।ਇਨ੍ਹਾਂ ਵਿੱਚੋਂ ਪੰਚਾਇਤ ਸੰਮਤੀ ਫ਼ਰੀਦਕੋਟ ਲਈ 21 ਜ਼ੋਨ, ਕੋਟਕਪੂਰਾ ਲਈ 19 ਜ਼ੋਨ ਤੇ ਜੈਤੋ ਲਈ 25 ਜ਼ੋਨ ਬਣਾਏ ਗਏ ਸਨ, ਜਿਨ੍ਹਾਂ ਵਿੱਚ ਜ਼ਿਲ੍ਹੇ ਦੇ ਕੁੱਲ 241 ਪਿੰਡ ਸ਼ਾਮਲ ਹਨ।ਇਨ੍ਹਾਂ ਚੋਣਾਂ ਲਈ ਕੁੱਲ 244 ਪੋਲਿੰਗ ਸਟੇਸ਼ਨ ਤੇ 414 ਪੋਲਿੰਗ ਬੂਥ ਸਥਾਪਤ ਕੀਤੇ ਗਏ ਸਨ।ਜ਼ਿਲ੍ਹਾ ਚੋਣ ਅਧਿਕਾਰੀ ਨੇ ਦੱਸਿਆ ਕਿ ਵਿਸ਼ੇਸ਼ ਲੋੜਾਂ ਵਾਲੇ ਵੋਟਰਾਂ ਦੀ ਸਹੂਲਤ ਲਈ ਪੋਲਿੰਗ ਸਟੇਸ਼ਨਾਂ 'ਤੇ ਵ੍ਹੀਲਚੇਅਰਾਂ ਤੇ ਸਹਾਇਕ ਸਟਾਫ ਦਾ ਪ੍ਰਬੰਧ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਦੀਆਂ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਕੀਤੀ ਜਾਵੇਗੀ।ਉਨ੍ਹਾਂ ਨੇ ਸਮੁੱਚੇ ਜ਼ਿਲ੍ਹਾ ਵਾਸੀਆਂ ਵੱਲੋਂ ਇਸ ਚੋਣ ਅਮਲ ਨੂੰ ਸਫ਼ਲ ਬਣਾਉਣ ਲਈ ਦਿੱਤੇ ਸਹਿਯੋਗ ਲਈ ਮੁੜ ਧੰਨਵਾਦ ਕੀਤਾ।

16-Dec-PAGE-11-Dec-25-Final-25.qxd 12/15/2025 11:09 PM Page 1



# ਚੋਣ ਅਬਜ਼ਰਵਰ ਲਵਜੀਤ ਕਲਸੀ ਨੇ ਸਟਰਾਂਗ ਰੂਮਾਂ ਦਾ ਦੌਰਾ ਕਰਕੇ ਸੁਰੱਖਿਆ ਪ੍ਰਬੰਧਾਂ ਦਾ ਲਿਆ ਜਾਇਜ਼ਾ

ਤਰਨ ਤਾਰਨ, (ਪ੍ਰਿਤਪਾਲ ਸਿੰਘ)-ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਲਈ ਜ਼ਿਲਾ ਤਰਨ ਤਾਰਨ ਵਿੱਚ ਨਿਯੁਕਤ ਕੀਤੇ ਚੋਣ ਅਬਜ਼ਰਵਰ ਲਵਜੀਤ ਕਲਸੀ ਪੀਸੀਐੱਸ ਵੱਲੋਂ ਬੀਤੀ ਦੇਰ ਸ਼ਾਮ ਜ਼ਿਲ੍ਹੇ ਦੇ ਵੱਖ-ਵੱਖ ਸਟਰਾਂਗ ਰੂਮਾਂ ਦੀ ਸੁਰੱਖਿਆ ਦਾ ਜਾਇਜ਼ਾ ਲਿਆ ਗਿਆ।ਜ਼ਿਲਾ ਤਰਨ ਤਾਰਨ ਵਿੱਚ ਬਣਾਏ ਗਏ ਸਟਰਾਂਗ ਰੂਮਾਂ ਵਿੱਚ ਸਖਤ ਸੁਰੱਖਿਆ ਪਹਿਰੇ ਹੇਠ ਬੈਲਟ ਬਕਸੇ ਰੱਖੇ ਗਏ ਹਨ ਅਤੇ ਇਨ੍ਹਾਂ ਸਟਰਾਂਗ ਰੂਮਾਂ ਨੂੰ ਉਮੀਦਵਾਰਾਂ ਦੀ ਹਾਜ਼ਰੀ ਵਿੱਚ ਸੀਲਬੰਦ ਕੀਤਾ ਗਿਆ ਹੈ।ਚੋਣ ਅਬਜ਼ਰਵਰ ਕਲਸੀ ਵੱਲੋਂ ਬੀਤੀ ਦੇਰ ਸ਼ਾਮ ਵੱਖ-ਵੱਖ ਸਟਰਾਂਗ ਰੂਮਾਂ ਦਾ ਦੌਰਾ ਕਰਕੇ ਉਥੇ ਕੀਤੇ ਗਏ ਸੁਰੱਖਿਆ ਪ੍ਰਬੰਧਾਂ ਉਪਰ ਤਸੱਲੀ ਜ਼ਾਹਿਰ ਕੀਤੀ ਗਈ।ਉਨ੍ਹਾਂ ਦੱਸਿਆ ਕਿ ਬੈਲਟ ਬਕਸੇ ਬਲਾਕ-ਵਾਈਜ਼ ਬਣਾਏ ਗਏ, ਵੱਖ-ਵੱਖ 8 ਸਟਰਾਂਗ ਰੂਮਾਂ ਵਿੱਚ ਸਖਤ ਨਿਗਰਾਨੀ ਹੇਠ ਰੱਖੇ ਗਏ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਪੰਚਾਇਤ ਸੰਮਤੀ ਤਰਨ ਤਾਰਨ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਕਾਲਜ, ਨੂਰਦੀ ਰੋਡ, ਤਰਨ ਤਾਰਨ ਵਿਖੇ ਬਣਾਇਆ ਗਿਆ ਹੈ।



ਪੰਚਾਇਤ ਸੰਮਤੀ ਖਡੂਰ ਸਾਹਿਬ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਕਾਲਜ, (ਖੱਬਾ ਪਾਸਾ) ਖਡੂਰ ਸਾਹਿਬ, ਪੰਚਾਇਤ ਸੰਮਤੀ ਚੋਹਲਾ ਸਾਹਿਬ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਕਾਲਜ, ਚੋਹਲਾ ਸਾਹਿਬ, ਪੰਚਾਇਤ ਸੰਮਤੀ ਨਾਗੋਕੇ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਅੰਗਦ ਦੇਵ ਕਾਲਜ (ਸੱਜਾ ਪਾਸਾ), ਖਡੂਰ ਸਾਹਿਬ, ਪੰਚਾਇਤ ਸੰਮਤੀ ਪੱਟੀ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਗੋਬਿੰਦ ਸਿੰਘ ਸਰਕਾਰੀ ਹਾਈ ਸਕੂਲ (ਲੜਕੇ) ਕੈਰੋਂ, ਪੰਚਾਇਤ ਸੰਮਤੀ ਨੌਸ਼ਹਿਰਾ ਪੰਨੂਆਂ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸ੍ਰੀ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਸਰਹਾਲੀ ਕਲਾਂ, ਪੰਚਾਇਤ ਸੰਮਤੀ ਭਿੱਖੀਵਿੰਡ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਬਹੁ-ਤਕਨੀਕੀ ਕਾਲਜ ਅਤੇ ਪੰਚਾਇਤ ਸੰਮਤੀ ਵਲਟੋਹਾ ਦਾ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ (ਲੜਕੀਆਂ) ਆਦਰਸ਼, ਵਲਟੋਹਾ ਵਿਖੇ ਬਣਾਇਆ ਗਿਆ ਹੈ ਅਤੇ ਇਨ੍ਹਾਂ ਥਾਵਾਂ 'ਤੇ ਹੀ 17 ਦਸੰਬਰ ਨੂੰ ਵੋਟਾਂ ਦੀ ਗਿਣਤੀ ਹੋਵੇਗੀ।ਇਸ ਮੌਕੇ ਉਨ੍ਹਾਂ ਨਾਲ ਐੱਸਡੀਐੱਮ ਤਰਨ ਤਾਰਨ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਬਿਜਲੀ ਸੋਧ ਬਿੱਲ -2025 ਖਿਲਾਫ ਮੋਰਚਾਬੰਦੀ ਲਈ ਵੱਖ-ਵੱਖ ਜਥੇਬੰਦੀਆਂ ਵੱਲੋਂ ਸਾਂਝੀ ਮੀਟਿੰਗ

ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਸ਼ਹੀਦ ਬਲਜੀਤ ਸਿੰਘ ਭਵਨ ਜੇਲ ਰੋਡ ਗੁਰਦਾਸਪੁਰ ਵਿਖੇ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਮਜ਼ਦੂਰਾਂ, ਮੁਲਾਜ਼ਮਾਂ, ਨੌਜਵਾਨਾਂ, ਵਿਦਿਆਰਥੀਆਂ, ਬਿਜਲੀ ਕਾਮਿਆਂ ਅਤੇ ਹੋਰ ਜਥੇਬੰਦੀਆਂ ਦੀ ਇੱਕ ਸਾਂਝੀ ਮੀਟਿੰਗ ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਪੇਸ਼ ਕੀਤੇ ਜਾ ਰਹੇ ਬਿਜਲੀ ਸੋਧ ਬਿੱਲ-2025 ਦੇ ਵਿਰੋਧ ਵਾਸਤੇ ਇੱਕ ਵੱਡਾ ਮੋਰਚਾ ਉਸਾਰਨ ਹਿੱਤ ਉਚੇਚੀ ਮੀਟਿੰਗ ਕੀਤੀ ਗਈ।ਇਸ ਦੀ ਪ੍ਰਧਾਨਗੀ ਮੰਗਤ ਸਿੰਘ ਜੀਵਨ ਚੱਕ ਬੀਕੇਯੂ ਡਕਾਉਂਦਾ ਨੇ ਕੀਤੀ ।ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਬਿਜਲੀ ਸੋਧ ਬਿੱਲ ਬਹੁਤ ਹੀ ਖਤਰਨਾਕ ਹੈ ਅਤੇ ਇਸ ਨੂੰ ਕਿਸੇ ਦੀ ਹਾਲਤ ਵਿੱਚ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ ।ਇਹ ਬਹੁਤ ਖਤਰਨਾਕ ਖੇਡ ਖੇਡੀ ਜਾ ਰਹੀ ਹੈ।ਇਸ ਮੌਕੇ ਵਿਚਾਰ ਪੇਸ਼ ਕਰਦੇ ਹੋਏ ਜਥੇਬੰਦੀਆਂ ਦੇ ਆਗੂਆਂ ਸਾਥੀ ਸੁਖਦੇਵ ਸਿੰਘ ਭਾਗੋਕਾਵਾਂ, ਅਜੀਤ ਸਿੰਘ ਹੁੰਦਲ, ਲਖਵਿੰਦਰ ਸਿੰਘ ਮਰੜ, ਗੁਰਮੁੱਖ ਸਿੰਘ ਖਹਿਰਾ, ਗੁਰਦੀਪ ਸਿੰਘ ਮੁਸਤਫਾਬਾਦ, ਸੁਰਿੰਦਰ ਸਿੰਘ ਕੋਠੇ, ਤਰਲੋਕ ਸਿੰਘ ਬਹਿਰਾਮਪੁਰ, ਗੁਰਮੀਤ ਸਿੰਘ ਮਗਰਾਲਾ, ਮਨਮੋਹਨ ਸਿੰਘ ਛੀਨਾ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਮੇਜਰ ਸਿੰਘ ਰੋੜਾਂਵਾਲੀ, ਸੁਰਿੰਦਰ ਪੱਪੂ, ਬਿਮਲ ਕੌਰ, ਵਿਜੇ ਕੁਮਾਰ ਸੋਹਲ, ਜੋਗਿੰਦਰ ਪਾਲ ਘਰਾਲਾ, ਮੇਜਰ ਸਿੰਘ, ਗੁਰਬਚਨ ਸਿੰਘ, ਸੰਜੀਵ ਸ਼ਰਮਾ, ਬਲਵਿੰਦਰ ਸਿੰਘ ਉਦੀਪੁਰ, ਜਗਤਾਰ ਸਿੰਘ ਖੁੰਡਾ, ਗੁਰਵੇਲ ਸਿੰਘ ਬਲਪੁਰੀਆ, ਰਵੇਲ ਸਿੰਘ ਸਹਾਏਪੁਰੀ, ਸੰਜੀਵ ਸੈਣੀ, ਮੱਖਣ ਸਿੰਘ ਤਿੱਬੜ, ਅਸ਼ਵਨੀ ਕੁਮਾਰ ਲੱਖਣ ਕਲਾਂ, ਰਘਬੀਰ ਸਿੰਘ ਚਾਹਲ, ਸਤਬੀਰ ਸਿੰਘ ਸੁਲਤਾਨੀ ਆਦਿ ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਜੋ ਹੁਣ ਲਿਆਂਦਾ ਗਿਆ ਹੈ, ਇਹ ਪਹਿਲਾਂ ਵੀ 2020 ਵਿੱਚ ਲਿਆਂਦਾ ਗਿਆ ਸੀ, ਜੋ



ਸੰਯੁਕਤ ਕਿਸਾਨ ਮੋਰਚੇ ਦੇ ਦਬਾਅ ਹੇਠ ਵਾਪਸ ਲਿਆ ਗਿਆ ਸੀ ਕਿ ਇਸ ਨੂੰ ਅੱਗੇ ਕਦੇ ਪੇਸ਼ ਨਹੀਂ ਕੀਤਾ ਜਾਵੇਗਾ।ਪ੍ਰੰਤੂ ਹੁਣ ਫਿਰ ਇਸਨੂੰ ਲਿਆਂਦਾ ਗਿਆ ਹੈ।ਇਹ ਬਿੱਲ ਬਹੁਤ ਹੀ ਖਤਰਨਾਕ ਹੈ ਅਤੇ ਸਮੁੱਚੇ ਬਿਜਲੀ ਖੇਤਰ ਦਾ ਨਿੱਜੀਕਰਨ ਕਰਕੇ ਕਾਰਪੋਰੇਟ ਸੈਕਟਰ ਦੇ ਹਵਾਲੇ ਕਰਨਾ ਹੈ।ਇਸ ਬਿੱਲ ਨਾਲ ਗਰੀਬਾਂ ਤੋਂ ਬਿਜਲੀ ਮੁਕੰਮਲ ਤੌਰ 'ਤੇ ਖੁੱਸ ਜਾਵੇਗੀ ਅਤੇ ਬਹੁਤ ਮਹਿੰਗੇ ਭਾਅ ਮਿਲੇਗੀ ।ਸਬਸਿਡੀਆਂ ਵੀ ਬੰਦ ਹੋ ਜਾਣਗੀਆਂ ।ਇਹ ਕਿਸੇ ਤਰ੍ਹਾਂ ਵੀ ਸਹਿਣ ਨਹੀਂ ਕੀਤਾ ਜਾ ਸਕਦਾ।ਬਿਜਲੀ, ਪਾਣੀ, ਸਿਹਤ, ਸਿੱਖਿਆ ਸਾਰੇ ਰਾਜਾਂ ਦਾ ਵਿਸ਼ਾ ਹਨ ਅਤੇ ਕੇਂਦਰ ਆਪਣਾ ਅਧਿਕਾਰ ਜਮਾਉਣਾ ਚਾਹੁੰਦਾ ਹੈ।ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੇ ਨਾਲ ਸਹਿਮਤੀ ਪ੍ਰਗਟ ਕਰਦੀ ਲੱਗਦੀ ਹੈ।ਅਗਰ ਪੰਜਾਬ ਸਰਕਾਰ ਨੇ ਇਸ ਵਿਰੁੱਧ ਸਪੈਸ਼ਲ ਸੈਸ਼ਨ ਸੱਦ ਕੇ ਵਿਰੋਧ ਵਿੱਚ ਮਤਾ ਪਾਸ ਨਾ ਕੀਤਾ ਤਾਂ ਮੋਰਚਾਬੰਦੀ ਕੀਤੀ ਜਾਵੇਗੀ।ਆਗੂਆਂ ਨੇ ਕਿਹਾ ਕਿ ਸਮੁੱਚੀਆਂ ਕਿਸਾਨ ਤੇ ਯੂਨੀਅਨ ਨੌਜਵਾਨ ਵਿਦਿਆਰਥੀ ਤੇ ਹੋਰ ਜਥੇਬੰਦੀਆਂ ਦੇ 13 ਦਸੰਬਰ ਦੇ ਫੈਸਲੇ ਮੁਤਾਬਕ ਇਹ ਬਿੱਲ ਪੇਸ਼ ਕੀਤਾ ਗਿਆ ਤਾਂ ਉਸੇ ਦਿਨ ਸਾਰੇ ਦੇਸ਼ ਵਿੱਚ 12 ਵਜੇ ਤੋਂ ਤਿੰਨ ਵਜੇ ਤੱਕ ਰੇਲਾਂ ਜਾਮ ਕੀਤੀਆਂ ਜਾਣਗੀਆਂ ।ਅਗਰ ਫਿਰ ਵੀ ਬਿੱਲ ਵਾਪਸ ਨਾ ਕੀਤਾ ਗਿਆ ਤਾਂ ਦੇਸ਼ ਦੀਆਂ ਕਿਸਾਨ, ਮਜ਼ਦੂਰ, ਮੁਲਾਜ਼ਮ, ਬਿਜਲੀ ਮੁਲਾਜ਼ਮ, ਨੌਜਵਾਨ, ਵਿਦਿਆਰਥੀ, ਔਰਤਾਂ ਅਤੇ ਹੋਰ ਲੋਕ ਹਿਤੈਸ਼ੀ ਜਥੇਬੰਦੀਆਂ ਦਾ ਵੱਡਾ ਏਕਾ ਉਸਾਰ ਕੇ ਸਮੁੱਚੀਆਂ ਜਥੇਬੰਦੀਆਂ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਦਿੱਲੀ ਮੋਰਚੇ ਵਾਂਗ ਵੱਡਾ ਏਕਾ ਕਰਕੇ ਯੁੱਧ ਲੜਿਆ ਜਾਵੇਗਾ।ਇਸ ਨੂੰ ਕਿਸੇ ਵੀ ਕੀਮਤ ਤੇ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ।ਜਿਸ ਦਿਨ ਪੇਸ਼ ਗਿੱਲ ਪੇਸ਼ ਕੀਤਾ ਜਾਵੇਗਾ ਉਸੇ ਦਿਨ ਗੁਰਦਾਸਪੁਰ ਦੀਆਂ ਸਾਰੀਆਂ ਜਥੇਬੰਦੀਆਂ ਗੁਰਦਾਸਪੁਰ ਦੇ ਰੇਲਵੇ ਸਟੇਸ਼ਨ ਤੇ ਚੱਕਾ ਜਾਮ ਕਰਨਗੀਆਂ।ਇਸ ਤੋਂ ਬਾਅਦ ਵੱਡੀ ਲਾਮਬੰਦੀ ਵਾਸਤੇ ਤਿਆਰੀ ਕਰਨ ਹਿੱਤ 28 ਦਸੰਬਰ ਤੋਂ 4 ਜਨਵਰੀ ਤੱਕ ਪਿੰਡ-ਪਿੰਡ ਝੰਡੇ ਮਾਰਚ ਕੀਤੇ ਜਾਣਗੇ ਅਤੇ ਲੋਕਾਂ ਨੂੰ ਵੱਡੇ ਯੁੱਧ ਲਈ ਤਿਆਰ ਕੀਤਾ ਜਾਵੇਗਾ ।ਇਸ ਮੌਕੇ ਰੇਲਾਂ ਜਾਮ ਕਰਨ ਵਾਸਤੇ ਪ੍ਰਬੰਧ ਕਰਨ ਹਿਤ ਪੰਜ ਮੈਂਬਰੀ ਕਮੇਟੀ ਵੀ ਬਣਾਈ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਪ੍ਰੀਤ ਸਿੰਘ ਘਰਾਲਾ, ਰਣਜੀਤ ਸਿੰਘ ਰਾਣਾ ਕਰਾਲਾ, ਗੁਰਵਿੰਦਰ ਸਿੰਘ, ਬਲਬੀਰ ਸਿੰਘ ਉੱਚਾ ਧਕਾਲਾ, ਸਾਹਿਬ ਸਿੰਘ ਘਰਾਲਾ, ਕੁਲਜੀਤ ਸਿੰਘ ਸਿੱਧੂ, ਜਮੀਤਾ ਕਾਲਾ, ਗੁਰਬਚਨ ਸਿੰਘ ਆਦਿ ਸਮੇਤ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ।

# ਐੱਸ ਡੀ ਕਾਲਜ 'ਚ ਸੱਤ ਰੋਜ਼ਾ ਐੱਨ ਐੱਨ ਐੱਸ ਕੈਂਪ ਦਾ ਉਦਘਾਟਨੀ ਸਮਾਰੋਹ ਸਫਲਤਾਪੂਰਵਕ ਸੰਪੰਨ

ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਪੰਡਿਤ ਮੋਹਨ ਲਾਲ ਐੱਸ. ਡੀ. ਕਾਲਜ ਫਾਰ ਵੂਮੈਨ, ਗੁਰਦਾਸਪੁਰ ਦੇ ਐੱਨ. ਐੱਨ. ਐੱਸ. ਯੂਨਿਟ ਵੱਲੋਂ ਕਾਲਜ ਪ੍ਰਿੰਸੀਪਲ ਡਾ. ਨੀਰੂ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੌ ਵਲੰਟੀਅਰਾਂ ਨਾਲ ਅਤੇ (ਗੋਦੀ ਲਏ ਪਿੰਡ ਰਾਵਲ ਗਾਦੜੀਆਂ) ਸੱਤ ਰੋਜ਼ਾ ਐੱਨ. ਐੱਨ. ਐੱਸ. ਕੈਂਪ ਦਾ ਉਦਘਾਟਨ ਸਮਾਰੋਹ ਬੜੇ ਉਤਸ਼ਾਹ ਅਤੇ ਸਫਲਤਾ ਨਾਲ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਡਾ. ਪਰਮਜੀਤ ਸਿੰਘ ਕਲਸੀ (ਸਟੇਟ ਅਤੇ ਨੈਸ਼ਨਲ ਐਵਾਰਡੀ), ਸਾਬਕਾ ਜ਼ਿਲ੍ਹਾ ਭਾਸ਼ਾ ਅਫਸਰ, ਗੁਰਦਾਸਪੁਰ ਤੇ ਮੌਜੂਦਾ ਲੈਕਚਰਾਰ ਨੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਪ੍ਰਿੰਸੀਪਲ ਡਾਕਟਰ ਨੀਰੂ ਸ਼ਰਮਾ ਅਤੇ ਪ੍ਰੋਗਰਾਮ ਅਫਸਰ ਡਾਕਟਰ ਸੁਖਵਿੰਦਰ ਕੌਰ ਨੇ ਮੁੱਖ ਮਹਿਮਾਨ ਨੂੰ ਪੌਦਾ ਭੇਟ ਕਰਕੇ ਕੀਤੀ ਅਤੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਉਪਰੰਤ ਡਾ. ਸੁਖਵਿੰਦਰ ਕੌਰ ਵੱਲੋਂ ਸਮਾਰੋਹ ਦੇ ਮੁੱਖ ਮਹਿਮਾਨ ਡਾ. ਕਲਸੀ ਦੀਆਂ ਅਕਾਦਮਿਕ ਤੇ ਸਾਹਿਤਕ ਖੇਤਰ ਦੀਆਂ ਵਡਮੁੱਲੀਆਂ ਪ੍ਰਾਪਤੀਆਂ ਬਾਰੇ ਵਿਸਥਾਰ ਸਹਿਤ ਵਲੰਟੀਅਰਜ਼ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਪੰਜਾਬੀ ਦੇ ਨਾਮੀ ਗਾਇਕ ਔਜਲਾ ਬ੍ਰਦਰ ਵੀ ਵਿਸ਼ੇਸ਼ ਰੂਪ ਵਿੱਚ ਪਹੁੰਚੇ, ਜਿਨ੍ਹਾਂ ਨੇ ਆਪਣੀ ਸੱਭਿਅਕ ਗਾਇਕੀ ਨਾਲ ਖ਼ੂਬ ਮਨੋਰੰਜਨ ਕੀਤਾ। ਇਸ ਦੌਰਾਨ ਮਿਸਿਜ ਸਮਿਤਾ ਖਜੂਰੀਆ ਨੇ ਪਿਛਲੇ ਸਾਲ ਦੀਆਂ ਐੱਨ. ਐੱਸ. ਐੱਸ. ਗਤੀਵਿਧੀਆਂ ਅਤੇ ਸੱਤ ਰੋਜ਼ਾ ਕੈਂਪ ਦੀਆਂ ਝਲਕੀਆਂ ਪੀਪੀਟੀ



ਪ੍ਰੈਜ਼ੈਂਟੇਸ਼ਨ ਰਾਹੀਂ ਪੇਸ਼ ਕੀਤੀਆਂ। ਇਸ ਤੋਂ ਬਾਅਦ ਡਾ. ਸੁਖਵਿੰਦਰ ਕੌਰ ਨੇ ਕੈਂਪ ਦੀਆਂ ਗਤੀਵਿਧੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਦੌਰਾਨ ਅਲਟਰੂਇਜ਼ਮ ਡਰਾਈਵ ਤਹਿਤ ਬਜ਼ੁਰਗ ਆਸ਼ਰਮ ਦਾ ਦੌਰਾ, ਟ੍ਰਿਪਲ ਪਲੈਨੇਟਰੀ ਕਰਾਈਸਿਜ਼ ਬਾਰੇ ਜਾਗਰੂਕਤਾ ਰੈਲੀ, "ਮਾਈਂਡਫੁਲ ਈਟਿੰਗ, ਮਾਈਂਡਫੁਲ ਲਿਵਿੰਗ" ਵਿਸ਼ੇ ਤੇ ਵਿਸ਼ੇਸ਼ ਲੈਕਚਰ, ਨਿਯਮਿਤ ਸਿਹਤ ਜਾਂਚ, ਈਚ ਵਨ ਟੀਚ ਵਨ ਪ੍ਰੋਗਰਾਮ, ਸਿਹਤਮੰਦ ਭੋਜਨ ਅਤੇ ਖੁਸ਼ਹਾਲ ਜੀਵਨ ਸ਼ੈਲੀ ਸਬੰਧੀ ਗਤੀਵਿਧੀਆਂ, ਏਆਈ ਨਾਲ ਜੁੜੀ ਜਾਗਰੂਕਤਾ ਅਤੇ ਹੱਥੀਂ ਕੰਮ ਕਰਨ ਦੀ ਆਦਤ ਨੂੰ ਉਤਸ਼ਾਹਿਤ ਕਰਨ ਲਈ ਛੋਟੀਆਂ-ਛੋਟੀਆਂ ਰਚਨਾਤਮਕ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਮੁੱਖ ਮਹਿਮਾਨ ਡਾ. ਪਰਮਜੀਤ ਸਿੰਘ ਕਲਸੀ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਐੱਨ. ਐੱਸ. ਐੱਸ ਕੈਂਪ ਵਿਦਿਆਰਥੀਆਂ ਨੂੰ ਸਮਾਜ ਨਾਲ ਜੋੜਨ ਦਾ ਮਜ਼ਬੂਤ ਮਾਧਿਅਮ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪਾਂ ਰਾਹੀਂ ਨੌਜਵਾਨਾਂ ਵਿੱਚ ਸੇਵਾ ਭਾਵਨਾ, ਅਨੁਸ਼ਾਸਨ, ਸਹਿਯੋਗ ਅਤੇ ਨੈਤਿਕ ਮੁੱਲ ਵਿਕਸਿਤ ਹੁੰਦੇ ਹਨ। ਉਨ੍ਹਾਂ ਵਿਦਿਆਰਥਣਾਂ ਨੂੰ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਮਝਣ ਅਤੇ ਦੇਸ਼-ਨਿਰਮਾਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਕਾਲਜ ਪ੍ਰਿੰਸੀਪਲ ਡਾ. ਨੀਰੂ ਸ਼ਰਮਾ ਨੇ ਮੁੱਖ ਮਹਿਮਾਨ ਨੂੰ ਕਾਲਜ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕਰਕੇ ਧੰਨਵਾਦ ਪ੍ਰਗਟਾਇਆ। ਉਨ੍ਹਾਂ ਨੇ ਕਿਹਾ ਕਿ ਸੱਤ ਰੋਜ਼ਾ ਐੱਨ. ਐੱਸ. ਐੱਸ ਕੈਂਪ ਵਿਦਿਆਰਥਣਾਂ ਦੇ ਸਰਬਪੱਖੀ ਵਿਕਾਸ ਵਿੱਚ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥਣਾਂ ਵਿੱਚ ਸਮਾਜਿਕ ਜ਼ਿੰਮੇਵਾਰੀ, ਸਿਹਤਮੰਦ ਜੀਵਨ ਸ਼ੈਲੀ ਅਤੇ ਅਗਵਾਈ ਦੇ ਗੁਣ ਵਿਕਸਿਤ ਹੁੰਦੇ ਹਨ ਉਨ੍ਹਾਂ ਵਿਦਿਆਰਥਣਾਂ ਨੂੰ ਕੈਂਪ ਵਿੱਚ ਪੂਰੇ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕਰਦਿਆਂ ਕੈਂਪ ਦੀ ਸਫਲਤਾ ਲਈ ਸ਼ੁਭ ਕਾਮਨਾਵਾਂ ਦਿੱਤੀਆਂ।

# ਦਸਮੇਸ਼ ਵਿਦਿਅਕ ਸੰਸਥਾਵਾਂ 'ਚ ਖੇਡ ਸਮਾਗਮ ਦੇ ਚੌਥੇ ਦਿਨ ਹੋਏ ਸ਼ਾਨਦਾਰ ਰੋਮਾਂਚਕ ਮੁਕਾਬਲੇ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਦਸਮੇਸ਼ ਵਿਦਿਅਕ ਸੰਸਥਾਵਾਂ ਮਹਿਤਾ ਚੌਕ ਵਿਖੇ ਚੱਲ ਰਹੇ ਚਾਰ ਰੋਜ਼ਾ ਖੇਡ ਸਮਾਗਮ ਦੇ ਚੌਥੇ ਦਿਨ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਇਹ ਖੇਡ ਸਮਾਗਮ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ , ਮਾਤਾ ਗੁਜਰ ਕੌਰ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਇਆ ਗਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਤਰਨਜੀਤ ਸਿੰਘ ਸੰਧੂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ।



ਇਸ ਦੌਰਾਨ ਵਿਦਿਆਰਥੀਆਂ ਨੇ ਵੱਖ-ਵੱਖ ਈਵੈਂਟਸ ਕੱਪ ਰੇਸ, ਕਾਰਬੋਡ ਰੇਸ, ਵਨ ਲੈੱਗ ਰੇਸ, ਬੈਲੂਨ ਰੇਸ, ਸੈਕ ਰੇਸ, ਰਿਲੇਅ 400 ਮੀਟਰ ਰੇਸ 'ਚ ਹਿੱਸਾ ਲਿਆ।ਬੱਚਿਆਂ ਵੱਲੋਂ ਐਥਲੀਟ ਈਵੈਂਟਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਚਾਰ ਸਾਹਿਬਜ਼ਾਦਿਆਂ ਨਾਲ ਸੰਬੰਧਿਤ ਕੋਰੀਓਗ੍ਰਾਫੀ ਦੀ ਪੇਸ਼ਕਾਰੀ ਇੰਟਰ ਹਾਊਸ ਮੁਕਾਬਲਿਆਂ ਰਾਹੀਂ ਪੇਸ਼ ਕੀਤੀ ਗਈ, ਜਿਸ ਚ ਦਸਮੇਸ਼ ਪਬਲਿਕ ਸੀਨੀਅਰ ਸੈਕੰਡਰੀ ਤੋਂ ਬਿਆਸ ਹਾਊਸ ਪਹਿਲੇ ਸਥਾਨ, ਰਾਵੀ ਹਾਊਸ ਦੂਸਰੇ, ਸਤਲੁਜ ਹਾਊਸ ਤੇ ਰਾਵੀ ਹਾਊਸ ਤੀਸਰੇ ਸਥਾਨ 'ਤੇ ਰਹੇ।ਪੈਸੀਫਿਕ ਹਾਊਸ ਪਹਿਲੇ, ਐਟਲਾਂਟਿਕ ਹਾਊਸ ਦੂਜੇ ਅਤੇ ਇੰਡੀਅਨ ਹਾਊਸ ਤੀਜੇ ਸਥਾਨ 'ਤੇ ਰਿਹਾ।ਇਸ ਸਮਾਗਮ ਮੌਕੇ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਵਿਦਿਆਰਥੀਆਂ ਨੂੰ ਸਿਰਫ ਕਿਤਾਬਾਂ ਵਾਲੀ ਪੜ੍ਹਾਈ ਨਹੀਂ, ਸਗੋਂ ਹੁਨਰ ਵਾਲੀ ਪੜ੍ਹਾਈ ਕਰਨ ਦੀ ਸਿੱਖਿਆ ਦਿੱਤੀ।ਉਨ੍ਹਾਂ ਨੇ ਕਿਹਾ ਕਿ ਦਸਮੇਸ਼ ਪਿਤਾ ਦੀ ਅਦੁੱਤੀ ਸ਼ਹਾਦਤ ਕਾਰਨ ਹੀ ਅਸੀਂ ਅੱਜ ਸਿੱਖੀ ਸਰੂਪ 'ਚ ਸਜੇ ਬੈਠੇ ਹਾਂ।ਸਮਾਗਮ ਦੇ ਚੌਥੇ ਦਿਨ ਸੰਸਥਾਵਾਂ ਦੇ ਚੇਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਅਤੇ ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ ਨੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਸ: ਗੁਰਕੀਰਤ ਸਿੰਘ ਢਿੱਲੋਂ, ਸ: ਕੁਲਵੰਤ ਸਿੰਘ ਕੁਹਾੜ, ਸ: ਕੁਲਬੀਰ ਸਿੰਘ ਮਾਨ, ਸ: ਸੁਰਜੀਤ ਸਿੰਘ ਕੁਹਾੜ, ਸ: ਤੇਜਵੀਰ ਸਿੰਘ ਸੋਹਲ, ਸ: ਗੁਰਦੀਪ ਸਿੰਘ ਜਲਾਲ ਉਸਮਾ, ਜਤਿੰਦਰ ਕੁਮਾਰ ਸ਼ਰਮਾ, ਸ: ਸੁਖਪਾਲ ਸਿੰਘ ਬੱਲ, ਕੈਪਟਨ ਜਤਿੰਦਰ ਸਿੰਘ, ਸ: ਜਤਿੰਦਰ ਪਾਲ ਸਿੰਘ, ਸ: ਅਮਨਪਾਲ ਸਿੰਘ, ਮੈ. ਮਨਜੀਤ ਕੌਰ ਪੱਡਾ, ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।


# ਹਲਕਾ ਮਜੀਠਾ 'ਚ ਵੋਟਾਂ ਅਮਨ-ਅਮਾਨ ਨਾਲ ਪਈਆਂ; ਵੋਟਿੰਗ ਰਹੀ 50 ਫੀਸਦੀ



ਮਜੀਠਾ (ਸੋਇਮ ਆਨੰਦ)-ਬਹੁ ਚਰਚਿਤ ਵਿਧਾਨ ਸਭਾ ਹਲਕਾ ਮਜੀਠਾ ਜਿੱਥੇ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਅਤੇ ਪ੍ਰਮੁੱਖ ਵਿਰੋਧੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਿੱਚ ਫਸਵਾਂ ਮੁਕਾਬਲਾ ਬਣਿਆ ਹੋਇਆ ਸੀ, ਵਿਖੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਵੋਟਾਂ ਪੈਣ ਦਾ ਕੰਮ ਅਮਨ ਅਮਾਨ ਨਾਲ ਨੇਪਰੇ ਚੜ੍ਹ ਗਿਆ। ਇਥੇ ਸਵੇਰੇ ਮਿਥੇ ਸਮੇਂ ਅਨੁਸਾਰ 8 ਵਜੇ ਵੋਟਾਂ ਪੈਣ ਦਾ ਕੰਮ ਸ਼ੁਰੂ ਹੋਇਆ ਅਤੇ ਇਹ ਪ੍ਰਕਿਰਿਆ ਸ਼ਾਮ 4 ਵਜੇ ਤੱਕ ਜਾਰੀ ਰਹੀ ਪਰ ਕੁੱਝ ਕੁ ਪਿੰਡਾਂ ਵਿੱਚ ਮਿਥੇ ਸਮੇਂ ਤੋਂ ਬਾਅਦ ਵੀ ਵੋਟਾਂ ਪੈਣ ਦਾ ਕੰਮ ਚਲਦਾ ਰਿਹਾ। ਇਸ ਦੌਰਾਨ ਇਥੇ ਵੋਟਾਂ ਦੀ ਕੁੱਲ ਫੀਸਦੀ 50 ਦੇ ਕਰੀਬ ਰਹੀ। ਜ਼ਿਕਰਯੋਗ ਹੈ ਕਿ ਹਲਕਾ ਮਜੀਠਾ ਦੇ ਕਈ ਪਿੰਡਾਂ ਵਿੱਚ ਭਾਵੇਂ ਵੋਟਰਾਂ ਵਿੱਚ ਉਤਸ਼ਾਹ ਮੱਠਾ ਵੇਖਣ ਨੂੰ ਮਿਲਿਆ ਪਰ ਚੋਣ ਮੈਦਾਨ ਵਿੱਚ ਉਤਰੀਆਂ ਪਾਰਟੀਆਂ ਦੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਵੋਟਾਂ ਪਵਾਉਣ ਲਈ ਆਪਣੀ ਪੂਰੀ ਤਾਕਤ ਲਗਾਈ ਰੱਖੀ। ਕੁੱਲ ਮਿਲਾ ਕੇ ਹਲਕਾ ਮਜੀਠਾ ਵਿੱਚ ਵੋਟਾਂ ਦਾ ਕੰਮ ਅਮਨ ਅਮਾਨ ਨਾਲ ਨੇਪਰੇ ਚੜ੍ਹ ਗਿਆ।

# ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰੇ ਦੀ ਘੰਟੀ

**ਗੁਰਦਾਸਪੁਰ, (ਜਨਕ ਮਹਾਜਨ)**-ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਬੇਸ਼ੱਕ ਸਮੇਂ-ਸਮੇਂ ਦੀਆਂ ਸਰਕਾਰਾਂ ਵਲੋਂ ਵੱਖ-ਵੱਖ ਯੋਗ ਉਪਰਾਲੇ ਕੀਤੇ ਜਾਂਦੇ ਰਹੇ ਹਨ ਪਰ ਅੱਜ ਵੀ ਪਾਣੀ ਦੀ ਦੁਰਵਰਤੋਂ ਭਵਿੱਖ ਲਈ ਇਕ ਚਿੰਤਾ ਦਾ ਵਿਸ਼ਾ ਹੈ। ਮਾਹਿਰਾਂ ਮੁਤਾਬਿਕ ਧਰਤੀ ਹੇਠਾਂ ਪੀਣ ਯੋਗ ਪਾਣੀ ਕੁਝ ਸਾਲਾਂ ਦਾ ਹੀ ਬਚਿਆ ਹੈ ਪਰ ਫ਼ਿਰ ਵੀ ਲੋਕ ਪਾਣੀ ਦੀ ਸਾਂਭ-ਸੰਭਾਲ ਵੱਲ ਖ਼ਾਸ ਖਿਆਲ ਨਹੀਂ ਦੇ ਰਹੇ। ਇਸ ਸਬੰਧੀ ਗੱਲਬਾਤ ਕਰਦਿਆਂ ਕੁਝ ਸਮਾਜ ਸੇਵੀ ਆਗੂਆਂ ਨੇ ਦੱਸਿਆ ਕਿ ਮਨੁੱਖੀ ਜੀਵਨ ਪਾਣੀ ਤੋਂ ਬਿਨਾ ਅਸੰਭਵ ਹੈ ਇਸ ਲਈ ਪਾਣੀ ਦੀ ਸਾਂਭ-ਸੰਭਾਲ ਕਰਨਾ ਸਾਡੀ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਪੰਜਾਬ ਸਰਕਾਰ ਵਲੋਂ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਕਰਨ ਦਾ ਹੋਕਾ ਵਾਰ-ਵਾਰ ਦਿੱਤਾ ਜਾਂਦਾ ਹੈ ਪਰ ਸਿੱਧੀ ਬਿਜਾਈ ਵੱਲ ਕਿਸਾਨਾਂ ਵੱਲੋਂ ਕੋਈ ਖ਼ਾਸ ਤਰਜੀਹ ਨਹੀਂ ਦਿੱਤੀ ਜਾਂਦੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਅੰਦਰ ਇਸ ਵਾਰ ਵੀ ਕਿਸਾਨਾਂ ਵੱਲੋਂ ਬਹੁਤ ਘੱਟ ਝੋਨੇ ਦੀ ਸਿੱਧੀ ਬਿਜਾਈ ਕੀਤੀ ਗਈ ਹੈ ਅਤੇ ਜ਼ਿਆਦਾਤਰ ਕਿਸਾਨਾਂ ਨੇ ਕੱਦੂ ਕਰਕੇ ਹੀ ਝੋਨਾ ਲਗਾਉਣ ਨੂੰ ਪਹਿਲ ਦਿੱਤੀ ਹੈ। ਸਮਾਜ ਸੇਵੀਆਂ ਦਾ ਕਹਿਣਾ ਹੈ ਕਿ ਮੋਟਰਾਂ ਦੇ ਬਿੱਲ ਮਾਫ਼ ਹੋਣ ਕਿਸਾਨਾਂ ਵਲੋਂ ਮੋਟਰਾਂ ਨੂੰ ਆਟੋਕੱਟ ਲਗਾ ਦਿੱਤੇ ਗਏ ਹਨ ਅਤੇ ਬਿਜਲੀ ਆਉਣ 'ਤੇ ਮੋਟਰਾਂ ਲਗਾਤਾਰ ਚਲਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ ਬੱਸ ਅੱਡਿਆ 'ਤੇ ਪਾਣੀ ਵਾਲੀਆਂ ਟੂਟੀਆਂ ਹਰ ਸਮੇਂ ਆਮ ਹੀ ਚਲਦੀਆਂ ਦੇਖੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਬੰਦ ਕਰਨ ਵੱਲ ਕੋਈ ਧਿਆਨ ਨਹੀਂ ਦਿੰਦਾ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪਿੰਡਾਂ ਅੰਦਰ ਕੁਝ ਲੋਕ ਆਪਣੇ ਘਰਾਂ ਦੇ ਬਾਹਰ ਗੱਡੀਆਂ ਮੋਟਰਾਂ ਤੋਂ ਇਲਾਵਾ ਵੱਡੀਆਂ ਪਾਈਪਾਂ ਲਗਾ ਕੇ ਸਬਜ਼ੀਆਂ ਵਾਲੀਆਂ ਕਿਆਰੀਆਂ ਅਤੇ ਗਲੀਆਂ ਨੂੰ ਲੰਬਾ ਸਮਾਂ ਸਾਫ਼ ਕਰਦੇ ਰਹਿੰਦੇ ਹਨ ਜਿਸ ਨਾਲ ਪਾਣੀ ਦੀ ਦੁਰਵਰਤੋਂ ਹੁੰਦੀ ਰਹਿੰਦੀ ਹੈ।



ਉਨ੍ਹਾਂ ਕਿਹਾ ਕਿ ਜੇਕਰ ਇਸੇ ਤਰ੍ਹਾਂ ਪਾਣੀ ਦੀ ਦੁਰਵਰਤੋਂ ਹੁੰਦੀ ਰਹੀ ਤਾਂ ਆਉਣ ਵਾਲੀ ਪੀੜ੍ਹੀ ਲਈ ਜ਼ਿੰਦਗੀ ਜਿਊਣਾ ਹੋਰ ਮੁਸ਼ਕਿਲ ਹੋ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਪਾਣੀ ਦੀ ਦੁਰਵਰਤੋਂ ਨੂੰ ਰੋਕਣ ਲਈ ਠੋਸ ਉਪਰਾਲੇ ਕੀਤੇ ਜਾਣ ਜਿਸ ਨਾਲ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾ ਸਕੇ।

# ਜੇ ਐੱਮ ਕੇ ਇੰਟਰਨੈਸ਼ਨਲ ਸਕੂਲ ਵਿੱਚ ਕਰਵਾਈ ਕੁਇਜ਼ ਪ੍ਰਤੀਯੋਗਤਾ

ਪਠਾਨਕੋਟ (ਦਵਿੰਦਰ ਸਿੰਘ): ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ-ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਅਤੇ ਸੀਜੇਐੱਮ ਰੁਪਿੰਦਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਯੂਥ ਅਗੇਂਸਟ ਡਰੱਗਸ ਮੁਹਿੰਮ ਦੇ ਤਹਿਤ ਜੇਐੱਮਕੇ ਇੰਟਰਨੈਸ਼ਨਲ ਸਕੂਲ ਪਠਾਨਕੋਟ ਵਿੱਚ ਸਿਵਲ ਜੱਜ ਬਬੀਤਾ ਦੀ ਅਗਵਾਈ ਵਿੱਚ ਪ੍ਰਿੰਸੀਪਲ ਨੀਤੀ ਕੋਚਰ ਦੀ ਦੇਖ-ਰੇਖ ਵਿੱਚ ਨਸ਼ੇ ਤੇ ਕੁਇਜ਼ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਪੈਨਲ ਐਡਵੋਕੇਟ ਨਵਦੀਪ ਸੈਣੀ, ਐਡਵੋਕੇਟ ਰੱਖੀਆ ਪੰਡਿਤ, ਪੀਐੱਲਵੀ ਵਿਨੋਦ ਕੁਮਾਰ ਅਤੇ ਪੀਐੱਲਵੀ ਰੋਹਿਤ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਇਸ ਪ੍ਰਤੀਯੋਗਤਾ ਵਿੱਚ ਵਿਦਿਆਰਥੀਆਂ ਵੱਲੋਂ ਕੁਇਜ਼ ਪ੍ਰਤਿਯੋਗਤਾ ਰਾਹੀ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪਠਾਨਕੋਟ ਵਿੱਚ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਦੀ ਅਗਵਾਈ ਵਿੱਚ ਜ਼ਿਲ੍ਹਾ ਪਠਾਨਕੋਟ ਦੇ 6 ਬਲਾਕ ਪਠਾਨਕੋਟ, ਸੁਜਾਨਪੁਰ, ਨਰੋਟ ਜੈਮਲ ਸਿੰਘ, ਬਮਿਆਲ, ਧਾਰ ਅਤੇ ਘਰੋਟਾ ਵਿਖੇ ਯੂਥ ਅਗੇਂਸਟ ਡਰੱਗਸ ਮੁਹਿੰਮ ਦੇ ਤਹਿਤ ਵੱਖ-ਵੱਖ ਸਕੂਲਾਂ ਪਿੰਡਾਂ ਵਿੱਚ ਪ੍ਰੋਗਰਾਮ ਅਯੋਜਿਤ ਕੀਤੇ ਜਾ ਰਹੇ ਹਨ, ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਪੰਜਾਬ ਦਾ ਯੂਥ ਵਰਗ ਨਸ਼ੇ ਦੀ ਦਲਦਲ ਵਿੱਚ ਧਸਦਾ ਜਾ ਰਿਹਾ ਹੈ। ਪੰਜਾਬ ਦੇ ਵੀਰਾਂ ਨੇ ਆਪਣੀਆਂ ਕੁਰਬਾਨੀਆਂ ਦੇ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਵਿੱਚ ਅਹਿਮ ਰੋਲ ਨਿਭਾਇਆ ਹੈ, ਪਰ ਅੱਜ ਦਾ ਯੂਥ ਵਰਗ ਨਸ਼ੇ



ਵਿੱਚ ਡੁੱਬ ਕੇ ਆਪਣੀ ਜਵਾਨੀ ਖਰਾਬ ਕਰ ਰਿਹਾ ਹੈ।ਉਨ੍ਹਾਂ ਦੱਸਿਆ ਕਿ ਬਾਲ ਵਿਆਹ ਵੀ ਸਮਾਜ ਉਪਰ ਇੱਕ ਕਲੰਕ ਹੈ ਜਿਸ ਨੂੰ ਖਤਮ ਕਰਨ ਲਈ ਸਾਨੂੰ ਸਾਰਿਆਂ ਨੂੰ ਅੱਗੇ ਆਉਣਾ ਹੋਵੇਗਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਹਰ ਜ਼ਰੂਰਤਮੰਦ ਵਿਅਕਤੀ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਵੀ ਦਿੱਤੀ ਜਾਂਦੀ ਹੈ, ਜਿਸ ਵਿੱਚ ਮੁਫ਼ਤ ਵਿੱਚ ਵਕੀਲ ਦੇ ਕੇ ਹਰ ਜ਼ਰੂਰਤਮੰਦ ਦਾ ਕੇਸ ਮੁਫ਼ਤ ਵਿੱਚ ਲੜਿਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਸਮੇਂ ਸਮੇਂ 'ਤੇ ਨੈਸ਼ਨਲ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਵਿੱਚ ਲੋਕ ਆਪਣਾ ਕੇਸ ਲਗਵਾ ਕੇ ਸਸਤਾ ਅਤੇ ਸਰਲ ਨਿਆਂ ਪ੍ਰਾਪਤ ਕਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਅਨੁਸੂਚਿਤ ਜਾਤੀ, ਮਜ਼ਦੂਰ, ਅਪੰਗ, ਜੇਲਾਂ ਵਿੱਚ ਬੰਦ ਲੋਕ ਅਤੇ ਜਿਨ੍ਹਾਂ ਲੋਕਾਂ ਦੀ ਆਮਦਨ ਸਾਲਾਨਾ 3 ਲੱਖ ਤੋਂ ਘੱਟ ਹੈ, ਨੂੰ ਮੁਫ਼ਤ ਵਿੱਚ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ।ਉਨ੍ਹਾਂ ਦੱਸਿਆ ਕਿ ਅਸੀਂ ਟੋਲ ਫਰੀ ਨੰਬਰ 15100 'ਤੇ ਵੀ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਾਂ।

# ਨਵ ਯੁਵਕ ਸੇਵਕ ਸਭਾ ਨੇ ਕਰਵਾਇਆ ਜਗਰਾਤਾ



ਛੇਹਰਟਾ, (ਮਨੋਜ ਕੁਮਾਰ)-ਚੌਕ ਪਾਸੀਆਂ, ਗਲੀ ਮੱਖੀ ਵਾਲੀ ਵਿਚ ਮਾਤਾ ਰਾਣੀ ਦਾ ਚੌਥਾ ਜਗਰਾਤਾ ਬੜੀ ਧੂਮ ਧਾਮ ਨਾਲ ਕਰਵਾਇਆ ਗਿਆ। ਸਚਿਨ ਸੋਨੂੰ ਵਰਮਾ ਤੇ ਭਜਨ ਗਾਇਕ ਨਵਲ ਸ਼ਰਮਾ ਵੱਲੋਂ ਮਾਤਾ ਰਾਣੀ ਦੀਆਂ ਭੇਟਾਂ ਗਾਈਆਂ ਗਈਆਂ। ਜਗਰਾਤੇ ਵਿਚ ਮੁੱਖ ਮਹਿਮਾਨ ਵਜੋਂ ਰਾਸ਼ਟਰੀ ਹਿੰਦੂ ਚੇਤਨਾ ਮੰਚ ਦੇ ਸੂਬਾ ਪ੍ਰਧਾਨ ਅਨੁਜ ਖੇਮਕਾ, ਸਮਾਜ ਸੇਵਕ ਅਸ਼ਵਨੀ ਜੋਸ਼ੀ ਤੇ ਮੁਕੇਸ਼ ਕੁਮਾਰ ਸ਼ਾਮਿਲ ਹੋਏ ਅਤੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸਚਿਨ ਸੋਨੂੰ ਵਰਮਾ ਤੇ ਨਵਲ ਵਰਮਾ ਵੱਲੋਂ ਅਨੁਜ ਖੇਮਕਾ, ਅਸ਼ਵਨੀ ਜੋਸ਼ੀ ਤੇ ਮੁਕੇਸ਼ ਕੁਮਾਰ ਨੂੰ ਮਾਤਾ ਰਾਣੀ ਦੀ ਚੁਨਰੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਿਮਾਂਸ਼ੂ ਵਰਮਾ, ਦੀਵਾਂਸ਼ੂ ਵਰਮਾ ਤੇ ਹੋਰ ਸ਼ਰਧਾਲੂ ਮੌਜੂਦ ਸਨ।

# ਖਾਣ-ਪੀਣ ਵਾਲੀਆਂ ਚੀਜ਼ਾਂ 'ਤੇ ਐਕਸਪਾਇਰੀ ਡੇਟ ਲਿਖਣ ਦਾ ਕੀ ਫਾਇਦਾ ਜੇਕਰ ਇਸ 'ਤੇ ਅਮਲ ਹੀ ਨਹੀਂ ਹੋਣਾ!

ਗੁਰਦਾਸਪੁਰ, (ਜਨਕ ਮਹਾਜਨ)-ਖਾਣ ਪੀਣ ਵਾਲੀਆਂ ਚੀਜ਼ਾਂ 'ਤੇ ਐਕਸਪਾਇਰੀ ਮਿਤੀ ਲਿਖਣ ਦਾ ਕੀ ਫਾਇਦਾ ਜੇਕਰ ਇਨ੍ਹਾਂ ਬੰਦ ਪੈਕੇਟਾਂ ਅਤੇ ਬੋਤਲਾਂ ਨੂੰ ਸਮੇਂ ਸਿਰ ਵਿਭਾਗ ਨੇ ਚੈੱਕ ਹੀ ਨਹੀਂ ਕਰਨਾ। ਇਹ ਸਾਰੀ ਜ਼ਿੰਮੇਵਾਰੀ ਸਿਹਤ ਵਿਭਾਗ ਦੇ ਅਧਿਕਾਰੀਆਂ ਦੀ ਬਣਦੀ ਹੈ। ਮਿਸਾਲ ਦੇ ਤੌਰ 'ਤੇ ਪਿੰਡਾਂ ਤੇ ਸ਼ਹਿਰਾਂ ਵਿਚ ਛੋਟੇ-ਵੱਡੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਅੰਦਰ ਅਤੇ ਬਾਹਰ ਖਾਣ ਪੀਣ ਵਾਲੇ ਪੈਕੇਟ ਭੁਜੀਆ, ਕੁਰਕਰੇ, ਲੇਜ ਆਦਿ ਲਗਾਏ ਹੁੰਦੇ ਹਨ ਜਿਨ੍ਹਾਂ ਉਪਰ ਬਣਨ ਅਤੇ ਐਕਸਪਾਇਰੀ ਮਿਤੀ ਲਿਖੀ ਹੁੰਦੀ ਹੈ। ਕਈ ਵਾਰ ਪੈਕੇਟ ਖਰੀਦਣ ਤੋਂ ਪਤਾ ਚੱਲਦਾ ਹੈ ਕਿ ਇਸ ਦੀ ਤਾਂ ਐਕਸਪਾਇਰੀ ਮਿਤੀ ਲੰਘ ਚੁੱਕੀ ਹੈ, ਇਸ ਦੇ ਬਾਵਜੂਦ ਵੀ ਦੁਕਾਨਦਾਰ ਧੜੱਲੇ ਨਾਲ ਅਜਿਹੇ ਬੰਦ ਪੈਕੇਟ ਅਤੇ ਬੋਤਲਾਂ ਵੇਚ ਰਹੇ ਹਨ। ਇਹ ਸਾਰਾ ਸਿਹਤ ਵਿਭਾਗ ਦੀ ਅਣਗਹਿਲੀ ਅਤੇ ਲਾਪਰਵਾਹੀ ਨਾਲ ਹੋ ਰਿਹਾ ਹੈ ਜਿਸ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ। ਬਹੁਤ ਘੱਟ ਸੁਣਨ ਅਤੇ ਅਖਬਾਰਾਂ ਵਿੱਚ ਪੜ੍ਹਨ ਨੂੰ ਮਿਲਦਾ ਹੈ ਕਿ ਇਸ ਮਹੀਨੇ ਗੁਰਦਾਸਪੁਰ ਸ਼ਹਿਰ ਅਤੇ ਪਿੰਡਾਂ ਵਿੱਚ ਕਿੰਨੇ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਨਮੂਨੇ ਲਏ ਗਏ ਅਤੇ ਕਿੰਨੇ ਫੇਲ੍ਹ ਹੋਏ। ਬੰਦ ਪੈਕੇਟਾਂ ਵੱਲ ਤਾਂ ਕਦੇ ਕਿਸੇ ਅਧਿਕਾਰੀ ਦਾ ਧਿਆਨ ਨਹੀਂ ਗਿਆ। ਦੁੱਧ, ਪਨੀਰ ਆਦਿ ਦੇ ਸੈਂਪਲ ਭਰੇ ਜਾਣ ਬਾਰੇ ਵੀ ਲੋਕਾਂ ਨੂੰ ਘੱਟ ਹੀ ਜਾਣਕਾਰੀ ਮਿਲਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਸਮੇਂ-ਸਮੇਂ ਸਿਰ ਸੈਂਪਲ ਭਰੇ ਜਾਣ ਤਾਂ ਘਟੀਆ ਤੇ ਮਿਲਾਵਟੀ ਸਾਮਾਨ ਵੇਚਣ ਵਾਲੇ ਦੁਕਾਨਦਾਰ ਅੰਦਰ ਖੌਫ ਪੈਦਾ ਹੋਵੇਗਾ ਅਤੇ ਉਹ ਘਟੀਆ ਮਿਆਰ ਵਾਲਾ ਸਾਮਾਨ ਵੇਚਣ ਤੋਂ ਡਰਨਗੇ।

# ਵੋਟਾਂ ਦੀ ਗਿਣਤੀ ਭਲਕ ਨੂੰ ਸਵੇਰੇ 8 ਵਜੇ; ਤਿਆਰੀਆਂ ਮੁਕੰਮਲ: ਚੋਣ ਅਫਸਰ

ਡੇਰਾ ਬਾਬਾ ਨਾਨਕ, ਬਟਾਲਾ, (ਰਮੇਸ਼ ਸ਼ਰਮਾ, ਡਾ. ਮਲਵਿੰਦਰ ਸਿੰਘ)-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਲਈ ਵੋਟਿੰਗ ਪ੍ਰਕਿਰਿਆ ਸ਼ਾਂਤਮਈ ਤਰੀਕੇ ਨਾਲ ਪੂਰੀ ਹੋਣ ਪਿੱਛੋਂ ਵੋਟਾਂ ਦੀ ਗਿਣਤੀ 17 ਦਸੰਬਰ ਨੂੰ ਹੋਵੇਗੀ ਜਿਸ ਸਬੰਧੀ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਦਿੱਤਿਆ ਉਪਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਤਿਆਰੀਆਂ ਕੀਤੀਆਂ ਗਈਆਂ ਹਨ।ਇਸ ਸਬੰਧੀ ਗੱਲ ਕਰਦਿਆਂ ਗੁਰਪ੍ਰੀਤ ਸਿੰਘ ਗਿੱਲ, ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਦੱਸਿਆ ਕਿ ਗਿਣਤੀ ਲਈ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ ।ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ ਵੱਖ-ਵੱਖ ਸਥਾਨਾਂ 'ਤੇ ਬਣਾਏ ਗਏ ਗਿਣਤੀ ਕੇਂਦਰਾਂ ਵਿੱਚ 17 ਦਸੰਬਰ ਨੂੰ ਸਵੇਰੇ 8 ਵਜੇ ਤੋਂ ਸ਼ੁਰੂ ਹੋਵੇਗੀ।ਉਨ੍ਹਾਂ ਦੱਸਿਆ ਕਿ ਸਮੂਹ ਰਿਟਰਨਿੰਗ ਅਫਸਰਾਂ ਨੂੰ ਵੋਟਾਂ ਦੀ ਨਿਰਪੱਖ ਤੇ ਪਾਰਦਰਸ਼ਤਾ ਨਾਲ ਗਿਣਤੀ ਦੇ ਲਈ ਸਖਤ ਨਿਰਦੇਸ਼ ਦਿੱਤੇ ਗਏ ਹਨ ਤੇ ਨਾਲ ਹੀ ਪੁਖਤਾ ਪ੍ਰਬੰਧ ਯਕੀਨੀ ਬਣਾਉਣ ਦੇ ਵੀ ਹੁਕਮ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਬਲਾਕ ਦੀਨਾਨਗਰ ਦਾ ਗਿਣਤੀ ਸੈਂਟਰ ਆਰੀਆ ਸਕੂਲ ਦੀਨਾਨਗਰ ਵਿਖੇ, ਬਲਾਕ ਦੋਰਾਂਗਲਾ ਦਾ ਗਿਣਤੀ ਸੈਂਟਰ ਸ. ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਵਿਖੇ, ਬਲਾਕ ਗੁਰਦਾਸਪੁਰ ਦਾ ਸੈਂਟਰ ਸਕੂਲ ਆਫ ਐਮੀਨੈਂਸ, ਗੁਰਦਾਸਪੁਰ ਦੇ ਮੁੱਖ ਹਾਲ ਵਿਖੇ, ਬਲਾਕ ਧਾਰੀਵਾਲ ਦਾ ਸੈਂਟਰ, ਮਿਲਣ ਮੈਮੋਰੀਅਲ ਹਾਈ ਸਕੂਲ ਧਾਰੀਵਾਲ ਵਿਖੇ, ਬਲਾਕ ਕਾਹਨੂੰਵਾਨ ਦਾ ਸੈਂਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਕਾਹਨੂੰਵਾਨ ਵਿਖੇ, ਬਲਾਕ ਬਟਾਲਾ ਦਾ ਗਿਣਤੀ ਸੈਂਟਰ, ਬੇਰਿੰਗ ਯੂਨੀਅਨ ਕ੍ਰਿਸਚੀਅਨ ਕਾਲਜ ਬਟਾਲਾ ਵਿਖੇ, ਬਲਾਕ ਕਾਦੀਆਂ ਦਾ ਗਿਣਤੀ ਸੈਂਟਰ ਡੀਏਵੀ ਸ.ਸ.ਸ. ਕਾਦੀਆ ਵਿਖੇ, ਬਲਾਕ ਸ੍ਰੀ ਹਰਗੋਬਿੰਦਪੁਰ ਦਾ ਸੈਂਟਰ ਬਾਬਾ ਨਾਮਦੇਵ (ਯੂਨੀਵਰਸਿਟੀ) ਕਾਲਜ ਕਿਸ਼ਨਕੋਟ (ਘੁਮਾਣ) ਵਿਖੇ, ਬਲਾਕ ਫਤਿਹਗੜ੍ਹ ਚੂੜੀਆਂ ਦਾ ਸੈਂਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਫਤਿਹਗੜ੍ਹ ਚੂੜੀਆਂ ਵਿਖੇ, ਬਲਾਕ ਡੇਰਾ ਬਾਬਾ ਨਾਨਕ ਦਾ ਸੈਂਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਡੇਰਾ ਬਾਬਾ ਨਾਨਕ ਵਿਖੇ ਅਤੇ ਬਲਾਕ ਕਲਾਨੌਰ ਦਾ ਸੈਂਟਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਾਨੌਰ ਵਿਖੇ ਬਣਾਇਆ ਗਿਆ ਹੈ।



# ਆਸਟ੍ਰੇਲੀਆ 'ਚ ਹੋਏ ਅੱਤਵਾਦੀ ਹਮਲੇ ਦੀ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਵੱਲੋਂ ਸਖਤ ਨਿੰਦਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਆਸਟ੍ਰੇਲੀਆ ਦੇ ਸਿਡਨੀ ਸਥਿਤ ਬੌਂਡੀ ਬੀਚ 'ਤੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਅਹਿਮਦੀਆ ਮੁਸਲਿਮ ਕਮਿਊਨਿਟੀ ਦੇ ਵਿਸ਼ਵ ਪ੍ਰਮੁੱਖ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਸਾਹਿਬ ਨੇ ਕਿਹਾ ਕਿ ਦੁਨੀਆ ਭਰ ਦੀ ਅਹਿਮਦੀਆ ਮੁਸਲਿਮ ਕਮਿਊਨਿਟੀ ਦੀ ਤਰਫ਼ੋਂ ਮੈਂ ਆਸਟ੍ਰੇਲੀਆ ਵਿੱਚ ਯਹੂਦੀ ਭਾਈਚਾਰੇ ਦੇ ਮਾਸੂਮ ਮੈਂਬਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਇਸ ਘਿਨਾਉਣੇ ਹਮਲੇ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ।ਇਸ ਤਰ੍ਹਾਂ ਦੀ ਹਿੰਸਾ ਨੂੰ ਕਿਸੇ ਵੀ ਹਾਲਤ ਵਿੱਚ ਕਦੇ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।ਇਸਲਾਮ ਮਨੁੱਖੀ ਜੀਵਨ ਦੀ ਪੂਰਨ ਪਵਿੱਤਰਤਾ ਨੂੰ ਕਾਇਮ ਰੱਖਦਾ ਹੈ ਅਤੇ ਇਹ ਐਲਾਨ ਕਰਦਾ ਹੈ ਕਿ ਇੱਕ ਮਾਸੂਮ ਵਿਅਕਤੀ ਦੀ ਹੱਤਿਆ ਪੂਰੀ ਮਨੁੱਖਤਾ ਦੀ ਹੱਤਿਆ ਦੇ ਬਰਾਬਰ ਹੈ।ਇਸ ਲਈ ਅੱਤਵਾਦ ਅਤੇ ਨਫ਼ਰਤ ਦੇ ਕਰਤੱਬ ਇਸਲਾਮ ਦੀਆਂ ਅਸਲ ਸਿੱਖਿਆਵਾਂ ਦੇ ਪੂਰੀ ਤਰ੍ਹਾਂ ਵਿਰੁੱਧ ਹਨ।ਇੱਕ ਮੁਸਲਮਾਨ ਹੋਣ ਦੇ ਨਾਤੇ ਸਾਡਾ ਧਰਮ ਮੰਗ ਕਰਦਾ ਹੈ ਕਿ ਅਸੀਂ ਹਰ ਧਰਮ ਅਤੇ ਹਰ ਵਿਸ਼ਵਾਸ ਦੇ ਲੋਕਾਂ ਨਾਲ ਪਿਆਰ, ਦਇਆ ਅਤੇ ਰਹਿਮ ਦਾ ਵਿਵਹਾਰ ਕਰੀਏ।

ਇਸ ਦੁੱਖਦਾਈ ਘਟਨਾ ਨਾਲ ਪ੍ਰਭਾਵਿਤ ਸਾਰੇ ਲੋਕਾਂ ਨਾਲ ਸਾਡੀ ਦਿਲੀ ਹਮਦਰਦੀ ਹੈ ਅਤੇ ਜੋ ਲੋਕ ਇਸ ਹਮਲੇ ਵਿੱਚ ਜ਼ਖ਼ਮੀ ਹੋਏ ਹਨ, ਉਨ੍ਹਾਂ ਦੀ ਜਲਦੀ ਸਿਹਤਯਾਬੀ ਲਈ ਅਸੀਂ ਦੁਆ ਕਰਦੇ ਹਾਂ।

# ਦੁਸਹਿਰਾ ਗਰਾਊਂਡ ਤਰਨ ਤਾਰਨ 'ਚ 'ਪੰਜਾਬ ਸਖੀ ਸ਼ਕਤੀ ਮੇਲਾ' 18 ਤੋਂ 20 ਤੱਕ

## ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾਵਾਂ ਵੇਚਣਗੀਆਂ ਆਪਣੇ ਵੱਲੋਂ ਤਿਆਰ ਕੀਤੇ ਉਤਪਾਦ

ਪੱਟੀ (ਬਲਦੇਵ ਸਿੰਘ ਸੰਧੂ)-ਭਾਰਤ ਸਰਕਾਰ ਦੇ ਸੂਖਮ, ਲਘੂ ਅਤੇ ਮੱਧਮ ਉਦਯੋਗ ਮੰਤਰਾਲੇ (ਐੱਮਐੱਸਐੱਮਈ) ਵੱਲੋਂ ਮਹਿਲਾ ਉੱਦਮੀਆਂ ਦਾ ਸਸ਼ਕਤੀਕਰਨ ਕਰਨ ਲਈ ਉਦਯੋਗ ਵਿਭਾਗ ਦੇ ਸਹਿਯੋਗ ਨਾਲ ਤਰਨ ਤਾਰਨ ਸ਼ਹਿਰ ਵਿਖੇ 18 ਤੋਂ 20 ਦਸੰਬਰ ਤੱਕ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਲਗਾਇਆ ਜਾ ਰਿਹਾ ਹੈ।ਇਸ ਮੇਲੇ ਵਿੱਚ ਜ਼ਿਲ੍ਹਾ ਤਰਨ ਤਾਰਨ ਦੇ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾਵਾਂ ਅਤੇ ਹੋਰ ਉਦਮੀ ਮਹਿਲਾਵਾਂ ਆਪਣੇ ਸਟਾਲ ਲਗਾ ਕੇ ਆਪਣੇ ਵੱਲੋਂ ਤਿਆਰ ਕੀਤੇ ਉਤਪਾਦਾਂ ਨੂੰ ਵੇਚਣਗੀਆਂ।ਪੰਜਾਬ ਸਖੀ ਸ਼ਕਤੀ ਮੇਲੇ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਨੇ ਦੱਸਿਆ ਕਿ 18 ਤੋਂ ਇਹ ਤਿੰਨ ਰੋਜ਼ਾ ਮੇਲਾ ਤਰਨ ਤਾਰਨ ਦੀ ਦੁਸਹਿਰਾ ਗਰਾਊਂਡ ਵਿਖੇ ਲਗਾਇਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ ਤਾਰਨ ਦੀ ਮਹਿਲਾਵਾਂ ਜੋ ਸਵੈ-ਸਹਾਇਤਾ ਸਮੂਹਾਂ ਨਾਲ ਜੁੜ ਕੇ ਆਪਣੀ ਉਪਜੀਵਕਾ ਕਮਾ ਰਹੀਆਂ ਹਨ, ਵੱਲੋਂ ਆਪਣੇ ਉਤਪਾਦ ਵੇਚੇ ਜਾਣਗੇ।ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਹੋਰ ਉਦਮੀ ਮਹਿਲਾਵਾਂ ਜੋ ਆਪਣੇ ਵੱਖ-ਵੱਖ ਤਰਾਂ ਦੇ ਉਤਪਾਦ ਤਿਆਰ ਕਰ ਰਹੀਆਂ ਹਨ ਉਨ੍ਹਾਂ ਨੂੰ ਵੀ ਏਥੇ ਆਪਣੇ ਉਤਪਾਦ ਵੇਚਣ ਦਾ ਮੌਕਾ ਦਿੱਤਾ ਜਾਵੇਗਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਐੱਮ. ਐੱਸ. ਐੱਮ. ਈ. ਮੰਤਰਾਲੇ ਵੱਲੋਂ ਪੇਂਡੂ ਤੇ ਸ਼ਹਿਰੀ ਖੇਤਰ ਦੇ ਸਵੈ-ਸਹਾਇਤਾ ਸਮੂਹਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਸਵੈ-ਸਹਾਇਤਾ ਸਮੂਹਾਂ ਨੂੰ ਉਨ੍ਹਾਂ ਵੱਲੋਂ ਤਿਆਰ ਕੀਤੇ ਸਾਮਾਨ ਨੂੰ ਵੇਚਣ ਲਈ ਪਲੇਟਫ਼ਾਰਮ ਮੁਹੱਈਆ ਕਰਵਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਾਡੇ ਜ਼ਿਲ੍ਹੇ ਵਿੱਚ ਹੁਨਰ ਦੀ ਕੋਈ ਘਾਟ ਨਹੀਂ ਹੈ ਅਤੇ ਜ਼ਿਲ੍ਹੇ ਦੇ ਸਵੈ-ਸਹਾਇਤਾ ਸਮੂਹਾਂ ਵੱਲੋਂ ਆਪਣੇ ਹੱਥੀਂ ਬਣਾਇਆ ਜੋ ਸਾਮਾਨ ਬਣਾ ਕੇ ਵੇਚਿਆ ਜਾ ਰਿਹਾ ਹੈ ਉਹ ਉਚ ਮਿਆਰੀ ਤੇ ਬਾਜ਼ਾਰ ਦੇ ਮੁਕਾਬਲੇ ਕਿਫ਼ਾਇਤੀ ਹੈ।ਉਨ੍ਹਾਂ ਕਿਹਾ ਕਿ ਇਹ 'ਪੰਜਾਬ ਸਖੀ ਸ਼ਕਤੀ ਮੇਲਾ' ਤਿੰਨ ਦਿਨ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਚੱਲੇਗਾ।ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਹੈ ਕਿ ਉਹ ਇਸ ਮੇਲੇ ਵਿੱਚ ਪਹੁੰਚ ਕੇ ਵੱਧ ਤੋਂ ਵੱਧ ਖ਼ਰੀਦਦਾਰੀ ਕਰਨ ਤਾਂ ਜੋ ਸਵੈ-ਸਹਾਇਤਾ ਸਮੂਹਾਂ ਨਾਲ ਜੁੜੀਆਂ ਸਵਾਣੀਆਂ ਨੂੰ ਲਾਭ ਪਹੁੰਚ ਸਕੇ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਖੀ ਸ਼ਕਤੀ ਮੇਲੇ ਦੌਰਾਨ ਫੂਡ ਸਟਾਲ ਲੱਗਣਗੇ ਅਤੇ ਸਕੂਲੀ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ।ਇਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ ਸਟਾਲ ਲਗਾ ਕੇ ਲੋਕਾਂ ਨੂੰ ਪੰਜਾਬ ਸਰਕਾਰ ਦੀਆਂ ਭਲਾਈ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਜਾਵੇਗੀ।



# ਆਈ ਟੀ ਆਈ ਬਟਾਲਾ ਵਿਖੇ ਵਿਦਿਆਰਥੀਆਂ ਦਾ ਕਰੀਅਰ ਬਾਰੇ ਕੀਤਾ ਮਾਰਗਦਰਸ਼ਨ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੀਆਂ ਸਕੀਮਾਂ ਨੂੰ ਘਰ-ਘਰ ਪਹੁੰਚਾਉਣ ਅਤੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇਣ ਦੇ ਮਕਸਦ ਨਾਲ, ਜ਼ਿਲ੍ਹਾ ਰੋਜ਼ਗਾਰ ਅਫਸਰ ਪਰਸ਼ੋਤਮ ਸਿੰਘ ਵੱਲੋਂ ਆਈ. ਟੀ. ਆਈ. ਬਟਾਲਾ ਵਿਖੇ ਵਿਦਿਆਰਥੀਆ ਦੀ ਕਰੀਅਰ ਕਾਉਂਸਲਿੰਗ ਕੀਤੀ ਗਈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਉਹ ਕਿਵੇਂ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਉਪਲਬਧ ਰੋਜ਼ਗਾਰ ਦੇ ਮੌਕਿਆਂ ਦਾ ਲਾਭ ਲੈ ਸਕਦੇ ਹਨ।ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਚੱਲ ਰਹੀਆ ਵੱਖ-ਵੱਖ ਸਕੀਮਾਂ ਤੋਂ ਜਾਣੂ ਕਰਵਾਇਆ ਅਤੇ ਉਨ੍ਹਾਂ ਵੱਲੋਂ ਪ੍ਰਾਰਥੀਆਂ ਨੂੰ ਡਿਪਲੋਮਾ ਜਾਂ ਡਿਗਰੀ ਪੂਰੀ ਕਰਨ ਤੋਂ ਬਾਅਦ ਸਬੰਧਤ ਖੇਤਰ ਵਿੱਚ ਨਿਪੁੰਨ ਬਣਨ ਦੇ ਤਰੀਕਿਆ ਅਤੇ ਕਰੀਅਰ ਸਬੰਧੀ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੇ ਹੋਏ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਗਈ।ਉਨ੍ਹਾਂ ਨੂੰ ਦੱਸਿਆ ਕਿ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਵਿੱਚ ਨੌਕਰੀਆਂ ਦੀ ਸਹੂਲਤ ਪ੍ਰਦਾਨ ਕਰਦਾ ਹੈ।ਸਵੈ-ਰੋਜ਼ਗਾਰ ਨੂੰ ਉਤਸ਼ਾਹਿਤ ਕਰਦੇ ਹੋਏ, ਉਨ੍ਹਾਂ ਨੇ ਕਈ ਕੇਂਦਰੀ ਅਤੇ ਰਾਜ ਸਰਕਾਰ ਦੀਆਂ ਸਕੀਮਾਂ ਜਿਵੇਂ ਕਿ ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਪ੍ਰਧਾਨ ਮੰਤਰੀ ਇੰਟਰਨਸ਼ਿਪ ਪ੍ਰੋਗਰਾਮ, ਪੀਐੱਮਈਜੀਪੀ ਸਕੀਮ ਅਤੇ ਪੰਜਾਬ ਸਰਕਾਰ ਦੀਆਂ ਹੋਰ ਸਵੈ-ਰੋਜ਼ਗਾਰ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਖੇਤਰ ਨਾਲ ਸਬੰਧਤ ਨੌਕਰੀਆਂ ਲਈ ਤਿਆਰੀ ਕਰਨ, ਇੰਟਰਵਿਊ ਤਕਨੀਕਾਂ ਅਤੇ ਮਾਰਕੀਟ ਦੀਆਂ ਜ਼ਰੂਰਤਾਂ ਅਨੁਸਾਰ ਆਪਣੇ ਹੁਨਰਾਂ ਨੂੰ ਅਪਗ੍ਰੇਡ ਕਰਨ ਲਈ ਪ੍ਰੇਰਿਤ ਕੀਤਾ ਗਿਆ।ਜ਼ਿਲ੍ਹਾ ਰੋਜ਼ਗਾਰ ਅਫ਼ਸਰ ਨੇ ਵਿਦਿਆਰਥੀਆਂ ਨੂੰ



ਰੋਜ਼ਗਾਰ ਮੇਲਿਆਂ ਵਿੱਚ ਹਿੱਸਾ ਲੈਣ ਅਤੇ ਪੀਜੀਆਰਕਾਮ ਵੈੱਬਸਾਈਟ ਤੇ ਰਜਿਸਟਰੇਸ਼ਨ ਕਰਵਾਉਣ ਦੀ ਅਪੀਲ ਕੀਤੀ ਤਾਂ ਜੋ ਉਹ ਸਮੇਂ ਸਿਰ ਨੌਕਰੀਆਂ ਅਤੇ ਸਿਖਲਾਈ ਦੇ ਮੌਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣ।

ਇਸ ਤੋਂ ਇਲਾਵਾ ਸਰਕਾਰੀ ਆਈ. ਟੀ. ਆਈ. ਦੇ ਪ੍ਰਿੰਸੀਪਲ ਸਤਵੰਤ ਸਿੰਘ ਬੇਦੀ ਵੱਲੋਂ ਵੀ ਵਿਦਿਆਰਥੀਆ ਨੂੰ ਕਰੀਅਰ ਸਬੰਧੀ ਗਾਈਡੈਂਸ ਦਿੱਤੀ ਗਈ।ਇਸ ਮੌਕੇ ਬੀ.ਐੱਮ.ਐੱਮ ਪਰਦੀਪ ਕੁਮਾਰ, ਗੁਰਜੀਤ ਸਿੰਘ ਸੁੰਦਰਨਗਰ, ਸੰਨੀ ਵਾਲੀਆ ਕਲਰਕ, ਗਗਨਦੀਪ ਸਿੰਘ ਕਲਰਕ ਅਤੇ ਆਈ. ਟੀ. ਆਈ. ਬਟਾਲਾ ਦਾ ਸਟਾਫ ਹਾਜ਼ਰ ਸੀ ।

# ਫਤਿਹਾਬਾਦ ਦੇ ਵੋਟਰਾਂ ਤੇ ਸਪੋਰਟਰਾਂ ਦਾ ਧੰਨਵਾਦ: ਨੰਬਰਦਾਰ ਸੁਖਦੇਵ ਸਿੰਘ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਬਲਾਕ ਸੰਮਤੀ ਜ਼ੋਨ ਫਤਿਹਾਬਾਦ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਦੇਵ ਸਿੰਘ ਨੰਬਰਦਾਰ ਨੇ ਬਲਾਕ ਸੰਮਤੀ ਚੋਣਾਂ ਵਿਚ ਵੋਟ ਕਰਨ ਲਈ ਕਸਬਾ ਫਤਿਹਾਬਾਦ ਦੇ ਸਮੂਹ ਵੋਟਰਾਂ ਤੇ ਸਪੋਰਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਇਹ ਚੋਣਾਂ ਪੂਰੀ ਤਰਾਂ ਅਮਨ ਅਮਾਨ ਨਾਲ ਹੋਈਆਂ ਜੋ ਕਿ ਕਸਬੇ ਦੀ ਭਾਈਚਾਰਕ ਸਾਂਝ ਦਾ ਵੱਡਾ ਸਬੂਤ ਹੈ।ਉਨ੍ਹਾਂ ਕਿਹਾ ਕਿ ਚੋਣਾਂ ਸਮੇਂ ਹਰ ਪਾਰਟੀ ਨੇ ਆਪਣਾ ਜ਼ੋਰ ਲਗਾਉਣਾ ਹੁੰਦਾ ਹੈ ਪਰ ਸੰਗਤ ਜਿਸ ਵੀ ਆਗੂ ਨੇ ਨਿਰਸਵਾਰਥ ਹੋ ਕੇ ਲੋਕ ਸੇਵਾ ਕੀਤੀ ਹੁੰਦੀ ਹੈ ਉਸ ਨੂੰ ਫਤਵਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਦੇ ਲੋਕ ਕਾਂਗਰਸ ਪਾਰਟੀ ਨੂੰ ਮੁੜ ਸੱਤਾ ਵਿਚ ਦੇਖਣਾ ਚਾਹੁੰਦੇ ਹਨ ਜਿਸ ਕਰਕੇ ਸਾਡੀ ਮਿਹਨਤ ਨੂੰ ਫਲ ਜ਼ਰੂਰ ਲੱਗੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਝੂਠੇ ਦਾਅਵੇ ਤੇ ਵਾਅਦਿਆਂ ਨੂੰ ਲੈ ਕੇ ਸਵਾਲ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਚੋਣਾਂ ਵਿਚ ਕਾਂਗਰਸ ਦੀ ਸ਼ਾਨਦਾਰ ਜਿੱਤ 2027 ਵਿਚ ਕਾਂਗਰਸ ਪਾਰਟੀ ਦੀ ਬਣਨ ਵਾਲੀ ਸਰਕਾਰ ਦਾ ਮੁੱਢ ਬੰਨ੍ਹੇਗੀ।



# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵੱਡੀ ਵਿਗਿਆਨਕ ਪ੍ਰਾਪਤੀ

## * ਡਾ. ਹਰਪ੍ਰੀਤ ਸਿੰਘ ਨੇ ਕੁਆਂਟਮ ਵਿਗਿਆਨ ਨਾਲ ਜੁੜੀ ਵਿਸ਼ੇਸ਼ ਖੋਜ ਕੀਤੀ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)—ਕੀ ਬਹੁਤ ਹੀ ਘੱਟ ਦਬਾਅ ਅਤੇ ਤਾਪਮਾਨ ਦੇ ਬਦਲਾਅ ਨੂੰ ਵੀ ਉੱਚੀ ਸਟੀਕਤਾ ਨਾਲ ਮਾਪਿਆ ਜਾ ਸਕਦਾ ਹੈ? ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਗਿਆਨੀ ਡਾ. ਹਰਪ੍ਰੀਤ ਸਿੰਘ ਵੱਲੋਂ, ਵਾਈਸ-ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਦੀ ਅਗਵਾਈ ਹੇਠ ਬਣੇ ਵਿਗਿਆਨਿਕ ਖੋਜ ਵਾਲੇ ਮਾਹੌਲ ਵਿੱਚ ਕੰਮ ਕਰਦਿਆਂ ਇਸ ਸਵਾਲ ਦਾ ਵਿਗਿਆਨਕ ਜਵਾਬ ਦੇਣ ਵਿੱਚ ਸਫਲ ਰਹੇ ਹਨ।ਉਨ੍ਹਾਂ ਦੀ ਟੀਮ ਨੇ ਇੱਕ ਐਸਾ ਕਵਾਂਟਮ ਸੈਂਸਰ ਵਿਕਸਿਤ ਕੀਤਾ ਹੈ ਜੋ ਹੀਰੇ ਆਧਾਰਿਤ ਸੈਂਸਰਾਂ ਨਾਲੋਂ ਲਗਭਗ 1200 ਗੁਣਾ ਵੱਧ ਸੰਵੇਦਨਸ਼ੀਲ ਹੈ।ਇਹ ਮਹੱਤਵਪੂਰਨ ਖੋਜ ਕਵਾਂਟਮ ਸੈਂਸਿੰਗ ਦੇ ਖੇਤਰ ਵਿੱਚ ਇੱਕ ਵੱਡੀ ਉਪਲਬਧੀ ਮੰਨੀ ਜਾ ਰਹੀ ਹੈ, ਜਿਸ ਵਿੱਚ ਦਬਾਅ, ਤਾਪਮਾਨ ਅਤੇ ਹੋਰ ਭੌਤਿਕ ਮਾਤਰਾ ਨੂੰ ਕਵਾਂਟਮ ਗੁਣਾਂ ਦੀ ਮਦਦ ਨਾਲ ਬੇਹੱਦ ਸਟੀਕਤਾ ਨਾਲ ਮਾਪਿਆ ਜਾਂਦਾ ਹੈ। ਡਾ. ਹਰਪ੍ਰੀਤ ਸਿੰਘ ਨੇ ਅਮਰੀਕਾ ਦੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ ਦੇ ਵਿਗਿਆਨੀਆਂ ਨਾਲ ਸਾਂਝੇ ਤੌਰ 'ਤੇ ਇਹ ਖੋਜ ਕੀਤੀ ਹੈ।ਇਸ ਨਵੇਂ ਸੈਂਸਰ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇਸ ਵਿੱਚ ਹੀਰੇ ਦੀ ਥਾਂ ਨਰਮ ਆਰਗੈਨਿਕ ਕ੍ਰਿਸਟਲ—ਪੈਂਟਾਸਿਨ ਨਾਲ ਡੋਪ ਕੀਤੇ ਪੀ-ਟਰਫਿਨਾਈਲ ਦੀ ਵਰਤੋਂ ਕੀਤੀ ਗਈ ਹੈ, ਕਿਉਂਕਿ ਇਹ ਕ੍ਰਿਸਟਲ ਨਰਮ ਹੁੰਦੇ ਹਨ, ਇਸ ਲਈ ਬਹੁਤ ਹੀ ਸੂਖਮ ਦਬਾਅ ਜਾਂ ਤਾਪਮਾਨ ਦੇ ਬਦਲਾਅ ਨਾਲ ਵੀ ਉਨ੍ਹਾਂ ਦੀਆਂ ਕਵਾਂਟਮ ਵਿਸ਼ੇਸ਼ਤਾਵਾਂ ਵਿੱਚ ਵੱਡੀ ਤਬਦੀਲੀ ਆ ਜਾਂਦੀ ਹੈ, ਜੋ ਇਸ ਸੈਂਸਰ ਨੂੰ ਬੇਮਿਸਾਲ ਸੰਵੇਦਨਸ਼ੀਲ ਬਣਾਉਂਦੀ ਹੈ।





ਇਸ ਉਪਲਬਧੀ 'ਤੇ ਵਾਈਸ-ਚਾਂਸਲਰ ਪ੍ਰੋ. (ਡਾ.) ਕਰਮਜੀਤ ਸਿੰਘ ਨੇ ਡਾ. ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਖੋਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਲਈ ਵਿਗਿਆਨਕ ਇਤਿਹਾਸਕ ਪਲ ਹੈ।ਉਨ੍ਹਾਂ ਕਿਹਾ ਕਿ ਇਹ ਕੰਮ ਨਾ ਸਿਰਫ਼ ਯੂਨੀਵਰਸਿਟੀ ਨੂੰ ਵਿਸ਼ਵ ਪੱਧਰ 'ਤੇ ਪਹਿਚਾਣ ਦਿੰਦਾ ਹੈ, ਸਗੋਂ ਭਾਰਤ ਨੂੰ ਅਗਲੀ ਪੀੜ੍ਹੀ ਦੀ ਕਵਾਂਟਮ ਤਕਨਾਲੋਜੀ ਵਿੱਚ ਅਗਵਾਈ ਵਾਲੇ ਦੇਸ਼ਾਂ ਵਿੱਚ ਸ਼ਾਮਲ ਕਰਦਾ ਹੈ।

ਡਾ. ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਸੈਂਸਰ ਬਹੁਤ ਹੀ ਘੱਟ ਦਬਾਅ ਅਤੇ ਤਾਪਮਾਨ ਬਦਲਾਅ ਨੂੰ ਬੇਹੱਦ ਸਟੀਕਤਾ ਨਾਲ ਮਾਪ ਸਕਦਾ ਹੈ ਅਤੇ ਇਹ ਹੀਰੇ ਆਧਾਰਿਤ ਸੈਂਸਰਾਂ ਨਾਲੋਂ ਕਾਫ਼ੀ ਘੱਟ ਲਾਗਤ ਵਾਲਾ ਹੈ। ਉਨ੍ਹਾਂ ਮੁਤਾਬਕ ਇਸ ਦੀ ਵਰਤੋਂ ਚਿਕਿਤਸਾ ਉਪਕਰਨਾਂ, ਸਮੱਗਰੀ ਜਾਂਚ, ਅੰਤਰਿਕਸ਼ ਅਨੁਸੰਧਾਨ ਅਤੇ ਭਵਿੱਖ ਦੀਆਂ ਕਵਾਂਟਮ ਤਕਨਾਲੋਜੀਆਂ ਵਿੱਚ ਕੀਤੀ ਜਾ ਸਕਦੀ ਹੈ।ਇਹ ਖੋਜ ਦੁਨੀਆ ਦੇ ਪ੍ਰਮੁੱਖ ਵਿਗਿਆਨਕ ਜਰਨਲ ਨੇਚਰ ਕਮਿਊਨੀਕੇਸ਼ਨਜ਼ (ਵਾਲੀਅਮ 16, ਆਰਟੀਕਲ ਨੰਬਰ 10530, 2025) ਵਿੱਚ ਪ੍ਰਕਾਸ਼ਿਤ ਹੋਈ ਹੈ, ਜਿਸ ਨਾਲ ਸਪੱਸ਼ਟ ਹੁੰਦਾ ਹੈ ਕਿ ਆਮ ਲੈਬੋਰਟਰੀ ਹਾਲਾਤ ਵਿੱਚ ਵੀ ਆਰਗੈਨਿਕ ਕ੍ਰਿਸਟਲ ਹੀਰੇ ਨਾਲੋਂ ਵਧੇਰੇ ਪ੍ਰਭਾਵਸ਼ਾਲੀ ਕਵਾਂਟਮ ਸੈਂਸਿੰਗ ਦੇ ਯੋਗ ਹਨ।

ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. ਪਲਵਿੰਦਰ ਸਿੰਘ, ਰਜਿਸਟਰਾਰ ਪ੍ਰੋ. ਕੇ. ਐੱਸ. ਚਾਹਲ ਅਤੇ ਭੌਤਿਕ

16-Dec-PAGE-12.qxd 12/15/2025 11:24 PM Page 1



# ਲਾਲ ਡੱਬੀਆਂ ਵਾਲੀ ਸੜਕ

ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ ਨੇ ਭੋਪਾਲ-ਜਬਲਪੁਰ ਰਾਸ਼ਟਰੀ ਰਾਜਮਾਰਗ ਦੇ ਇੱਕ ਸੰਵੇਦਨਸ਼ੀਲ ਹਿੱਸੇ 'ਤੇ ਲਾਲ ਟੇਬਲ-ਟਾਪ ਨਿਸ਼ਾਨ ਲਗਾਏ ਹਨ।ਇਹ ਨਿਸ਼ਾਨ ਲਗਭਗ 5 ਮਿਲੀਮੀਟਰ ਮੋਟੇ ਹਨ ਅਤੇ ਸੜਕ ਦੀ ਸਤ੍ਹਾ ਤੋਂ ਥੋੜੇ ਜਿਹੇ ਉੱਪਰ ਹਨ।ਇਨ੍ਹਾਂ ਦਾ ਉਦੇਸ਼ ਡਰਾਈਵਰਾਂ ਨੂੰ ਖ਼ਤਰੇ ਵਾਲੇ ਖੇਤਰ ਦੇ ਨੇੜੇ ਪਹੁੰਚਣ 'ਤੇ ਗਤੀ ਘਟਾਉਣ ਲਈ ਚੌਕਸ ਕਰਨਾ ਹੈ।ਇਹ ਫੈਸਲਾ ਹਾਲ ਹੀ 'ਚ ਵਾਪਰੀ ਇੱਕ ਘਟਨਾ ਤੋਂ ਬਾਅਦ ਲਿਆ ਗਿਆ ਹੈ, ਜਿਸ ਵਿੱਚ ਸੜਕ 'ਤੇ ਇੱਕ ਤੇਂਦੂਏ ਦੇ ਬੱਚੇ ਦੀ ਮੌਤ ਹੋ ਗਈ ਸੀ।ਇਸ ਘਟਨਾ ਨੇ ਜੰਗਲੀ ਜਾਨਵਰਾਂ ਲਈ ਤੇਜ਼ ਰਫ਼ਤਾਰ ਵਾਹਨਾਂ ਦੇ ਵੱਡੇ ਖ਼ਤਰੇ ਨੂੰ ਉਜਾਗਰ ਕੀਤਾ।ਪਿਛਲੇ ਦੋ ਸਾਲਾਂ 'ਚ ਮੱਧ ਪ੍ਰਦੇਸ਼ 'ਚ ਸੈਂਕੜੇ ਜਾਨਵਰ ਸੜਕ ਹਾਦਸਿਆਂ ਦਾ ਸ਼ਿਕਾਰ ਹੋਏ ਹਨ, ਜਿਸ ਤੋਂ ਬਾਅਦ ਤੁਰੰਤ ਕਾਰਵਾਈ ਜ਼ਰੂਰੀ ਸੀ।ਇਹ ਲਾਲ ਸਤ੍ਹਾ ਖਾਸ ਤੌਰ 'ਤੇ ਉਨ੍ਹਾਂ ਖੇਤਰਾਂ 'ਚ ਲਗਾਈ ਗਈ ਹੈ ਜਿੱਥੇ ਜਾਨਵਰ ਅਕਸਰ ਸੜਕ ਪਾਰ ਕਰਦੇ ਹਨ।ਲਾਲ ਰੰਗ ਦੂਰੋਂ ਡਰਾਈਵਰਾਂ ਨੂੰ ਚੌਕਸ ਕਰਦਾ ਹੈ, ਜਦੋਂ ਕਿ ਉੱਚੀ ਸਤ੍ਹਾ ਆਪਣੇ ਆਪ ਹੀ ਵਾਹਨ ਦੀ ਗਤੀ ਨੂੰ ਘਟਾਉਂਦੀ।ਇਹ ਪ੍ਰਣਾਲੀ ਟਾਈਗਰ ਰਿਜ਼ਰਵ ਖੇਤਰ ਵਿੱਚੋਂ ਲੰਘਦੇ ਹਿੱਸੇ 'ਚ ਲਾਗੂ ਕੀਤੀ ਗਈ ਹੈ।ਇਹ ਪਹਿਲ ਸੜਕ ਨੂੰ ਚੌੜਾ ਕਰਨ ਅਤੇ ਜਾਨਵਰਾਂ ਲਈ ਅੰਡਰਪਾਸ ਬਣਾਉਣ ਲਈ ਲਗਭਗ 122 ਕਰੋੜ ਦੇ ਪ੍ਰੋਜੈਕਟ ਦਾ ਹਿੱਸਾ ਹੈ।ਸੜਕ ਕਿਨਾਰੇ ਤਾਰ ਲਾਉਣਾ ਅਤੇ ਸਪੀਡੋਮੀਟਰ ਲਗਾਏ ਜਾ ਰਹੇ ਹਨ, ਇਹ ਸਭ ਮਨੁੱਖੀ-ਜੰਗਲੀ ਜੀਵ ਟਕਰਾਅ ਨੂੰ ਘਟਾਉਣ ਦੇ ਮਕਸਦ ਨਾਲ ਕੀਤਾ ਜਾ ਰਿਹਾ ਹੈ।



# ਦੁਲਹਨ ਲਈ ਲੜੀ ਜਾਂਦੀ ਇੱਕ ਖ਼ੂਨੀ ਲੜਾਈ

ਪੂਰੀ ਵਿਸ਼ਵ 'ਚ ਅਜੇ ਵੀ ਬਹੁਤ ਸਾਰੀਆਂ ਪ੍ਰਾਚੀਨ ਪ੍ਰੰਪਰਾਵਾਂ ਹਨ ਜੋ ਲੋਕਾਂ ਨੂੰ ਹੈਰਾਨ ਕਰਦੀਆਂ ਹਨ।ਇਥੋਪੀਆ, ਅਫਰੀਕਾ 'ਚ ਸੂਰੀ ਕਬੀਲਾ ਆਪਣੀਆਂ ਵਿਲੱਖਣ ਪ੍ਰੰਪਰਾਵਾਂ ਲਈ ਮਸ਼ਹੂਰ ਹੈ।ਤਕਰੀਬਨ 20,000 ਲੋਕਾਂ ਦਾ ਇਹ ਕਬੀਲਾ ਓਮੋ ਘਾਟੀ 'ਚ ਰਹਿੰਦਾ ਹੈ। ਇਹ ਪੀੜ੍ਹੀਆਂ ਤੋਂ ਆਪਣੇ ਰਵਾਇਤੀ ਰੀਤੀ-ਰਿਵਾਜਾਂ ਦਾ ਪਾਲਣ ਕਰਦਾ ਆ ਰਿਹਾ ਹੈ।ਸੂਰੀ ਕਬੀਲੇ 'ਚ ਵਿਆਹ ਕਰਨਾ ਆਸਾਨ ਨਹੀਂ ਹੈ।ਇੱਥੇ ਦੁਲਹਨ ਜਿੱਤਣ ਲਈ ਮਰਦਾਂ ਨੂੰ ਆਪਣੀ ਤਾਕਤ ਅਤੇ ਬਹਾਦਰੀ ਦਾ ਸਬੂਤ ਦੇਣਾ ਪੈਂਦਾ ਹੈ।ਇਹ ਪ੍ਰੰਪਰਾ ਡੋਂਗਾ ਨਾਮਕ ਪ੍ਰੰਪਰਾ ਦੁਆਰਾ ਕੀਤੀ ਜਾਂਦੀ ਹੈ।ਇਸ ਪ੍ਰੰਪਰਾ ਵਿੱਚ, ਦੋ ਨੌਜਵਾਨ ਨੰਗੇ ਹੋ ਕੇ ਇੱਕ ਦੂਜੇ ਨਾਲ ਡੰਡਿਆਂ ਨਾਲ ਲੜਦੇ ਹਨ।ਇਹ ਲੜਾਈ ਖਤਰਨਾਕ ਹੁੰਦੀ ਹੈ ਅਤੇ ਅਕਸਰ ਇਸ 'ਚ ਗੰਭੀਰ ਸੱਟਾਂ ਲੱਗਦੀਆਂ ਹਨ।ਇਸ ਮੁਕਾਬਲੇ ਨੂੰ ਜਿੱਤਣ ਵਾਲੇ ਮੁੰਡੇ ਨੂੰ ਦੁਲਹਨ ਚੁਣਨ ਦਾ ਅਧਿਕਾਰ ਮਿਲਦਾ ਹੈ।ਲੜਾਈ ਤੋਂ ਪਹਿਲਾਂ, ਕਬੀਲੇ ਦੇ ਆਦਮੀ ਆਪਣੀ ਤਾਕਤ ਵਧਾਉਣ ਲਈ ਜਾਨਵਰਾਂ ਦਾ ਖ਼ੂਨ ਜਾਂ ਕਈ ਵਾਰ ਮਨੁੱਖੀ ਖ਼ੂਨ ਪੀਂਦੇ ਹਨ।ਉਨ੍ਹਾਂ ਦਾ ਮੰਨਣਾ ਹੈ ਕਿ ਖ਼ੂਨ ਪੀਣ ਨਾਲ ਸਰੀਰ ਮਜ਼ਬੂਤ ? ?ਹੁੰਦਾ ਹੈ ਅਤੇ ਜਿੱਤਣ ਦੀ ਉਨ੍ਹਾਂ ਦੀ ਯੋਗਤਾ ਵਧਦੀ ਹੈ। ਸੂਰੀ ਕਬੀਲੇ ਵਿੱਚ ਕੁੜੀਆਂ ਲਈ ਇੱਕ ਵਿਲੱਖਣ ਪਰੰਪਰਾ ਵੀ ਹੈ।ਜਦੋਂ ਇੱਕ ਕੁੜੀ 15 ਤੋਂ 18 ਸਾਲ ਦੀ ਹੁੰਦੀ ਹੈ, ਤਾਂ ਉਸ ਦੇ ਹੇਠਲੇ ਦੋ ਦੰਦ ਕੱਢ ਦਿੱਤੇ ਜਾਂਦੇ ਹਨ।ਫਿਰ ਉਸ ਦੇ ਬੁੱਲ੍ਹਾਂ ਵਿੱਚ ਇੱਕ ਵੱਡਾ ਛੇਕ ਬਣਾਇਆ ਜਾਂਦਾ ਹੈ ਅਤੇ ਇਸ ਵਿੱਚ ਮਿੱਟੀ ਜਾਂ ਲੱਕੜ ਦੀ ਡਿਸਕ ਪਾਈ ਜਾਂਦੀ ਹੈ।ਸਮੇਂ ਦੇ ਨਾਲ, ਡਿਸਕ ਦਾ ਆਕਾਰ ਵਧਦਾ ਜਾਂਦਾ ਹੈ।ਡਿਸਕ ਜਿੰਨੀ ਵੱਡੀ ਹੋਵੇਗੀ, ਸਮਾਜ ਵਿੱਚ ਕੁੜੀ ਨੂੰ ਉਨਾ ਹੀ ਜ਼ਿਆਦਾ ਸਤਿਕਾਰ ਮਿਲੇਗਾ ਅਤੇ ਵਿਆਹ 'ਚ ਵੱਡਾ ਦਾਜ ਦਿੱਤਾ ਜਾਵੇਗਾ। ਇਹ ਪਰੰਪਰਾ ਕੁੜੀਆਂ ਨੂੰ ਗੁਲਾਮੀ ਅਤੇ ਵਪਾਰ ਤੋਂ ਬਚਾਉਣ ਲਈ ਸ਼ੁਰੂ ਕੀਤੀ ਗਈ ਸੀ ਤਾਂ ਜੋ ਉਹ ਬਾਹਰਲੇ ਲੋਕਾਂ ਨੂੰ ਆਕਰਸ਼ਿਤ ਨਾ ਕਰਨ।ਅੱਜ ਵੀ ਕਬੀਲਾ ਇਨ੍ਹਾਂ ਪਰੰਪਰਾਵਾਂ ਨੂੰ ਮੰਨਦਾ ਹੈ।



# ਤੁਰਕੀ 'ਚ ਅਚਾਨਕ ਬਣ ਰਹੇ 'ਓਬਰੂਕ'



ਕੇਂਦਰੀ ਤੁਰਕੀ ਦੇ ਕੋਨੀਆ ਮੈਦਾਨ 'ਚ ਇੱਕ ਭਿਆਨਕ ਸਮੱਸਿਆ ਵੱਧ ਰਹੀ ਹੈ।ਲਗਭਗ 700 ਵੱਡੇ ਟੋਏ ਪਹਿਲਾਂ ਹੀ ਬਣ ਚੁੱਕੇ ਹਨ ਅਤੇ ਨਵੇਂ ਲਗਾਤਾਰ ਬਣ ਰਹੇ ਹਨ।ਵੱਡੇ-ਵੱਡੇ ਟੋਏ ਖੇਤਾਂ ਨੂੰ ਨਿਗਲ ਰਹੇ ਹਨ, ਜਿਸ ਕਾਰਨ ਕਿਸਾਨਾਂ ਦੇ ਮਨਾਂ 'ਚੇ ਡਰ ਪੈਦਾ ਹੋ ਗਿਆ ਹੈ। ਇਸ ਦਾ ਮੁੱਖ ਕਾਰਨ ਲੰਬੇ ਸਮੇਂ ਤੱਕ ਚੱਲਿਆ ਸੋਕਾ ਅਤੇ ਜ਼ਮੀਨੀ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਦੱਸਿਆ ਜਾ ਰਿਹਾ ਹੈ। ਦਸੰਬਰ 2025 ਦੀਆਂ ਤਾਜ਼ਾ ਰਿਪੋਰਟਾਂ 'ਚ ਇਹ ਗਿਣਤੀ 684 ਦੱਸੀ ਗਈ ਹੈ, ਜੋ ਕਿ ਦੇਸ਼ ਦੇ 'ਅਨਾਜ ਦੀ ਟੋਕਰੀ' ਵਜੋਂ ਜਾਣੇ ਜਾਂਦੇ ਖੇਤਰ ਲਈ ਇੱਕ ਵੱਡਾ ਖ਼ਤਰਾ ਹੈ।'ਓਬਰੂਕ' ਜ਼ਮੀਨ ਦੇ ਹੇਠਾਂ ਚੱਟਾਨਾਂ 'ਚ ਪਾਣੀ ਦੇ ਰਿਸਣ ਨਾਲ ਬਣਦੇ ਹਨ।ਜਦੋਂ ਭੂਮੀਗਤ ਪਾਣੀ ਦਾ ਪੱਧਰ ਕਾਫ਼ੀ ਘੱਟ ਜਾਂਦਾ ਹੈ, ਤਾਂ ਉਪਰਲੀ ਮਿੱਟੀ ਆਪਣਾ ਸਹਾਰਾ ਗੁਆ ਦਿੰਦੀ ਹੈ ਅਤੇ ਅਚਾਨਕ ਢਹਿ ਜਾਂਦੀ ਹੈ।ਕੋਨਿਆ ਦਾ ਖੇਤਰ ਇੱਕ ਕਾਰਸਟ ਖੇਤਰ ਹੈ, ਜਿਸਦੀ ਵਿਸ਼ੇਸ਼ਤਾ ਚੂਨੇ ਦੀਆਂ ਚੱਟਾਨਾਂ ਹਨ, ਜੋ ਪਾਣੀ 'ਚ ਆਸਾਨੀ ਨਾਲ ਘੁਲ ਜਾਂਦੀਆਂ ਹਨ।ਇਹ ਖੱਡੇ 2000 ਦੇ ਦਹਾਕੇ 'ਚ ਤੇਜ਼ੀ ਨਾਲ ਬਣਨੇ ਸ਼ੁਰੂ ਹੋਏ। ਕੁਝ 200 ਫੁੱਟ ਤੋਂ ਵੱਧ ਡੂੰਘੇ ਹਨ, ਅਗਸਤ 2025 ਵਿੱਚ ਕਰਮਨ ਪ੍ਰਾਂਤ ਦੇ ਸੁਦੁਰਾਗੀ ਪਿੰਡ 'ਚ ਇੱਕ 15-ਮੀਟਰ ਚੌੜਾ ਅਤੇ 5 ਮੀਟਰ ਡੂੰਘਾ ਓਬਰੂਕ ਬਣਿਆ।ਸਤੰਬਰ ਵਿੱਚ, ਕਰਾਪਿਨਾਰ ਵਿੱਚ ਇੱਕ 40 ਮੀਟਰ ਡੂੰਘਾ ਇਨੋਬਾ ਓਬਰੂਕ ਦੇਖਿਆ ਗਿਆ।ਤੁਰਕੀ ਜਲਵਾਯੂ ਪ੍ਰੀਵਰਤਨ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੈ।ਬਾਰਿਸ਼ ਘੱਟ ਰਹੀ ਹੈ ਅਤੇ ਗਰਮੀ ਵੱਧ ਰਹੀ ਹੈ।ਕੋਨੀਆ 'ਚ ਝੀਲਾਂ ਅਤੇ ਜਲ ਭੰਡਾਰ ਸੁੱਕ ਰਹੇ ਹਨ।ਕਿਸਾਨ ਅਨਾਜ, ਚੁਕੰਦਰ ਅਤੇ ਮੱਕੀ ਵਰਗੀਆਂ ਫਸਲਾਂ ਉਗਾਉਣ ਲਈ ਭੂਮੀਗਤ ਪਾਣੀ 'ਤੇ ਨਿਰਭਰ ਕਰਦੇ ਹਨ।ਹਜ਼ਾਰਾਂ ਕਾਨੂੰਨੀ ਅਤੇ ਗੈਰ-ਕਾਨੂੰਨੀ ਖੂਹ ਪੁੱਟੇ ਗਏ, ਜਿਸ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਤੇਜ਼ੀ ਨਾਲ ਗਿਰਾਵਟ ਆਈ।

ਨਾਸਾ ਅਨੁਸਾਰ, 2021 ਵਿੱਚ ਜਲ ਭੰਡਾਰ 15 ਸਾਲਾਂ 'ਚ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਸਨ।ਗੈਰ-ਕਾਨੂੰਨੀ ਖੂਹਾਂ ਨੂੰ ਰੋਕਣ ਲਈ ਯਤਨ ਜਾਰੀ ਹਨ। ਕੋਨਿਆ ਤੁਰਕੀ ਦਾ ਸਭ ਤੋਂ ਵੱਡਾ ਅਨਾਜ ਉਤਪਾਦਕ ਖੇਤਰ ਹੈ।36 ਫੀਸਦੀ ਕਣਕ ਅਤੇ 35 ਫੀਸਦੀ ਸ਼ੂਗਰ ਬੀਟ ਉਤਪਾਦਨ ਇੱਥੋਂ ਆਉਂਦਾ ਹੈ, ਪਰ ਹੁਣ ਖੇਤ ਬਰਬਾਦ ਹੋ ਰਹੇ ਹਨ ਕੁਝ ਕਿਸਾਨਾਂ ਨੇ ਕਮਜ਼ੋਰ ਇਲਾਕਿਆਂ ਨੂੰ ਛੱਡ ਦਿੱਤਾ ਹੈ।ਕਿਸਾਨਾਂ ਨੂੰ ਡਰ ਹੈ ਕਿ ਉਨ੍ਹਾਂ ਦੇ ਟਰੈਕਟਰ ਚਲਾਉਂਦੇ ਸਮੇਂ ਜ਼ਮੀਨ ਧਸ ਸਕਦੀ ਹੈ।ਬਹੁਤ ਸਾਰੇ ਖੇਤ ਦੋ ਜਾਂ ਤਿੰਨ ਓਬਰੂਕਾਂ ਨਾਲ ਪ੍ਰਭਾਵਿਤ ਹਨ।ਇਹ ਪਿੰਡਾਂ ਦੇ ਨੇੜੇ ਵੀ ਬਣ ਰਹੇ ਹਨ, ਜਿਸ ਨਾਲ ਘਰਾਂ ਅਤੇ ਪਸ਼ੂਆਂ ਨੂੰ ਖ਼ਤਰਾ ਹੈ।ਤੁਰਕੀਏ ਦੀ ਆਫ਼ਤ ਪ੍ਰਬੰਧਨ ਅਥਾਰਟੀ ਨੇ ਕੋਨੀਆ, ਕਰਮਨ ਅਤੇ ਅਕਸਰਾਏ ਵਿੱਚ 684 ਓਬਰੂਕਾਂ ਦੀ ਗਿਣਤੀ ਕੀਤੀ ਹੈ।ਸਰਕਾਰ ਅਤੇ ਕੋਨਿਆ ਟੈਕਨੀਕਲ ਯੂਨੀਵਰਸਿਟੀ ਜੋਖਮ ਨਕਸ਼ੇ ਬਣਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ।ਗੈਰ-ਕਾਨੂੰਨੀ ਖੂਹਾਂ 'ਤੇ ਕਾਰਵਾਈ ਕੀਤੀ ਗਈ ਹੈ ਅਤੇ ਨਿਗਰਾਨੀ ਵਧਾਈ ਗਈ ਹੈ, ਪਰ ਮਾਹਰਾਂ ਦਾ ਕਹਿਣਾ ਹੈ ਕਿ ਸਮੱਸਿਆ ਜਲਵਾਯੂ ਪ੍ਰੀਵਰਤਨ ਅਤੇ ਮਾੜੇ ਪਾਣੀ ਪ੍ਰਬੰਧਨ ਨੂੰ ਹੱਲ ਕੀਤੇ ਬਿਨਾਂ ਨਹੀਂ ਰੁਕੇਗੀ।ਜੇਕਰ ਹੋਰ ਮੀਂਹ ਨਹੀਂ ਪੈਂਦਾ ਤਾਂ ਹੋਰ ਓਬਰੂਕ ਬਣ ਜਾਣਗੇ।ਕੋਨੀਆ ਦਾ ਸੰਕਟ ਜਲਵਾਯੂ ਪ੍ਰੀਵਰਤਨ ਦੀ ਇੱਕ ਸਖ਼ਤ ਚੇਤਾਵਨੀ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਭੂਮੀਗਤ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਵਰਤੋਂ ਨੂੰ ਸਮਝਦਾਰੀ ਨਾਲ ਨਹੀਂ ਸੰਭਾਲਿਆ ਤਾਂ ਤੁਰਕੀ ਦਾ ਅਨਾਜ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।ਉਨ੍ਹਾਂ ਨੂੰ ਕੰਮ ਕਰਨਾ ਪਵੇਗਾ, ਨਹੀਂ ਤਾਂ ਪਰਵਾਰ ਭੁੱਖ ਨਾਲ ਮਰ ਜਾਵੇਗਾ, ਪਰ ਜ਼ਮੀਨ ਖ਼ੁੱਦ ਉਨ੍ਹਾਂ ਨੂੰ ਨਿਗਲਣ ਲਈ ਤਿਆਰ ਹੈ।



# ਦੁਨੀਆ ਦੀ ਸਿੱਧੀ ਸੜਕ


ਦੁਨੀਆ ਦੀ ਸਭ ਤੋਂ ਲੰਬੀ ਤੇ ਸਿੱਧੀ ਸੜਕ ਦੀ ਗੱਲ ਕਰੀਏ ਤਾਂ ਇਹ ਇੰਨੀ ਲੰਬੀ ਹੈ ਕਿ ਜੇਕਰ ਕੋਈ ਇੱਕ ਦਿਨ 'ਚ 500 ਕਿਲੋਮੀਟਰ ਦਾ ਸਫ਼ਰ ਵੀ ਕਰਦਾ ਹੈ ਤਾਂ ਇਸ ਨੂੰ ਪੂਰਾ ਕਰਨ 'ਚ ਦੋ ਮਹੀਨਿਆਂ ਤੋਂ ਵੱਧ ਸਮਾਂ ਲੱਗ ਜਾਵੇਗਾ।ਸਭ ਤੋਂ ਦਿਲਚਸਪ ਪਹਿਲੂ ਇਹ ਹੈ ਕਿ ਇਹ ਸੜਕ ਇੱਕ ਵੀ ਯੂ-ਟਰਨ ਲਏ ਬਿਨਾਂ 14 ਦੇਸ਼ਾਂ ਵਿੱਚੋਂ ਲੰਘਦੀ ਹੈ।ਇਸ ਸੜਕ ਨੂੰ ਪੈਨ-ਅਮੈਰੀਕਨ ਹਾਈਵੇ ਕਿਹਾ ਜਾਂਦਾ ਹੈ, ਜੋ ਕਿ ਅਲਾਸਕਾ ਦੇ ਪ੍ਰਧੋ ਬੇ ਤੋਂ ਸ਼ੁਰੂ ਹੁੰਦਾ ਹੈ। ਪੈਨ-ਅਮਰੀਕਨ ਹਾਈਵੇਅ ਇੱਕ ਨਿਰੰਤਰ ਸੜਕ ਹੈ ਜੋ ਮੈਕਸੀਕੋ, ਗੁਆਟੇਮਾਲਾ, ਐਲ ਸੈਲਵਾਡੋਰ, ਹੋਂਡੂਰਸ, ਨਿਕਾਰਾਗੁਆ, ਕੋਸਟਾ ਰੀਕਾ ਅਤੇ ਪਨਾਮਾ ਸਮੇਤ ਪ੍ਰਮੁੱਖ ਉੱਤਰੀ ਅਮਰੀਕੀ ਦੇਸ਼ਾਂ 'ਚੋਂ ਲੰਘਦੀ ਹੈ।ਇਹ ਕੋਲੰਬੀਆ, ਇਕਵਾਡੋਰ, ਪੇਰੂ, ਚਿਲੀ ਅਤੇ ਅਰਜਨਟੀਨਾ ਸਮੇਤ ਦੱਖਣੀ ਅਮਰੀਕੀ ਦੇਸ਼ਾਂ ਵਿੱਚੋਂ ਵੀ ਲੰਘਦੀ ਹੈ।ਇਸ ਹਾਈਵੇਅ ਨੇ ਕਈ ਰਿਕਾਰਡ ਬਣਾਏ ਹਨ।ਖਾਸ ਕਰਕੇ, ਪੈਨ-ਅਮਰੀਕਨ ਹਾਈਵੇ, ਗਿੰਨੀਜ਼ ਬੁੱਕ ਆਫ਼ ਰਿਕਾਰਡਜ਼ ਵਿੱਚ ਦੁਨੀਆ ਦੀ ਸਭ ਤੋਂ ਲੰਬੀ ਮੋਟਰੇਬਲ ਸੜਕ ਵਜੋਂ ਦਰਜ ਹੈ। ਸੰਯੁਕਤ ਰਾਜ, ਕੈਨੇਡਾ ਅਤੇ ਮੈਕਸੀਕੋ ਵਿੱਚ ਜਗ੍ਹਾ ਜ਼ਿਆਦਾ ਹੋਣ ਕਾਰਨ ਅਤੇ ਸੜਕ ਵਿਕਲਪਾਂ ਦੀ ਵਿਸ਼ਾਲ ਵਿਭਿੰਨਤਾ ਕਾਰਨ, ਇਸ ਹਾਈਵੇ ਦੇ ਕਈ ਵੱਖ-ਵੱਖ ਰਸਤੇ ਹਨ।ਸੰਘਣੇ ਜੰਗਲਾਂ ਤੋਂ ਲੈ ਕੇ ਸੁੱਕੇ ਮਾਰੂਥਲਾਂ ਤੱਕ, ਇਹ ਹਾਈਵੇਅ ਕਈ ਤਰ੍ਹਾਂ ਦੇ ਮੌਸਮ ਅਤੇ ਵਾਤਾਵਰਣ ਵਿੱਚੋਂ ਲੰਘਦਾ ਹੈ।ਦੁਨੀਆ ਦਾ ਸਭ ਤੋਂ ਲੰਬਾ ਹਾਈਵੇਅ ਹੋਣ ਦੇ ਨਾਲ-ਨਾਲ, ਇਹ ਦੁਨੀਆ ਦੀਆਂ ਸਭ ਤੋਂ ਮਸ਼ਹੂਰ ਸੜਕਾਂ ਵਿੱਚੋਂ ਇੱਕ ਹੈ। ਇਸ 'ਤੇ ਯਾਤਰਾ ਕਰਨ ਨਾਲ ਕਈ ਤਰ੍ਹਾਂ ਦੇ ਮੌਸਮ ਅਤੇ ਦ੍ਰਿਸ਼ ਦੇਖਣ ਨੂੰ ਮਿਲਦੇ ਹਨ।ਪੈਨ-ਅਮਰੀਕਨ ਹਾਈਵੇਅ ਨੂੰ ਪੂਰਾ ਕਰਨ 'ਚ ਆਮ ਤੌਰ 'ਤੇ 60 ਦਿਨ ਲੱਗਦੇ ਹਨ।ਹਾਲਾਂਕਿ, ਇਹ ਸਮਾਂ ਵਾਹਨ ਦੀ ਗਤੀ 'ਤੇ ਨਿਰਭਰ ਕਰਦਾ ਹੈ।ਉਦਾਹਰਣ ਵਜੋਂ, ਕਾਰਲੋਸ ਸੈਂਟਾਮਾਰੀਆ ਨਾਂਅ ਦੇ ਇੱਕ ਵਿਅਕਤੀ ਨੂੰ ਯਾਤਰਾ ਪੂਰੀ ਕਰਨ ਵਿੱਚ 117 ਦਿਨ ਲੱਗੇ।ਇਸ ਤੋਂ ਇਲਾਵਾ, ਇਸ ਹਾਈਵੇ ਦਾ ਜ਼ਿਆਦਾਤਰ ਰਸਤਾ ਸਪੈਨਿਸ਼ ਬੋਲਣ ਵਾਲੇ ਦੇਸ਼ਾਂ ਵਿੱਚੋਂ ਲੰਘਦਾ ਹੈ।ਇਸ ਹਾਈਵੇ 'ਤੇ ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਿਨਾਂ ਕਿਸੇ ਸਮੱਸਿਆ ਦੇ ਨੇਵੀਗੇਟ ਕਰਨ ਲਈ ਥੋੜ੍ਹੀ ਜਿਹੀ ਸਪੈਨਿਸ਼ ਸਿੱਖਣ।ਪੈਨ-ਅਮਰੀਕਨ ਹਾਈਵੇਅ ਦਾ ਨਿਰਮਾਣ 1920 ਦੇ ਦਹਾਕੇ ਦੇ ਸ਼ੁਰੂ ਵਿੱਚ ਅਮਰੀਕਾ ਵਿੱਚ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਦੇ ਟੀਚੇ ਨਾਲ ਸ਼ੁਰੂ ਹੋਇਆ ਸੀ।ਸੜਕ ਦੇ ਨਿਰਮਾਣ ਅਤੇ ਰੱਖ-ਰਖਾਅ ਸੰਬੰਧੀ 14 ਦੇਸ਼ਾਂ ਵਿਚਕਾਰ 1937 ਦੇ ਸਮਝੌਤੇ ਤੋਂ ਬਾਅਦ, ਇਸ ਨੂੰ 1960 ਵਿੱਚ ਜਨਤਾ ਲਈ ਖੋਲ੍ਹ ਦਿੱਤਾ ਗਿਆ ਸੀ।



# ਧਰਤੀ 'ਤੇ ਸਭ ਤੋਂ ਠੰਢੀ ਜਗ੍ਹਾ



ਪੂਰਬੀ ਅੰਟਾਰਕਟਿਕ ਪਠਾਰ ਦੁਨੀਆ ਦੀ ਸਭ ਤੋਂ ਠੰਢੀ ਜਗ੍ਹਾਂ ਵਿੱਚੋਂ ਇੱਕ ਹੈ। ਇੱਥੇ ਉੱਚੀ ਪਹਾੜੀ, ਜਿਸਨੂੰ ਰਿਜ ਏ ਵਜੋਂ ਜਾਣਿਆ ਜਾਂਦਾ ਹੈ, ਡੋਮ ਆਰਗਸ ਅਤੇ ਡੋਮ ਫੂਜੀ ਦੇ ਵਿਚਕਾਰ ਸਥਿਤ ਹੈ।ਧਰਤੀ 'ਤੇ ਹੁਣ ਤੱਕ ਦਾ ਸਭ ਤੋਂ ਠੰਡਾ ਕੁਦਰਤੀ ਤਾਪਮਾਨ ਕਿਸੇ ਖੋਜ ਸਟੇਸ਼ਨ 'ਤੇ ਨਹੀਂ, ਸਗੋਂ ਪੂਰਬੀ ਅੰਟਾਰਕਟਿਕ ਪਠਾਰ 'ਤੇ ਸੈਟੇਲਾਈਟ ਸੈਂਸਰਾਂ ਦੁਆਰਾ ਰਿਕਾਰਡ ਕੀਤਾ ਗਿਆ ਸੀ।ਇਹ ਜਗ੍ਹਾ ਸਮੁੰਦਰ ਤਲ ਤੋਂ ਲਗਭਗ 3900 ਤੋਂ 4093 ਮੀਟਰ ਦੀ ਉਚਾਈ 'ਤੇ ਹੈ। ਇਹ ਖੇਤਰ, ਜਿਸ ਨੂੰ ਡੋਮ ਆਰਗਸ ਜਾਂ ਰਿਜ ਏ ਵਜੋਂ ਜਾਣਿਆ ਜਾਂਦਾ ਹੈ, ਬਹੁਤ ਹੀ ਅਲੱਗ-ਥਲੱਗ ਹੈ। ਸੈਟੇਲਾਈਟ ਡੇਟਾ ਦਾ ਵਿਸ਼ਲੇਸ਼ਣ ਕਰਨ ਵਾਲੇ ਵਿਗਿਆਨੀਆਂ ਨੇ ਪਾਇਆ ਕਿ ਆਦਰਸ਼ ਸਰਦੀਆਂ ਦੀਆਂ ਸਥਿਤੀਆਂ ਵਿੱਚ, ਰਿਜ ਏ 'ਤੇ ਸਤ੍ਹਾ ਦਾ ਤਾਪਮਾਨ -93.2 ਸੈਲੇਸੀਅਸ ਤੱਕ ਡਿੱਗ ਸਕਦਾ ਹੈ। ਸਾਫ਼, ਸੁੱਕੀਆਂ ਸਥਿਤੀਆਂ ਵਿੱਚ ਇਹ -98.3 ਸੈਲੇਸੀਅਸ ਤੱਕ ਡਿੱਗਣ ਦਾ ਅਨੁਮਾਨ ਲਗਾਇਆ ਗਿਆ ਸੀ। ਸੈਟੇਲਾਈਟ ਸਕ੍ਰੀਨਾਂ 'ਤੇ ਤਾਪਮਾਨ ਨੂੰ ਮਾਪਦੇ ਹਨ, ਇਸ ਲਈ ਇਸ ਨੂੰ ਹੁਣ ਅਧਿਕਾਰਤ ਰਿਕਾਰਡ ਨਹੀਂ ਮੰਨਿਆ ਜਾਂਦਾ ਹੈ।ਵਿਸ਼ਵ ਮੌਸਮ ਵਿਗਿਆਨ ਸੰਗਠਨ ਧਰਤੀ 'ਤੇ ਹੁਣ ਤੱਕ ਦੇ ਸਭ ਤੋਂ ਠੰਡੇ ਤਾਪਮਾਨ ਨੂੰ -89.2 ਸੈਲੇਸੀਅਸ ਮੰਨਦਾ ਹੈ, ਜੋ ਕਿ 1983 ਵਿੱਚ ਅੰਟਾਰਕਟਿਕਾ ਦੇ ਵੋਸਟੋਕ ਰਿਸਰਚ ਸਟੇਸ਼ਨ 'ਤੇ ਰਿਕਾਰਡ ਕੀਤਾ ਗਿਆ ਸੀ।4,000 ਮੀਟਰ ਤੋਂ ਉੱਪਰ ਦੀ ਉਚਾਈ 'ਤੇ ਹਵਾ ਪਤਲੀ ਅਤੇ ਖੁਸ਼ਕ ਹੈ।ਇਸ ਦਾ ਮਤਲਬ ਹੈ ਕਿ ਇਹ ਗਰਮੀ ਨੂੰ ਬਰਕਰਾਰ ਨਹੀਂ ਰੱਖ ਸਕਦੀ।ਕੋਈ ਵੀ ਗਰਮੀ ਤੇਜ਼ੀ ਨਾਲ ਪੁਲਾੜ ਵਿੱਚ ਖਿੰਡ ਜਾਂਦੀ ਹੈ, ਜਿਸ ਕਾਰਨ ਤਾਪਮਾਨ ਡਿੱਗ ਜਾਂਦਾ ਹੈ।ਇਸ ਤੋਂ ਇਲਾਵਾ, ਪੂਰਬੀ ਅੰਟਾਰਕਟਿਕਾ ਦਾ ਅੰਦਰੂਨੀ ਹਿੱਸਾ ਸਰਦੀਆਂ ਦੌਰਾਨ ਲੰਬੇ ਸਮੇਂ ਲਈ ਬੱਦਲ ਰਹਿਤ ਰਹਿੰਦਾ ਹੈ।ਬੱਦਲਾਂ ਤੋਂ ਬਿਨਾਂ ਜੋ ਗਰਮੀ ਨੂੰ ਸਤ੍ਹਾ 'ਤੇ ਵਾਪਸ ਪ੍ਰਤੀਬਿੰਬਤ ਕਰਦੇ ਹਨ, ਧਰਤੀ ਦੀ ਗਰਮੀ ਵਾਯੂਮੰਡਲ ਵਿੱਚ ਅਲੋਪ ਹੋ ਜਾਂਦੀ ਹੈ।ਸਿਰਫ਼ ਇਹ ਹੀ ਨਹੀਂ, ਪਰ ਇਸ ਖੇਤਰ ਵਿੱਚ ਲਗਭਗ ਕੋਈ ਹਵਾ ਨਹੀਂ ਹੈ।ਸ਼ਾਂਤ ਹਵਾ ਸੰਘਣੀ, ਠੰਡੀ ਹਵਾ ਨੂੰ ਜੰਮਣ ਦਿੰਦੀ ਹੈ ਅਤੇ ਖੋਖਲੇ ਦਬਾਅ ਵਿੱਚ ਫਸ ਜਾਂਦੀ ਹੈ, ਜਿਸ ਨਾਲ ਇਹ ਬਹੁਤ ਠੰਡਾ ਹੋ ਜਾਂਦਾ ਹੈ।ਇਸ ਤੋਂ ਇਲਾਵਾ, ਇਸ ਦੀ ਬਰਫੀਲੀ ਦਿੱਖ ਦੇ ਉਲਟ, ਇਹ ਖੇਤਰ ਧਰਤੀ ਦੇ ਸਭ ਤੋਂ ਸੁੱਕੇ ਮਾਰੂਥਲਾਂ ਵਿੱਚੋਂ ਇੱਕ ਹੈ।ਹਰ ਸਾਲ ਇੱਥੇ ਸਿਰਫ਼ ਇੱਕ ਤੋਂ ਤਿੰਨ ਸੈਂਟੀਮੀਟਰ ਬਰਫ਼ਬਾਰੀ ਹੁੰਦੀ ਹੈ।ਸੁੱਕੀ ਹਵਾ ਇਨਸੂਲੇਸ਼ਨ ਦਾ ਕੰਮ ਕਰਦੀ ਹੈ ਅਤੇ ਰੇਡੀਏਟਿਵ ਕੂਲਿੰਗ ਨੂੰ ਤੇਜ਼ ਕਰਦੀ ਹੈ।




# ਭਾਰਤ 'ਚ ਸਰਦੀਆਂ ਦੇ ਮਹਿਮਾਨ ਪੰਛੀ



## ਰੱਫ

ਇੱਕ ਆਰਕਟਿਕ ਪੰਛੀ ਹੈ ਜੋ ਸਰਦੀਆਂ ਦੌਰਾਨ ਭੋਜਨ ਦੀ ਤਲਾਸ਼ ਵਿੱਚ ਭਾਰਤ ਵੱਲ ਪਰਵਾਸ ਕਰਦਾ ਹੈ।ਇਹਨਾਂ ਨੂੰ ਬਰਖੇੜਾ ਝੀਲ, ਸੁਖ ਸਾਗਰ ਝੀਲ ਅਤੇ ਕਰਨਾਲਾ ਪੰਛੀ ਸੈਂਚੁਰੀ ਵਿੱਚ ਦੇਖਿਆ ਜਾ ਸਕਦਾ ਹੈ।




## ਬਾਰ-ਹੈੱਡਡ ਹੰਸ

ਬਾਰ-ਹੈੱਡਡ ਹੰਸ ਭਾਰਤ 'ਚ ਸਿਰਫ਼ ਸਰਦੀਆਂ ਦੇ ਮੌਸਮ ਵਿੱਚ ਹੀ ਦਿਖਾਈ ਦਿੰਦੇ ਹਨ।ਇਹ ਮੱਧ ਏਸ਼ੀਆ ਤੋਂ ਉੱਚੇ ਹਿਮਾਲਿਆ ਪਹਾੜਾਂ ਨੂੰ ਪਾਰ ਕਰਕੇ ਭਰਤਪੁਰ ਪੰਛੀ ਸੈਂਚੁਰੀ ਵਿੱਚ ਦਾਖ਼ਲ ਹੁੰਦੇ ਹਨ, ਇਨ੍ਹਾਂ 'ਚ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਵਿੱਚ ਪੌਂਗ ਡੈਮ ਝੀਲ ਅਤੇ ਓਡੀਸ਼ਾ 'ਚ ਚਿਲਕਾ ਝੀਲ ਸ਼ਾਮਲ ਹਨ।



## ਬਲੂਥਰੋਟ

ਬਲੂਥਰੋਟ ਇੱਕ ਛੋਟਾ ਅਤੇ ਸੁੰਦਰ ਪੰਛੀ ਹੈ।ਇਹ ਸਰਦੀਆਂ ਦੌਰਾਨ ਯੂਰਪ ਅਤੇ ਅਲਾਸਕਾ ਤੋਂ ਰਾਜਸਥਾਨ, ਭਾਰਤ ਵੱਲ ਪਰਵਾਸ ਕਰਦਾ ਹੈ।



## ਰੋਜ਼ੀ ਪੈਲੀਕਨ

ਰੋਜ਼ੀ ਪੈਲੀਕਨ ਆਪਣੇ ਵੱਡੇ ਖੰਭਾਂ ਅਤੇ ਚੁੰਝਾਂ ਲਈ ਜਾਣੇ ਜਾਂਦੇ ਹਨ।ਇਹ ਭਾਰਤ ਵਿੱਚ ਸਰਦੀਆਂ ਦੇ ਮੌਸਮ ਦੌਰਾਨ ਰਾਜਸਥਾਨ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਦੇਖੇ ਜਾਂਦੇ ਹਨ।




## ਸਪਾਟਿਡ ਰੈੱਡਸ਼ੇਕ

ਸਕੈਂਡੇਨੇਵੀਆ (ਉੱਤਰੀ ਯੂਰਪ ਦੇ ਹਿੱਸੇ) ਵਿੱਚ ਪਾਇਆ ਜਾਣ ਵਾਲਾ, ਸਪਾਟਿਡ ਰੈੱਡਸ਼ੇਕ ਮਾਨਸੂਨ ਦੇ ਮੌਸਮ ਤੋਂ ਬਾਅਦ ਭਾਰਤ ਵਿੱਚ ਵੀ ਪ੍ਰਵਾਸ ਕਰਦਾ ਹੈ।ਇਹ ਹਰਿਆਣਾ ਵਿੱਚ ਦੇਖੇ ਜਾਂਦੇ ਹਨ।


## ਗੈਡਵਾਲ

ਗੈਡਵਾਲ ਯੂਰਪ ਅਤੇ ਉੱਤਰੀ ਅਮਰੀਕਾ ਵਿੱਚ ਪਾਏ ਜਾਂਦੇ ਹਨ ਅਤੇ ਸਰਦੀਆਂ ਦੌਰਾਨ ਭਾਰਤ ਵਿੱਚ ਪ੍ਰਵਾਸ ਕਰਦੇ ਹਨ। ਇਨ੍ਹਾਂ ਨੂੰ ਭੋਪਾਲ ਅਤੇ ਚਿਲਕਾ ਝੀਲ ਵਿੱਚ ਦੇਖਿਆ ਜਾ ਸਕਦਾ ਹੈ।




## ਉੱਤਰੀ ਸ਼ੋਵੇਲਰ

ਯੂਰਪ ਅਤੇ ਉੱਤਰੀ ਏਸ਼ੀਆ ਦਾ ਰਹਿਣ ਵਾਲੇ ਉੱਤਰੀ ਸ਼ੋਵੇਲਰ ਹਿਮਾਲਿਆ ਨੂੰ ਪਾਰ ਕਰਦਾ ਹੈ ਅਤੇ ਸਰਦੀਆਂ ਦੇ ਮੌਸਮ ਵਿੱਚ ਭਾਰਤ ਆਉਂਦਾ ਹੈ।



## ਕਾਲੀ ਪੂਛ ਵਾਲਾ ਗੌਡਵਿਟ

ਕਾਲੀ ਪੂਛ ਵਾਲਾ ਗੌਡਵਿਟ ਸਰਦੀਆਂ ਦੇ ਮੌਸਮ ਵਿੱਚ ਭਾਰਤ ਆਉਂਦਾ ਹੈ।ਇਹ ਵੀਰਾਨਮ ਝੀਲ, ਚਿਲਕਾ ਝੀਲ ਅਤੇ ਭੀਤਰਕਨਿਕਾ ਜੰਗਲੀ ਜੀਵ ਸੈਂਚੂਰੀ ਵਿੱਚ ਦੇਖੇ ਜਾਂਦੇ ਹਨ।



## ਗ੍ਰੇਟਰ ਫਲੇਮਿੰਗੋ

ਗ੍ਰੇਟਰ ਫਲੇਮਿੰਗੋ ਗੁਜਰਾਤ ਦੇ ਕੱਛ ਦੇ ਰਣ ਵਿੱਚ ਆਲ੍ਹਣੇ ਬਣਾਉਣ ਲਈ ਮਸ਼ਹੂਰ ਹਨ।ਇਹ ਵੀ ਸਰਦੀਆਂ ਦੇ ਮੌਸਮ ਦੌਰਾਨ ਭਾਰਤ ਆਉਂਦੇ ਹਨ।ਹਾਲਾਂਕਿ, 2011 ਤੋਂ ਬਾਅਦ ਇਨ੍ਹਾਂ ਦਾ ਅਚਾਨਕ ਆਉਣਾ ਕਾਫ਼ੀ ਘੱਟ ਗਿਆ ਹੈ।

